@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 1 November 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਐਤਵਾਰ 1 ਨਵੰਬਰ 2026, 18 ਕੱਤਕੁ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 359, qpatrika@gmail.com ਫੋਨ : 9971359517 www.qaumipatrika.org

ਵਿਧਾਨ ਸਭਾ 'ਚ ਪਾਣੀਆਂ ਦੇ ਮੁੱਦੇ 'ਤੇ ਮੁੱਖ ਮੰਤਰੀ ਮਾਨ ਦਾ ਵੱਡਾ ਬਿਆਨ, ਕਰਤਾਰਪੁਰ ਲਾਂਘੇ ਬਾਰੇ ਵੀ ਕੀਤੀ ਗੱਲ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਚੰਡੀਗੜ੍ਹ 31 ਅਕਤੂਬਰ। ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਣੀਆਂ ਦੇ ਮੁੱਦੇ ਨੂੰ ਬਹੁਤ ਗੰਭੀਰ ਮੁੱਦਾ ਦੱਸਿਆ ਹੈ। ਉਨ੍ਹਾਂ ਨੇ ਸਦਨ 'ਚ ਬੋਲਦਿਆਂ ਕਿਹਾ ਕਿ ਪੰਜਾਬ ਹਮੇਸ਼ਾ ਖੇਡਾਂ 'ਚ ਮੋਹਰੀ ਰਿਹਾ ਹੈ। ਜਦੋਂ ਤੋਂ ਪੰਜਾਬ ਬਣਿਆ ਹੈ, ਪਹਿਲੀ ਵਾਰ ਪੰਜਾਬ ਦੇ ਖਿਡਾਰੀ ਇੰਟਰਨੈਸ਼ਨਲ ਟੂਰਨਾਮੈਂਟ ਆਪਣੇ ਪੁੱਤ-ਭਤੀਜਿਆਂ ਦੇ ਸਾਹਮਣੇ ਖੇਡਣ ਲੱਗੇ ਹਨ ਅਤੇ ਪੰਜਾਬ ਦੇ ਖਿਡਾਰੀਆਂ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਪਾਣੀਆਂ ਦੇ ਮੁੱਦੇ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ 77-78 ਫ਼ੀਸਦੀ ਪੰਜਾਬ ਦੀਆਂ ਨਹਿਰਾਂ ਦਾ ਪਾਣੀ ਅੱਗੇ ਲੰਘ ਜਾਂਦਾ ਸੀ ਅਤੇ ਅਸੀਂ 14,000 ਕਿਲੋਮੀਟਰ ਪਾਈਪਲਾਈਨਾਂ ਸੂਬੇ 'ਚ ਵਿਛਾ ਦਿੱਤੀਆਂ। ਅੱਜ ਅਸੀਂ ਮੋਘੇ ਚਲਾ ਲਏ ਅਤੇ ਨਹਿਰਾਂ ਦਾ ਪਾਣੀ ਬਾਹਰ ਜਾਣੋਂ ਬਚਾ ਲਿਆ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮਾਮਲੇ 'ਚ ਪੰਜਾਬ ਦੀ ਤਾਰੀਫ਼ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਵੀ ਆਪਣੀ ਰਿਪੋਰਟ 'ਚ ਕਹਿ ਦਿੱਤਾ ਹੈ ਕਿ ਪੰਜਾਬ 'ਚ ਹੁਣ ਧਰਤੀ ਹੇਠਲਾ ਪਾਣੀ ਘੱਟ ਵਰਤਿਆ ਜਾ ਰਿਹਾ ਹੈ ਅਤੇ ਸਾਡੇ ਡਾਰਕ ਜ਼ੋਨ ਸੇਫ ਜ਼ੋਨ 'ਚ ਆਉਣ ਲੱਗ ਪਏ ਹਨ ਅਤੇ ਇਕ ਤੋਂ 5 ਮੀਟਰ ਤੱਕ ਪਾਣੀ ਦਾ ਪੱਧਰ ਉੱਪਰ ਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਕੰਮ ਲੋਕਾਂ ਦਾ ਜੀਵਨ ਪੱਧਰ ਉੱਪਰ ਪਹੁੰਚਾਉਣਾ ਹੁੰਦਾ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸਾਨੂੰ ਧਰਤੀ ਹੇਠਲਾ ਪਾਣੀ ਸੰਭਾਲਣਾ ਪਵੇਗਾ। ਉਨ੍ਹਾਂ ਕਿਹਾ ਕਿ 60 ਲੱਖ, 80 ਹਜ਼ਾਰ ਏਕੜ ਜ਼ਮੀਨ ਨੂੰ ਸਿੰਚਾਈ ਵਾਲਾ ਪਾਣੀ ਮਿਲਣ ਲੱਗ ਗਿਆ ਹੈ। ਉਨ੍ਹਾਂ ਕਿਹਾ ਕਿ ਕਦੇ ਬੀ. ਬੀ. ਐੱਮ. ਵਾਲੇ ਅਤੇ ਕਦੇ ਰਾਜਸਥਾਨ ਵਾਲੇ ਪਾਣੀ ਦਾ ਪੰਗਾ ਪਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਆਪਣੇ ਹੱਕ ਦੀ ਇਕ-ਇਕ ਬੂੰਦ ਆਪਣੇ ਕੋਲ ਰੱਖੇਗਾ। ਜੇਕਰ ਇਸ ਵਾਸਤੇ ਸਾਨੂੰ ਲੜਨਾ ਵੀ ਪਿਆ ਤਾਂ ਹਰ ਤਰ੍ਹਾਂ ਦੀ ਲੜਾਈ ਲੜਾਂਗੇ। ਉਨ੍ਹਾਂ ਨੇ ਕਰਤਾਰਪੁਰ ਲਾਂਘੇ ਬਾਰੇ ਬੋਲਦਿਆਂ ਕਿਹਾ ਕਿ ਕਰਤਾਰਪੁਰ ਲਾਂਘਾ ਫਿਰ ਖੁੱਲ੍ਹਣਾ ਚਾਹੀਦਾ ਹੈ। ਸਾਨੂੰ ਸਾਡੇ ਗੁਰੂ ਦੇ ਦਰਸ਼ਨ ਕਿਉਂ ਨਹੀਂ ਹੋ ਸਕਦੇ। ਇਸ ਲਈ ਅਸੀਂ ਕੇਂਦਰ ਸਰਕਾਰ ਨੂੰ ਕਈ ਵਾਰ ਅਪੀਲ ਕੀਤੀ ਹੈ। ਅਸੀਂ ਇਨ੍ਹਾਂ ਗੁਰੂਧਾਮਾਂ ਦੇ ਦਰਸ਼ਨ-ਦੀਦਾਰ ਲਈ ਅਰਦਾਸ ਕਰਦੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਸਕੀਮਾਂ ਲੋਕ ਪੱਖੀ ਹਨ। ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ 1000-1500 ਰੁਪਏ ਨਾਲ ਕੋਈ ਔਰਤਾਂ ਨੇ ਅਮੀਰ ਨਹੀਂ ਹੋ ਜਾਣਾ ਪਰ ਸਿਰਫ ਉਨ੍ਹਾਂ ਦਾ ਮਾਣ-ਸਤਿਕਾਰ ਹੈ ਕਿ ਇਹ ਸਾਡੇ ਪੈਸੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੀਮਾਂ ਨੂੰ ਲੈ ਕੇ ਵੀ ਵਿਰੋਧੀ ਧਿਰ ਸਵਾਲ ਚੁੱਕੀ ਜਾ ਰਹੇ ਹਨ ਅਤੇ ਸਾਡੇ ਖ਼?ਲਾਫ਼ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਪਾਜ਼ੇਟਿਵਿਟੀ ਨਾਲ ਹੀ ਚੋਣਾਂ ਲੜਨੀਆਂ ਹਨ ਅਤੇ ਨੁਕਤਾਚੀਨੀ ਵਾਲੀ ਸਿਆਸਤ ਨਹੀਂ ਕਰਨੀ।

'ਆਪ੍ਰੇਸ਼ਨ ਸਿੰਧੂਰ' ਨੇ ਹਵਾਈ ਫੌਜ ਦੀ ਸਮਰੱਥਾ ਨੂੰ ਕੀਤਾ ਸਾਬਤ : ਏਅਰ ਚੀਫ ਮਾਰਸ਼ਲ ਏ. ਪੀ. ਸਿੰਘ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 31 ਅਕਤੂਬਰ। ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਏ. ਪੀ. ਸਿੰਘ ਨੇ ਕਿਹਾ ਹੈ ਕਿ 'ਆਪ੍ਰੇਸ਼ਨ ਸਿੰਧੂਰ' ਦੌਰਾਨ ਪੱਛਮੀ ਮੋਰਚੇ 'ਤੇ 1200 ਕਿਲੋਮੀਟਰ ਦੇ ਖੇਤਰ ਅਤੇ 200 ਕਿਲੋਮੀਟਰ ਅੰਦਰ ਤੱਕ ਭਾਰਤੀ ਹਵਾਈ ਫੌਜ ਦੇ ਸਟੀਕ ਹਮਲੇ ਨੇ ਸਾਬਤ ਕਰ ਦਿੱਤਾ ਕਿ ਕੋਈ ਵੀ ਨਿਸ਼ਾਨਾ ਇਸ ਦੀ ਪਹੁੰਚ ਤੋਂ ਦੂਰ ਨਹੀਂ ਹੈ। ਏਅਰ ਫੋਰਸ ਮੁਖੀ ਦੀਆਂ ਟਿੱਪਣੀਆਂ ਨੂੰ ਪਾਕਿਸਤਾਨ ਲਈ ਚਿਤਾਵਨੀ ਵਜੋਂ ਵੇਖਿਆ ਜਾ ਰਿਹਾ ਹੈ। ਇਕ ਵਿਸ਼ੇਸ਼ ਇੰਟਰਵਿਊ 'ਚ ਏ. ਪੀ. ਸਿੰਘ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਧੂਰ' ਨੇ ਹਵਾਈ ਫੌਜ ਦੇ ਸਮਰੱਥਾ-ਕੇਂਦ੍ਰਿਤ ਦ੍ਰਿਸ਼ਟੀਕੋਣ ਨੂੰ ਪ੍ਰਮਾਣਿਤ ਕੀਤਾ ਹੈ। ਇਸ ਕਾਰਜ ਨੇ ਇਕ ਵਾਰ ਫਿਰ ਕਿਸੇ ਵੀ ਸੰਕਟ 'ਚ ਪਹਿਲੀ ਜਵਾਬੀ ਫੋਰਸ ਵਜੋਂ ਹਵਾਈ ਫੌਜ ਦੀ ਫੈਸਲਾਕੁੰਨ ਭੂਮਿਕਾ ਤੇ ਦੁਸ਼ਮਣ ਨੂੰ ਹਮਲਾ ਕਰਨ ਤੋਂ ਰੋਕਣ ਲਈ ਇਸ ਦੀ ਪ੍ਰਭਾਵਸ਼ਾਲੀ ਫੌਜੀ ਸਮਰੱਥਾ ਦੀ ਪੁਸ਼ਟੀ ਕੀਤੀ ਹੈ। ਹਵਾਈ ਫੌਜ ਦੇ ਮੁਖੀ ਨੇ ਚਿਤਾਵਨੀ ਦਿੱਤੀ ਕਿ ਇਸ ਦ੍ਰਿਸ਼ਟੀਕੋਣ ਦੀ ਪ੍ਰਮਾਣਿਕਤਾ ਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਇੱਥੇ ਹੀ ਰੁਕਣਾ ਚਾਹੀਦਾ ਹੈ।

ਈ. ਸੀ. ਆਈ. ਨੈੱਟ ਸਾਫਟਵੇਅਰ ਬਾਰੇ ਜਾਣਕਾਰੀ ਲੁਕਾ ਰਿਹੈ ਚੋਣ ਕਮਿਸ਼ਨ : ਜੈਰਾਮ ਰਮੇਸ਼

ਕੌਮੀ ਪਤ੍ਰਿਕਾ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ, 31 ਅਕਤੂਬਰ। ਕਾਂਗਰਸ ਨੇ ਚੋਣ ਕਮਿਸ਼ਨ 'ਤੇ ਵਿਵਾਦਤ ਈ. ਸੀ. ਆਈ. ਨੈੱਟ ਸਾਫਟਵੇਅਰ ਨਾਲ ਜੁੜੀ ਜਾਣਕਾਰੀ ਲੁਕਾਉਣ ਦਾ ਦੋਸ਼ ਲਾਇਆ ਅਤੇ ਦਾਅਵਾ ਕੀਤਾ ਕਿ ਉਹ ਵਾਰ-ਵਾਰ ਇਹ ਜਾਣਕਾਰੀ ਦੇਣ ਤੋਂ ਇਨਕਾਰ ਕਰ ਰਿਹਾ ਹੈ, ਕਿਉਂਕਿ ਇਸ ਨਾਲ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘਾਈ ਨਾਲ ਸਮੀਖਿਆ (ਐੱਸ. ਆਈ. ਆਰ.) 'ਚ ਵੱਡੇ ਪੱਧਰ 'ਤੇ ਹੋਈ ਗੜਬੜੀ ਦੀ ਸੱਚਾਈ ਸਾਹਮਣੇ ਆ ਜਾਵੇਗੀ। ਕਾਂਗਰਸ ਨੇ ਇਸ ਪ੍ਰਕਿਰਿਆ ਨੂੰ ਵਿਨਾਸ਼ਕਾਰੀ ਦੱਸਿਆ। ਵਿਰੋਧੀ ਧਿਰ ਨੇ ਇਕ ਵਾਰ ਫਿਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਅਤੇ ਐੱਸ. ਆਈ. ਆਰ. ਦੀ ਪ੍ਰਕਿਰਿਆ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ। ਕਾਂਗਰਸ ਜਨਰਲ ਸਕੱਤਰ ਅਤੇ ਸੰਚਾਰ ਇੰਚਾਰਜ ਜੈਰਾਮ ਰਮੇਸ਼ ਨੇ ਮੀਡੀਆ 'ਚ ਆਈ ਇਕ ਖਬਰ ਸਾਂਝੀ ਕੀਤੀ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਚੋਣ ਕਮਿਸ਼ਨ (ਈ. ਸੀ. ਆਈ.) ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਐੱਸ. ਆਈ. ਆਰ. ਦੌਰਾਨ ਵੋਟਰ ਸੂਚੀਆਂ 'ਚ ਗਲਤੀਆਂ ਤੇ ਗੜਬੜੀਆਂ ਦੀ ਪਛਾਣ ਕਰਨ ਲਈ ਕਿਸ ਸਾਫਟਵੇਅਰ ਅਤੇ ਉਸ ਦੇ ਕਿਸ ਐਡੀਸ਼ਨ ਦੀ ਵਰਤੋਂ ਕੀਤੀ ਗਈ ਸੀ। ਖਬਰ ਮੁਤਾਬਕ ਕਮਿਸ਼ਨ ਨੇ ਕਿਹਾ ਕਿ ਇਹ ਜਾਣਕਾਰੀ ਗੁਪਤਤਾ ਨਾਲ ਜੁੜੀ ਹੈ, ਇਸ ਲਈ ਇਸ ਨੂੰ ਸੂਚਨਾ ਦਾ ਅਧਿਕਾਰ (ਆਰ. ਟੀ. ਆਈ.) ਕਾਨੂੰਨ ਹੇਠ ਸਾਂਝਾ ਕਰਨ ਤੋਂ ਛੋਟ ਪ੍ਰਾਪਤ ਹੈ। ਰਮੇਸ਼ ਅਨੁਸਾਰ, ਇਹ ਸਾਫਟਵੇਅਰ ਵਿਨਾਸ਼ਕਾਰੀ ਐੱਸ. ਆਈ. ਆਰ. ਪ੍ਰਕਿਰਿਆ ਦਾ ਅਹਿਮ ਹਿੱਸਾ ਹੈ ਅਤੇ ਇਸ ਦੀ ਵਰਤੋਂ ਵੋਟਰ ਸੂਚੀਆਂ 'ਚ ਕੇਂਦਰੀਕ੍ਰਿਤ ਢੰਗ ਨਾਲ ਗੜਬੜੀ ਕਰਨ ਲਈ ਕੀਤੀ ਗਈ ਹੈ। ਨਵੀਂ ਦਿੱਲੀ : ਜੈਰਾਮ ਰਮੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਅਯੁੱਧਿਆ ਦੇ ਰਾਮ ਮੰਦਰ 'ਚ ਚੰਦਾ ਚੋਰੀ ਕਰਨ ਵਾਲਿਆਂ ਦੇ 'ਪਾਪਾਂ 'ਤੇ ਪਰਦਾ ਪਾਉਣ' ਦਾ ਦੋਸ਼ ਲਾਉਂਦਿਆਂ ਐਤਵਾਰ ਨੂੰ ਕਿਹਾ ਕਿ ਇਸ ਮਾਮਲੇ ਦੀ ਵਿਆਪਕ ਜਾਂਚ ਸ਼ੁਰੂ ਕਰਾਉਣ ਦੀ ਬਜਾਏ ਇਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਂਗਰਸ ਨੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਤੋਂ ਚੁੱਪੀ ਤੋੜਨ ਦੀ ਮੰਗ ਵੀ ਕੀਤੀ। ਰਮੇਸ਼ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਚੁੱਪ ਰਹਿ ਕੇ ਕਿਸੇ ਹੋਰ ਮਾਮਲੇ ਦੀ ਆੜ ਲੈ ਕੇ ਦੇਸ਼ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਜਾਣ ਲੈਣ ਕਿ ਕਾਂਗਰਸ ਇਸ ਪੂਰੇ ਮਾਮਲੇ 'ਤੇ ਸੱਚਾਈ ਸਾਹਮਣੇ ਲਿਆ ਕੇ ਹੀ ਰਹੇਗੀ। ਰਮੇਸ਼ ਨੇ ਕਿਹਾ, "ਚੰਦੇ ਅਤੇ ਚੜ੍ਹਾਵੇ ਦੀ ਚੋਰੀ ਵਰਗਾ ਮਹਾਪਾਪ ਕਰਨ ਵਾਲਿਆਂ ਨੂੰ ਯਕੀਨੀ ਤੌਰ 'ਤੇ ਜਵਾਬਦੇਹ ਠਹਿਰਾਇਆ ਜਾਵੇਗਾ ਅਤੇ ਸੰਵਿਧਾਨ ਅਨੁਸਾਰ ਸਜ਼ਾ ਦਿਵਾਈ ਜਾਵੇਗੀ।"

ਰਾਸ਼ਟਰਪਤੀ ਮੁਰਮੂ ਨੇ ਨਾਸਿਕ-ਤ੍ਰਿੰਬਕੇਸ਼ਵਰ ਸਿੰਘਹਸਥ ਕੁੰਭ ਮੇਲੇ ਦੀ ਸ਼ੁਰੂਆਤ ਲਈ ਲਹਿਰਾਇਆ ਝੰਡਾ

ਨਾਸਿਕ 31 ਅਕਤੂਬਰ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸ਼ਨੀਵਾਰ ਨੂੰ ਨਾਸਿਕ-ਤ੍ਰਿੰਬਕੇਸ਼ਵਰ ਸਿੰਘਹਸਥ ਕੁੰਭ ਮੇਲੇ ਦੀ ਸ਼ੁਰੂਆਤ ਲਈ ਝੰਡਾ ਲਹਿਰਾਇਆ। ਰਾਸ਼ਟਰਪਤੀ ਨੇ ਮਹਾਰਾਸ਼ਟਰ ਦੇ ਰਾਜਪਾਲ ਜਿਸ਼ਣੁਦੇਵ ਵਰਮਾ, ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਸੁਨੇਤਰਾ ਪਵਾਰ ਅਤੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਗੋਦਾਵਰੀ ਨਦੀ ਦੇ ਕੰਢੇ ਰਾਮਕੁੰਡ ਵਿਖੇ ਪ੍ਰਾਰਥਨਾ ਕਰਨ ਤੋਂ ਬਾਅਦ ਧਾਰਮਿਕ ਝੰਡਾ ਲਹਿਰਾਇਆ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਦੁਪਹਿਰ 12:02 ਵਜੇ ਤ੍ਰਿਯੰਬਕੇਸ਼ਵਰ ਵਿਖੇ ਆਯੋਜਿਤ ਇੱਕ ਸਮਾਨਾਂਤਰ ਸਮਾਰੋਹ ਵਿੱਚ ਰਵਾਇਤੀ ਝੰਡਾ ਲਹਿਰਾਇਆ। ਸਿੰਹਸਥ ਕੁੰਭ ਮੇਲਾ ਮਹਾਧਵਜ ਗ੍ਰਾਮ ਪਰਿਕਰਮਾ ਸ਼ੁੱਕਰਵਾਰ ਨੂੰ ਆਯੋਜਿਤ ਕੀਤਾ ਗਿਆ। 'ਪਰਿਕਰਮਾ' ਤਪੋਵਨ ਮੈਦਾਨ ਤੋਂ ਸ਼ੁਰੂ ਹੋਈ ਅਤੇ ਸੰਤਾਂ ਅਤੇ ਹਜ਼ਾਰਾਂ ਸ਼ਰਧਾਲੂਆਂ ਦੀ ਮੌਜੂਦਗੀ ਵਿੱਚ ਰਾਮਤੀਰਥ ਪੰਚਵਟੀ ਪਹੁੰਚੀ। ਫਿਰ ਇਹ ਰਾਮਕੁੰਡ ਵਿਖੇ ਸਮਾਪਤ ਹੋਈ।

9,500 ਰੁਪਏ ਦੀ ਰਿਸ਼ਵਤ ਲੈਂਦੇ ਏਐੱਸਆਈ ਰੰਗੇ ਹੱਥੀਂ ਗ੍ਰਿਫ਼ਤਾਰ

ਯਮੁਨਾਨਗਰ 31 ਅਕਤੂਬਰ। ਹਰਿਆਣਾ ਰਾਜ ਵਿਜੀਲੈਂਸ ਬਿਊਰੋ ਨੇ ਸੋਮਵਾਰ ਨੂੰ ਯਮੁਨਾਨਗਰ ਵਿੱਚ ਇੱਕ ਵੱਡੀ ਕਾਰਵਾਈ ਕਰਦੇ ਹੋਏ ਇਨਫੋਰਸਮੈਂਟ ਪੁਲਸ ਸਟੇਸ਼ਨ ਵਿੱਚ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏਐੱਸਆਈ) ਰਜਨੀ ਨੂੰ 9,500 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਮੁਲਜ਼ਮ ਪ੍ਰਤੀ ਟਰੱਕ ?1,000 ਦੀ ਰਿਸ਼ਵਤ ਲੈ ਕੇ ਮਾਈਨਿੰਗ ਨਾਲ ਸਬੰਧਿਤ ਵਾਹਨਾਂ ਨੂੰ ਛੁਡਵਾਉਣ ਦਾ ਕੰਮ ਕਰਦੀ ਸੀ। ਵਿਜੀਲੈਂਸ ਇੰਸਪੈਕਟਰ ਸਤਪਾਲ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਰਿਪੋਰਟ ਦਿੱਤੀ ਸੀ ਕਿ ਉਸ ਦੀਆਂ ਰੇਤ-ਬੱਜਰੀ ਨਾਲ ਭਰੀਆਂ ਛੇ ਗੱਡੀਆਂ ਪਹਿਲਾਂ ਹੀ ਢੋਈਆਂ ਜਾ ਚੁੱਕੀਆਂ ਹਨ ਅਤੇ ਚਾਰ ਹੋਰ ਢੋਈਆਂ ਜਾਣ ਵਾਲੀਆਂ ਸਨ। ਇਸ ਲਈ ਏਐੱਸਆਈ ਰਜਨੀ ਨੇ 10 ਗੱਡੀਆਂ ਦੇ ਬਦਲੇ 9,500 ਰੁਪਏ ਦੀ ਮੰਗ ਕੀਤੀ। ਸ਼ਿਕਾਇਤ ਮਿਲਣ 'ਤੇ ਵਿਜੀਲੈਂਸ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਇੱਕ ਜਾਲ ਵਿਛਾਇਆ ਗਿਆ।

'ਪਾਕਿ ਫ਼ੌਜ ਹੀ..!', ਸੰਯੁਕਤ ਰਾਸ਼ਟਰ 'ਚ ਭਾਰਤ ਨੇ ਪਾਕਿਸਤਾਨ ਨੂੰ ਸੁਣਾਈਆਂ ਖ਼ਰੀਆਂ-ਖ਼ਰੀਆਂ

ਇੰਟਰਨੈਸ਼ਨਲ ਡੈਸਕ 31 ਅਕਤੂਬਰ। ਭਾਰਤ ਨੇ ਸੰਯੁਕਤ ਰਾਸ਼ਟਰ 'ਚ ਨਵੀਂ ਦਿੱਲੀ ਦੇ ਅਕਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀਆਂ ਪਾਕਿਸਤਾਨ ਦੀਆਂ ਕੋਸ਼ਿਸ਼ਾਂ 'ਤੇ ਕਰਾਰਾ ਪਲਟਵਾਰ ਕਰਦਿਆਂ ਕਿਹਾ ਕਿ ਇਸਲਾਮਾਬਾਦ ਦੀ 'ਫ਼ਾਰਮ 47 ਸਰਕਾਰ' ਦੇਸ਼ ਦੇ ਅਸਲ ਸ਼ਾਸਕ ਭਾਵ ਪਾਕਿਸਤਾਨੀ ਫੌਜ ਦੇ ਹੁਕਮਾਂ ਨੂੰ ਪਾਸੇ ਕਰਨ ਦੀ 'ਹਿੰਮਤ ਨਹੀਂ ਕਰ ਸਕਦੀ।' 'ਫ਼ਾਰਮ 47' ਪਾਕਿਸਤਾਨ ਦਾ ਇਕ ਅਧਿਕਾਰਤ ਚੋਣ ਦਸਤਾਵੇਜ਼ ਹੈ, ਜਿਸ 'ਚ ਕਿਸੇ ਚੋਣ ਹਲਕੇ ਵਿਚ ਵੋਟਿੰਗ ਦੇ ਆਰਜ਼ੀ ਤੇ ਸੰਕਲਿਤ ਨਤੀਜੇ ਦਰਜ ਹੁੰਦੇ ਹਨ। ਫ਼ਰਵਰੀ 2024 'ਚ ਹੋਈਆਂ ਆਮ ਚੋਣਾਂ ਵਿਚ ਧਾਂਦਲੀ ਤੇ ਬੇਨਿਯਮੀਆਂ ਦੇ ਦੋਸ਼ ਲੱਗੇ ਸਨ। ਆਲੋਚਕ ਅਧਿਕਾਰਤ ਨਤੀਜਿਆਂ 'ਤੇ ਸਵਾਲ ਉਠਾਉਣ ਲਈ 'ਫ਼ਾਰਮ 47' ਸ਼ਬਦ ਦੀ ਵਰਤੋਂ ਕਰਦੇ ਹਨ। ਸੰਯੁਕਤ ਰਾਸ਼ਟਰ ਮਹਾਸਭਾ ਦੀ ਤੀਜੀ ਕਮੇਟੀ ਵਿਚ ਸ਼ਨੀਵਾਰ ਨੂੰ ਘੱਟ ਗਿਣਤੀ ਮੁੱਦਿਆਂ 'ਤੇ ਵਿਸ਼ੇਸ਼ ਰਿਪੋਰਟਰ ਨਾਲ ਸੰਵਾਦ ਸੈਸ਼ਨ ਦੌਰਾਨ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਮਿਸ਼ਨ ਦੇ ਪਹਿਲੇ ਸਕੱਤਰ ਰਘੂ ਪੁਰੀ ਨੇ ਪਾਕਿਸਤਾਨ 'ਤੇ ਭਾਰਤ ਦੇ 'ਅਕਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ' ਦੀ ਕੋਸ਼ਿਸ਼ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਸਲਾਮਾਬਾਦ ਦੀਆਂ ਇਨ੍ਹਾਂ ਹਰਕਤਾਂ ਦਾ ਮਕਸਦ ਆਰਥਿਕ ਸੰਕਟ, ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਮੇਤ ਆਪਣੀਆਂ ਘਰੇਲੂ ਚੁਣੌਤੀਆਂ ਤੋਂ ਧਿਆਨ ਭਟਕਾਉਣਾ ਹੈ। ਪੁਰੀ ਨੇ ਕਿਹਾ,"ਲੜਖੜਾਉਂਦੀ ਅਰਥਵਿਵਸਥਾ, ਵਿਆਪਕ ਅਰਾਜਕਤਾ ਅਤੇ ਖ਼ੈਬਰ ਪਖ਼ਤੂਨਖ਼ਵਾ ਤੋਂ ਲੈ ਕੇ ਬਲੋਚਿਸਤਾਨ ਤੱਕ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ 'ਤੇ ਹੋ ਰਹੀ ਉਲੰਘਣਾ ਤੋਂ ਧਿਆਨ ਭਟਕਾਉਣ ਦਾ ਇਸ ਤੋਂ ਬਿਹਤਰ ਤਰੀਕਾ ਹੋਰ ਕੀ ਹੋ ਸਕਦਾ ਹੈ।"

1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਯਾਦ ਵਿਚ ਭਾਜਪਾ ਘੱਟ ਗਿਣਤੀ ਮੋਰਚੇ ਨੇ ਕੱਢਿਆ ਰੋਸ ਮਾਰਚ

ਕੌਮੀ ਪਤ੍ਰਿਕਾ

ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ/ਸਿਰਸਾ 31 ਅਕਤੂਬਰ। ਸਾਲ 1984 ਦੇ ਸਿੱਖ ਕਤਲੇਆਮ ਵਿਚ ਆਪਣੀਆਂ ਜਾਨਾਂ ਗੁਆਉਣ ਵਾਲੇ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਕਾਂਗਰਸ ਪ੍ਰਤੀ ਰੋਸ ਪ੍ਰਗਟਾਉਣ ਲਈ ਭਾਰਤੀ ਜਨਤਾ ਪਾਰਟੀ ਦੇ ਘੱਟ ਗਿਣਤੀ ਮੋਰਚਾ, ਹਰਿਆਣਾ ਵੱਲੋਂ ਸ਼ਨੀਵਾਰ ਨੂੰ ਰੋਸ ਮਾਰਚ ਅਤੇ ਮੋਮਬੱਤੀ ਮਾਰਚ ਕੱਢਿਆ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਭਾਜਪਾ ਘੱਟ ਗਿਣਤੀ ਮੋਰਚੇ ਦੇ ਸੂਬਾ ਪ੍ਰਧਾਨ ਡਾ. ਅਵਨੀਤ ਸਿੰਘ ਵੜੈਚ ਨੇ ਕੀਤੀ, ਜਦਕਿ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੇਸੂਜੋਧਾ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ। ਰੋਸ ਮਾਰਚ ਤਿਰਲੋਕੇਵਾਲਾ ਕੈਂਚੀਆਂ ਤੋਂ ਸ਼ੁਰੂ ਹੋ ਕੇ ਕਾਲਾਂਵਾਲੀ ਤੱਕ ਕੱਢਿਆ ਗਿਆ। ਇਸ ਮੋਟਰਸਾਈਕਲ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਨੇ ਹਿੱਸਾ ਲਿਆ। ਕਾਲਾਂਵਾਲੀ ਪਹੁੰਚਣ ਉਪਰੰਤ ਮੋਮਬੱਤੀ ਮਾਰਚ ਕੱਢ ਕੇ 1984 ਦੇ ਸਿੱਖ ਕਤਲੇਆਮ ਵਿੱਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹਾਜ਼ਰ ਲੋਕਾਂ ਨੇ ਵਿਛੜੀਆਂ ਰੂਹਾਂ ਨੂੰ ਯਾਦ ਕਰਦਿਆਂ ਪੀੜਤ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟਾਈ। ਭਾਜਪਾ ਘੱਟ ਗਿਣਤੀ ਮੋਰਚੇ ਦੇ ਸੂਬਾ ਪ੍ਰਧਾਨ ਡਾ. ਅਵਨੀਤ ਸਿੰਘ ਵੜੈਚ ਨੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਦੇਸ਼ ਦੇ ਇਤਿਹਾਸ ਦੀਆਂ ਸਭ ਤੋਂ ਦਰਦਨਾਕ ਅਤੇ ਦੁਖਦਾਈ ਘਟਨਾਵਾਂ ਵਿੱਚੋਂ ਇੱਕ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਦੁਖਾਂਤ ਦੇ ਜ਼ਖ਼ਮ ਅੱਜ ਵੀ ਪੀੜਤ ਪਰਿਵਾਰਾਂ ਦੇ ਦਿਲਾਂ ਵਿੱਚ ਤਾਜ਼ਾ ਹਨ। ਅਜਿਹੇ ਵਿੱਚ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਹਰੇਕ ਸਿਆਸੀ ਪਾਰਟੀ ਅਤੇ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਡਾ. ਵੜੈਚ ਨੇ 1 ਨਵੰਬਰ ਨੂੰ ਕਾਂਗਰਸ ਵੱਲੋਂ ਸਿਆਸੀ ਪ੍ਰੋਗਰਾਮ ਕਰਵਾਏ ਜਾਣ 'ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਇਸ ਦਿਨ ਦੀ ਸੰਵੇਦਨਸ਼ੀਲਤਾ ਅਤੇ ਪੀੜਤ ਪਰਿਵਾਰਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਾਂਗਰਸ ਤੋਂ ਮੰਗ ਕੀਤੀ ਕਿ ਉਹ ਪੀੜਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਦਾ ਸਬੂਤ ਦੇਵੇ। ਇਸ ਮੌਕੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੇਸੂਜੋਧਾ, ਜ਼ਿਲ੍ਹਾ ਘੱਟ ਗਿਣਤੀ ਮੋਰਚਾ ਪ੍ਰਧਾਨ ਸਰਦਾਰ ਅੰਗਰੇਜ਼ ਸਿੰਘ ਔਲਖ, ਸਰਬਜੀਤ ਸਿੰਘ, ਜੋਤੀ ਸਰਾਂ, ਸੁਭਾਸ਼ ਸਿੰਘ ਠਾਕੁਰ, ਬਲਰਾਜ ਸਰਪੰਚ ਤਿਰਲੋਕੇਵਾਲਾ, ਨਰਿੰਦਰ ਢਿੱਲੋਂ, ਕਰਮਜੀਤ ਸਿੰਘ ਗਿੱਲ, ਮੰਡਲ ਪ੍ਰਧਾਨ ਹਰਪਲਾਸ ਸਿੰਘ ਹੈਪੀ, ਕਾਲਾਂਵਾਲੀ ਮੰਡਲ ਪ੍ਰਧਾਨ ਲਵਲੀ ਗਰਗ, ਬੜਾਗੁੜ੍ਹਾ ਦੇ ਸਰਪੰਚ ਜਗਦੀਸ਼, ਦੇਸੂ ਦੇ ਸਰਪੰਚ ਕੁਲਵੰਤ ਸਿੰਘ, ਸਰਦਾਰ ਜਸਕਰਨ ਰੋੜੀ, ਸਿਕੰਦਰ, ਟਿਸ਼ੂ ਪ੍ਰਧਾਨ, ਰੁਲਦੂ ਨੰਬਰਦਾਰ, ਜਿੰਦਰ ਸਿੰਘ, ਗੁਰਨਾਮ ਸਿੰਘ, ਗੁਰਮੀਤ, ਗੁਰਮੇਲ ਅਤੇ ਚੌਤਰਾਮ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਅਤੇ ਆਮ ਲੋਕ ਮੌਜੂਦ ਸਨ।



ਦਿਲ ਕੰਬਾ ਦੇਣ ਵਾਲੀ ਘਟਨਾ : ਗੰਗਾ ਦੀਆਂ ਲਹਿਰਾਂ 'ਚ ਟੁੱਟੀ ਮਾਂ ਦੀ ਆਸ, ਕਿਸ਼ਤੀ 'ਚ ਜਨਮੇ ਬੱਚੇ ਨੇ 20 ਮਿੰਟ ਮਗਰੋਂ ਤੋੜਿਆ ਦਮ

ਕੌਮੀ ਪਤ੍ਰਿਕਾ

ਭਾਗਲਪੁਰ 31 ਅਕਤੂਬਰ। ਇੱਕ ਮਾਂ ਨੇ ਗੰਗਾ ਦੀਆਂ ਲਹਿਰਾਂ ਦੇ ਵਿਚਕਾਰ ਇੱਕ ਪੁੱਤਰ ਨੂੰ ਜਨਮ ਦਿੱਤਾ ਪਰ ਉਸਦੀ ਖੁਸ਼ੀ ਸਿਰਫ਼ 15 ਤੋਂ 20 ਮਿੰਟਾਂ ਵਿੱਚ ਹੀ ਗਮ ਵਿੱਚ ਬਦਲ ਗਈ। ਜਣੇਪੇ ਦੇ ਦਰਦ ਨਾਲ ਤੜਫ ਰਹੀ ਸੰਗੀਤਾ ਕੁਮਾਰੀ ਨੂੰ ਬਿਹਤਰ ਡਾਕਟਰੀ ਦੇਖਭਾਲ ਲਈ ਮਾਇਆਗੰਜ ਹਸਪਤਾਲ ਲਿਜਾਇਆ ਜਾ ਰਿਹਾ ਸੀ। ਉਸਨੇ ਸ਼ੁੱਕਰਵਾਰ ਸਵੇਰੇ ਇੱਕ SDRF ਕਿਸ਼ਤੀ 'ਤੇ ਪੁੱਤਰ ਨੂੰ ਜਨਮ ਦਿੱਤਾ। ਉਸਦੇ ਪਰਿਵਾਰ ਦਾ ਦੋਸ਼ ਹੈ ਕਿ ਪਹਿਲਾਂ ਸੂਚਨਾ ਦੇਣ ਦੇ ਬਾਵਜੂਦ, ਡਾਕਟਰ ਅਤੇ ਨਰਸਾਂ ਸਮੇਂ ਸਿਰ ਭਾਗਲਪੁਰ ਘਾਟ 'ਤੇ ਨਹੀਂ ਪਹੁੰਚੇ। ਜਨਮ ਤੋਂ ਕੁਝ ਦੇਰ ਬਾਅਦ ਹੀ ਨਵਜੰਮੇ ਬੱਚੇ ਦੀ ਮੌਤ ਹੋ ਗਈ। ਜਿਸ ਘਰ ਵਿੱਚ ਬੱਚੇ ਦੀਆਂ ਕਿਲਕਾਰੀਆਂ ਗੂੰਜਣ ਦੀ ਉਮੀਦ ਸੀ, ਉੱਥੇ ਹੁਣ ਸੋਗ ਛਾ ਗਿਆ ਹੈ। ਇਸਮਾਈਲਪੁਰ ਬਲਾਕ ਦੇ ਜੈ ਮੰਗਲ ਟੋਲਾ ਦੇ ਰਹਿਣ ਵਾਲੇ ਜੋਤਿਸ਼ ਕੁਮਾਰ ਦੀ 24 ਸਾਲਾ ਪਤਨੀ ਸੰਗੀਤਾ 'ਚਮਕੀ' ਬੁਖਾਰ (ਐਕਿਊਟ ਐਨਸੇਫਲਾਈਟਿਸ ਸਿੰਡਰੋਮ) ਤੋਂ ਵੀ ਪੀੜਤ ਸੀ। ਉਸਦੇ ਸਹੁਰੇ ਭੋਲਾ ਮੰਡਲ ਨੇ ਦੱਸਿਆ ਕਿ ਵੀਰਵਾਰ ਰਾਤ ਨੂੰ ਜਣੇਪੇ ਦਾ ਦਰਦ ਸ਼ੁਰੂ ਹੋਇਆ ਸੀ। 'ਕੀ ਤੁਹਾਨੂੰ ਸਿਸਟਮ ਜਾਂ

ਨਤੀਜਿਆਂ 'ਤੇ ਸ਼ੱਕ ਹੈ?' 124 ਸਾਬਕਾ ਨੌਕਰਸ਼ਾਹਾਂ ਨੇ ਚੋਣ ਕਮਿਸ਼ਨ ਦੇ ਸਮਰਥਨ 'ਚ ਲਿਖੀ ਖੁੱਲ੍ਹੀ ਚਿੱਠੀ SDRF ਇੰਸਪੈਕਟਰ ਕੁਮਾਰ ਨੀਲੂ ਦੀ ਮਦਦ ਨਾਲ ਉਸਨੂੰ ਸ਼ੁੱਕਰਵਾਰ ਸਵੇਰੇ ਕਰੀਬ 9:30 ਵਜੇ ਜਾਨ੍ਹਵੀ ਚੌਕ ਘਾਟ ਤੋਂ ਭਾਗਲਪੁਰ ਲਿਆਉਣ ਦਾ ਪ੍ਰਬੰਧ ਕੀਤਾ ਗਿਆ। ਕਿਸ਼ਤੀ ਲਗਭਗ 20 ਮਿੰਟਾਂ ਵਿੱਚ ਬਿਆਦਾ ਘਾਟ ਪਹੁੰਚੀ। ਇਸ ਦੌਰਾਨ ਸੰਗੀਤਾ ਦੀ ਹਾਲਤ ਵਿਗੜ ਰਹੀ ਸੀ ਅਤੇ ਉਸਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਸੀ। SDRF ਇੰਸਪੈਕਟਰ ਨੇ ਦੱਸਿਆ ਕਿ ਔਰਤ ਦੀ ਗੰਭੀਰ ਹਾਲਤ ਬਾਰੇ ਜਾਣਕਾਰੀ ਤੁਰੰਤ ਹਵਲਦਾਰ, 'ਆਪਦਾ ਮਿੱਤਰ' (ਆਫ਼ਤ ਰਾਹਤ ਵਲੰਟੀਅਰ) ਅਤੇ ਜ਼ਿਲ੍ਹਾ ਕੰਟਰੋਲ ਰੂਮ ਨੂੰ ਦਿੱਤੀ ਗਈ ਸੀ। ਐਂਬੂਲੈਂਸ, ਡਾਕਟਰ ਅਤੇ ਲੋੜੀਂਦੀਆਂ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਬੇਨਤੀਆਂ ਕੀਤੀਆਂ ਗਈਆਂ ਸਨ। ਹਾਲਾਂਕਿ, ਜਣੇਪਾ ਉੱਥੇ ਹੀ SDRF ਕਿਸ਼ਤੀ 'ਤੇ ਹੋ ਗਿਆ। ਪਰਿਵਾਰ ਅਨੁਸਾਰ, ਸੰਗੀਤਾ ਨੇ ਸਵੇਰੇ ਕਰੀਬ 9:50 ਵਜੇ ਪੁੱਤਰ ਨੂੰ ਜਨਮ ਦਿੱਤਾ। ਲਗਭਗ 15 ਤੋਂ 20 ਮਿੰਟ ਬਾਅਦ ਨਵਜੰਮੇ ਬੱਚੇ ਦੀ ਮੌਤ ਹੋ ਗਈ। ਔਰਤ ਦੇ ਸਹੁਰੇ ਨੇ ਕਿਹਾ ਕਿ ਜੇਕਰ ਡਾਕਟਰ ਅਤੇ ਨਰਸ ਸਮੇਂ ਸਿਰ ਪਹੁੰਚ ਜਾਂਦੇ ਤਾਂ ਬੱਚੇ ਦੀ ਜਾਨ ਬਚਾਈ ਜਾ ਸਕਦੀ ਸੀ। ਇਹ ਖਬਰ ਸੰਗੀਤਾ ਜੋ ਪਹਿਲਾਂ ਹੀ ਇੱਕ ਧੀ ਦੀ ਮਾਂ ਹੈ ਅਤੇ ਉਸਦੇ ਪਰਿਵਾਰ ਲਈ ਬਹੁਤ ਵੱਡਾ ਸਦਮਾ ਹੈ। ਘਾਟ 'ਤੇ ਬੱਚੇ ਦੇ ਜਨਮ ਲਈ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਸਨ। ਬਿਆਦਾ ਘਾਟ ਕੈਂਪ ਵਿੱਚ ਤਾਇਨਾਤ ਡਾਕਟਰ ਅਜ਼ੀਮ ਨੇ ਦੱਸਿਆ ਕਿ ਇਸ ਥਾਂ 'ਤੇ ਬੱਚੇ ਦੇ ਜਨਮ ਲਈ ਕੋਈ ਵਿਸ਼ੇਸ਼ ਸਹੂਲਤਾਂ ਨਹੀਂ ਹਨ ਅਤੇ ਨਾ ਹੀ ਉੱਥੇ ਕੋਈ ਮਹਿਲਾ ਡਾਕਟਰ ਤਾਇਨਾਤ ਹੈ। ਕੈਂਪ ਵਿੱਚ ਸਿਰਫ਼ ਆਮ ਬਿਮਾਰੀਆਂ ਜਿਵੇਂ ਕਿ ਜ਼ੁਕਾਮ, ਖੰਘ ਅਤੇ ਸਰੀਰ ਦੇ ਦਰਦ ਲਈ ਦਵਾਈਆਂ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ 'ਤੇ ਇੱਕ ਨਰਸ ਔਰਤ ਦੀ ਮਦਦ ਲਈ ਗਈ ਸੀ ਪਰ ਉਦੋਂ ਤੱਕ ਨਵਜੰਮੇ ਬੱਚੇ ਦੀ ਮੌਤ ਹੋ ਚੁੱਕੀ ਸੀ। ਐਸ.ਡੀ.ਆਰ.ਐਫ. ਦੇ ਇੱਕ ਇੰਸਪੈਕਟਰ ਅਨੁਸਾਰ, ਜਦੋਂ ਔਰਤ ਨੂੰ ਕਿਸ਼ਤੀ ਰਾਹੀਂ ਘਾਟ 'ਤੇ ਲਿਆਂਦਾ ਜਾ ਰਿਹਾ ਸੀ ਤਾਂ ਉਹ ਬਹੁਤ ਜ਼ਿਆਦਾ ਦਰਦ ਵਿੱਚ ਸੀ। ਕੁਝ ਏ.ਐਨ.ਐਮ. ਵੀ ਮਦਦ ਲਈ ਅੱਗੇ ਆਈਆਂ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਇਸ ਘਟਨਾ ਤੋਂ ਬਾਅਦ ਘਾਟ 'ਤੇ ਭੀੜ ਇਕੱਠੀ ਹੋ ਗਈ। ਬਾਅਦ ਵਿੱਚ, ਸੰਗੀਤਾ ਨੂੰ ਐਂਬੂਲੈਂਸ ਰਾਹੀਂ ਮਾਇਆਗੰਜ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ।

ਰਚਨਾਤਮਕਤਾ ਅਤੇ ਮਾਸੂਮੀਅਤ ਦਾ ਸੁਮੇਲ: 'ਦਿ ਕ੍ਰਿਏਟਿਵ ਬੀਜ਼' ਨੇ ਕਿਡਪ੍ਰਿਨਿਓਰ ਸਮਾਗਮ ਵਿੱਚ ਨਵੀਨਤਾਕਾਰੀ ਉਤਪਾਦਾਂ ਨਾਲ ਸਭ ਦਾ ਦਿਲ ਜਿੱਤਿਆ

ਕੌਮੀ ਪਤ੍ਰਿਕਾ

ਚੰਡੀਗੜ੍ਹ, 31 ਅਕਤੂਬਰ: ਛੋਟੀ ਉਮਰ ਤੋਂ ਹੀ ਬੱਚਿਆਂ ਵਿੱਚ ਉੱਦਮੀ ਭਾਵਨਾ ਪੈਦਾ ਕਰਨ ਦੇ ਮਕਸਦ ਨਾਲ, ਪ੍ਰੈਪ ਰਾਈਟ ਇੰਸਟੀਚਿਊਟ, ਪੰਚਕੂਲਾ ਵੱਲੋਂ ਅੱਜ ਸਟ?ਰਾਬੇਰੀ ਫੀਲਡਜ਼ ਹਾਈ ਸਕੂਲ, ਸੈਕਟਰ 26, ਚੰਡੀਗੜ੍ਹ ਵਿਖੇ ਇੱਕ ਵਿਸ਼ੇਸ਼ ਉੱਦਮਤਾ ਸਮਾਗਮ 'ਕਿਡਪ੍ਰਿਨਿਓਰ' ਕਰਵਾਇਆ ਗਿਆ। ਇਸ ਵਿਲੱਖਣ ਪਹਿਲਕਦਮੀ ਵਿੱਚ 6 ਤੋਂ 15 ਸਾਲ ਦੀ ਉਮਰ ਦੇ ਉੱਭਰਦੇ ਬਾਲ ਉੱਦਮੀਆਂ ਨੇ ਭਾਗ ਲਿਆ। ਇੱਥੇ ਲਗਾਏ ਗਏ 104 ਸਟਾਲਾਂ ਨੇ ਬੱਚਿਆਂ ਨੂੰ ਆਪਣੀ ਰਚਨਾਤਮਕਤਾ ਅਤੇ ਵਪਾਰਕ ਸਮਝ ਦਾ ਪ੍ਰਦਰਸ਼ਨ ਕਰਨ ਲਈ ਇੱਕ ਢੁਕਵਾਂ ਮੰਚ ਪ੍ਰਦਾਨ ਕੀਤਾ। ਇਹਨਾਂ ਵਿੱਚੋਂ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਸਟਾਲ 'ਦਿ ਕ੍ਰਿਏਟਿਵ ਬੀਜ਼ ਚਾਰ ਬਾਲ ਉਮਰ ਦੇ ਉੱਦਮੀਆਂ ਅਬੀਰ ਗੋਇਲ, ਰਿਆਨਾ ਗੋਇਲ, ਸੁਹਾਨੀ ਸਿੰਗਲਾ ਅਤੇ ਸੀਆ ਗੋਇਲ ਵੱਲੋਂ ਲਗਾਇਆ ਗਿਆ ਸੀ। ਇਹਨਾਂ ਆਪਣੇ ਰਚਨਾਤਮਕ ਅਤੇ ਖੂਬਸੂਰਤ ਉਤਪਾਦਾਂ ਨਾਲ ਸਭ ਦਾ ਦਿਲ ਜਿੱਤ ਲਿਆ। ਇਸ ਸਮਾਗਮ

ਛੋਟੇ ਬੱਚਿਆਂ ਨੇ ਅਨੋਖੀ ਸਟੇਸ਼ਨਰੀ, ਮੋਤੀਆਂ ਵਾਲੇ ਦਿਲ ਦੇ ਆਕਾਰ ਦੇ ਸ਼ੀਸ਼ੇ, ਟਰੈਂਡੀ ਪੈਰਾਕਾਰਡ ਬੈਗ ਚਾਰਮਜ਼, ਹੱਥ ਨਾਲ ਪੇਂਟ ਕੀਤੇ ਪਾਊਚ, ਟੋਟ ਬੈਗ ਅਤੇ ਡੀ.ਆਈ.ਵਾਈ. ਕਿੱਟਾਂ ਵਰਗੀਆਂ ਨੇ ਨਾ ਕੇਵਲ ਨਵੀਨਤਾ ਦਾ ਜਸ਼ਨ ਮਨਾਇਆ, ਸਗੋਂ ਬੱਚਿਆਂ ਨੂੰ ਸੁਤੰਤਰ ਤੌਰ 'ਤੇ ਸੋਚਣ, ਮਿਲ ਕੇ ਕੰਮ ਕਰਨ ਅਤੇ ਆਪਣੇ ਵਿਚਾਰਾਂ ਨੂੰ ਹਕੀਕਤ ਵਿੱਚ ਬਦਲਣ ਲਈ ਵੀ ਉਤਸ਼ਾਹਿਤ ਕੀਤਾ।

ਤਿਉਹਾਰਾਂ ਦੇ ਸੀਜ਼ਨ 'ਚ ਵੱਡੀ ਰਾਹਤ: ਦੀਵਾਲੀ 'ਤੇ ਸਰਕਾਰ ਦੇਵੇਗੀ ਮੁਫ਼ਤ ਗੈਸ ਸਿਲੰਡਰ, ਵਿਭਾਗ ਨੇ ਖਿੱਚੀ ਤਿਆਰੀ

ਹਾਪੁੜ 31 ਅਕਤੂਬਰ। ਦੀਵਾਲੀ ਤੋਂ ਪਹਿਲਾਂ ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਨੂੰ ਮੁਫ਼ਤ ਗੈਸ ਸਿਲੰਡਰ ਦੇਣ ਦੀ

ਤਿਆਰੀ ਹੈ। ਸ਼ਾਸਨ ਵੱਲੋਂ ਲਾਭਪਾਤਰੀਆਂ ਨੂੰ ਹੋਲੀ ਅਤੇ ਦੀਵਾਲੀ 'ਤੇ ਸਾਲ ਵਿੱਚ ਦੋ ਵਾਰ ਮੁਫ਼ਤ ਵਿੱਚ ਸਿਲੰਡਰ ਦਿੱਤੇ ਜਾਂਦੇ ਹਨ। ਜ਼ਿਲ੍ਹੇ ਵਿੱਚ ਉੱਜਵਲਾ ਯੋਜਨਾ ਦੇ 58,000 ਲਾਭਪਾਤਰੀ ਹਨ। ਹੋਲੀ 'ਤੇ ਉਨ੍ਹਾਂ ਨੂੰ ਸਿਲੰਡਰ ਵੰਡੇ ਗਏ ਸਨ। ਹੁਣ, ਸਪਲਾਈ ਵਿਭਾਗ ਨੇ ਦੀਵਾਲੀ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਜ਼ਿਲ੍ਹੇ ਨੂੰ ਅਕਤੂਬਰ ਵਿੱਚ ਗੈਸ ਸਿਲੰਡਰਾਂ ਦੀ ਇੱਕ ਵਾਧੂ ਖੇਪ ਪ੍ਰਾਪਤ ਹੋਵੇਗੀ। ਸ਼ਾਸਨ ਵੱਲੋਂ ਗ਼ਰੀਬ ਲੋਕਾਂ ਨੂੰ ਮੁਫ਼ਤ ਗੈਸ ਸਿਲੰਡਰ ਅਤੇ ਚੁੱਲ੍ਹੇ ਦਿੱਤੇ ਗਏ ਸਨ। ਇਨ੍ਹਾਂ ਦੀ ਚੋਣ ਉੱਜਵਲਾ ਯੋਜਨਾ ਤਹਿਤ ਕੀਤੀ ਗਈ ਸੀ। ਜ਼ਿਲ੍ਹੇ 'ਚ ਉੱਜਵਲਾ ਯੋਜਨਾ ਦੇ 58 ਹਜ਼ਾਰ ਪਾਤਰ ਹਨ। ਇਨ੍ਹਾਂ ਨੂੰ ਹਰ ਸਾਲ ਦੋ ਗੈਸ ਸਿਲੰਡਰ ਮੁਫ਼ਤ ਦਿੱਤੇ ਜਾਂਦੇ ਹਨ। ਇੱਕ ਸਿਲੰਡਰ ਦੀਵਾਲੀ 'ਤੇ ਅਤੇ ਦੂਜਾ ਹੋਲੀ 'ਤੇ ਮੁਫ਼ਤ ਪ੍ਰਦਾਨ ਕੀਤਾ ਜਾਂਦਾ ਹੈ। ਤਿਉਹਾਰੀ ਸੀਜ਼ਨ 'ਚ ਉੱਜਵਲਾ ਯੋਜਨਾ ਦੇ ਪਾਤਰਾਂ ਦੇ ਘਰਾਂ ਵਿੱਚ ਰਸੋਈ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ, ਇਸ ਲਈ ਸ਼ਾਸਨ ਵੱਲੋਂ ਸਿਲੰਡਰ ਰੀਫਿਲ ਦੀ ਸਹੂਲਤ ਦਿੱਤੀ ਗਈ ਹੈ। ਹੁਣ ਦੀਵਾਲੀ ਆਉਣ ਵਾਲੀ ਹੈ, ਜਿਸ ਤੋਂ ਪਹਿਲਾਂ ਉੱਜਵਲਾ ਯੋਜਨਾ ਦੇ ਸਾਰੇ ਪਾਤਰਾਂ ਨੂੰ ਸਿਲੰਡਰ ਦੀ ਮੁਫ਼ਤ ਰੀਫਿਲ ਦੇ ਦਿੱਤੀ ਜਾਵੇਗੀ। ਇਸ ਲਈ ਸਪਲਾਈ ਵਿਭਾਗ ਨੇ ਵਾਧੂ ਸਿਲੰਡਰ ਮੰਗਵਾ ਲਏ ਹਨ। ਜ਼ਿਲ੍ਹਾ ਸਪਲਾਈ ਅਧਿਕਾਰੀ ਡਾ. ਸੀਮਾ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਮੈਜਿਸਟਰੇਟ ਅਤੇ ਜ਼ਿਲ੍ਹਾ ਪੰਚਾਇਤ ਰਾਜ ਅਧਿਕਾਰੀ ਦੀ ਮੌਜੂਦਗੀ ਵਿੱਚ ਉੱਜਵਲਾ ਯੋਜਨਾ ਦੇ ਪਾਤਰਾਂ ਦੇ ਖਾਤਿਆਂ ਵਿੱਚ ਸਬਸਿਡੀ ਭੇਜੀ ਜਾਵੇਗੀ। ਇਸ ਨਾਲ ਸਾਰੇ ਪਾਤਰ ਆਪਣਾ ਸਿਲੰਡਰ ਪ੍ਰਾਪਤ ਕਰ ਸਕਣਗੇ।

ਲੋਹੀਆ ਖ਼ਾਸ ਸਟੇਸ਼ਨ 'ਤੇ ਵੱਡੀ ਕਾਰਵਾਈ: ਟਰੇਨ ਮੈਨੇਜਰ ਨੂੰ ਡੰਡਾ ਮਾਰਨ ਵਾਲਾ ਸਟੇਸ਼ਨ ਸੁਪਰਡੈਂਟ ਮੁਅੱਤਲ

ਕੌਮੀ ਪਤ੍ਰਿਕਾ

ਜਲੰਧਰ 31 ਅਕਤੂਬਰ। ਲੋਹੀਆ ਖਾਸ ਸਟੇਸ਼ਨ 'ਤੇ ਟ?ਰੇਨ ਮੈਨੇਜਰ ਨਾਲ ਕਥਿਤ ਤੌਰ 'ਤੇ ਕੁੱਟਮਾਰ ਕਰਨ ਵਾਲੇ ਸਟੇਸ਼ਨ ਸੁਪਰਡੈਂਟ ਯਸ਼ਵੰਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦਾ ਹੈੱਡਕੁਆਰਟਰ ਲੋਹੀਆ ਸਟੇਸ਼ਨ ਬਣਾ ਦਿੱਤਾ ਗਿਆ ਹੈ ਅਤੇ ਉਹ ਜਾਂਚ ਦੌਰਾਨ ਸਟੇਸ਼ਨ ਨਹੀਂ ਛੱਡ ਸਕਦੇ। ਮਾਮਲੇ ਨੂੰ ਲੈ ਕੇ ਆਲ ਇੰਡੀਆ ਗਾਰਡ ਯੂਨੀਅਨ ਅਤੇ ਓ.ਬੀ.ਸੀ. ਕਰਮਚਾਰੀ ਯੂਨੀਅਨ ਵੱਲੋਂ ਵੀ ਸਟੇਸ਼ਨ ਸੁਪਰਡੈਂਟ ਨੂੰ ਮੁਅੱਤਲ ਕਰਨ ਦੀ ਮੰਗ ਲਗਾਤਾਰ ਕੀਤੀ ਜਾ ਰਹੀ ਸੀ। ਇੰਨਾ ਹੀ ਨਹੀਂ, ਉਨ੍ਹਾਂ ਵੱਲੋਂ ਇਸ ਨੂੰ ਲੈ ਕੇ ਸੰਘਰਸ਼ ਦੇ ਰਾਹ 'ਤੇ ਚੱਲਣ ਦੀ ਯੋਜਨਾ ਵੀ ਬਣਾ ਲਈ ਗਈ ਸੀ। ਜਿਸ ਤੋਂ ਬਾਅਦ ਹੀ ਰੇਲਵੇ ਵੱਲੋਂ ਮੁਢਲੀ ਜਾਂਚ ਦੇ ਆਧਾਰ 'ਤੇ ਸਟੇਸ਼ਨ ਸੁਪਰਡੈਂਟ ਨੂੰ ਮੁਅੱਤਲ ਕਰ ਦਿੱਤਾ ਗਿਆ। ਜਦਕਿ ਮਾਮਲੇ ਦੀ ਜਾਂਚ ਡਿਵੀਜ਼ਨਲ ਆਪ੍ਰੇਸ਼ਨਲ ਮੈਨੇਜਰ ਗੁਰਸ਼ਰਨ ਪਾਠਕ ਵੱਲੋਂ ਸੀਨੀਅਰ ਡੀ.ਓ.ਐੱਮ. ਹਰਮੀਤ ਸਿੰਘ ਅਤੇ ਟੀ.ਆਈ. ਨਿਤਿਨ ਬਬੂਟਾ ਨੂੰ

ਸੌਂਪੀ ਗਈ ਹੈ, ਜੋ ਆਪਣੀ ਜਾਂਚ ਜਾਰੀ ਰੱਖਣਗੇ। ਉਨ੍ਹਾਂ ਵੱਲੋਂ ਸੰਬੰਧਿਤ ਸਟਾਫ਼ ਅਤੇ ਗਵਾਹਾਂ ਦੇ ਬਿਆਨ ਵੀ ਦਰਜ ਕੀਤੇ ਜਾਣਗੇ, ਜਿਸ ਤੋਂ ਬਾਅਦ ਹੀ ਜਾਂਚ ਰਿਪੋਰਟ ਸੌਂਪੀ ਜਾਵੇਗੀ। ਵੀਰਵਾਰ ਨੂੰ ਲੋਹੀਆਂ ਖ਼ਾਸ ਸਟੇਸ਼ਨ 'ਤੇ ਬੋਗੀ ਪੈਟਰੋਲ ਟੈਂਕ ਵੈਗਨ ਸਵੇਰੇ 11 ਵਜੇ ਪਹੁੰਚੀ ਸੀ। ਉਦੋਂ ਟ?ਰੇਨ ਮੈਨੇਜਰ ਰਵੀ ਕੁਮਾਰ ਵਾਰ-ਵਾਰ ਵਾਕੀ-ਟਾਕੀ 'ਤੇ ਸਟੇਸ਼ਨ ਮਾਸਟਰ ਨੂੰ ਟ?ਰੇਨ ਸੰਬੰਧੀ ਮੈਸੇਜ ਦੇ ਰਹੇ ਸਨ, ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਕੋਈ ਜਵਾਬ ਨਾ ਮਿਲਣ 'ਤੇ ਲੋਕੋ ਪਾਇਲਟ ਗਿਆਨ ਪ੍ਰਕਾਸ਼ ਵੱਲੋਂ ਵੀ ਵਾਕੀ-ਟਾਕੀ ਰਾਹੀਂ ਮੈਸੇਜ ਦਿੱਤਾ ਗਿਆ ਪਰ ਉਦੋਂ ਵੀ ਕੋਈ ਹੁੰਗਾਰਾ ਨਹੀਂ ਮਿਲਿਆ। ਜਿਸ ਕਰਕੇ ਟ?ਰੇਨ ਕਰੀਬ ਅੱਧਾ ਘੰਟਾ ਖੜ੍ਹੀ ਰਹੀ। ਫਿਰ ਪੁਆਇੰਟਮੈਨ ਰਾਹੀਂ ਸਟੇਸ਼ਨ ਮਾਸਟਰ ਨੂੰ ਮੈਸੇਜ ਭੇਜਿਆ ਗਿਆ, ਜਿੱਥੋਂ ਮੈਸੇਜ ਮਿਲਿਆ ਕਿ ਦੂਜੀ ਗੱਡੀ ਜਾਵੇਗੀ। ਇਸ ਤੋਂ ਬਾਅਦ ਟ?ਰੇਨ ਮੈਨੇਜਰ ਖ਼ੁਦ ਸਟੇਸ਼ਨ ਸੁਪਰਡੈਂਟ ਯਸ਼ਵੰਤ ਸਿੰਘ ਕੋਲ ਪੁੱਛਣ ਚਲੇ ਗਏ, ਜਿੱਥੇ ਬਹਿਸ ਹੋ ਗਈ। ਇਸ ਤੋਂ ਬਾਅਦ ਟ?ਰੇਨ ਮੈਨੇਜਰ ਵੀਡੀਓ ਬਣਾਉਣ ਲੱਗ ਪਏ ਅਤੇ ਸਟੇਸ਼ਨ ਸੁਪਰਡੈਂਟ ਨੇ ਟ?ਰੇਨ ਮੈਨੇਜਰ ਰਵੀ ਦੇ ਸਿਰ 'ਤੇ ਡੰਡਾ ਮਾਰ ਦਿੱਤਾ, ਜੋ ਵੀਡੀਓ ਵਿੱਚ ਵੀ ਰਿਕਾਰਡ ਹੋ ਗਿਆ।

ਸਬਜ਼ੀਆਂ ਨੂੰ ਤਾਜ਼ਾ ਰੱਖਣ ਲਈ ਕੀਤੀ ਜਾ ਰਹੀ ਖ਼ਤਰਨਾਕ ਰਸਾਇਣਾਂ ਦੀ ਵਰਤੋਂ

ਫ਼ਰੀਦਕੋਟ 31 ਅਕਤੂਬਰ। ਜੇਕਰ ਤੁਸੀਂ ਵੀ ਬਜ਼ਾਰ 'ਚੋਂ ਤਾਜ਼ੀਆਂ ਅਤੇ ਚੰਗੀ ਦਿੱਖ ਵਾਲੀਆਂ ਸਬਜ਼ੀਆਂ ਖਰੀਦਦੇ ਹੋ ਤਾਂ ਸਾਵਧਾਨ ਹੋ ਜਾਓ ਕਿਉਂਕਿ ਇਨ੍ਹਾਂ ਸਬਜ਼ੀਆਂ ਨੂੰ ਤਾਜ਼ਾ ਦਿਖਾਉਣ ਲਈ ਖ਼ਤਰਨਾਕ ਰੰਗਾਂ ਅਤੇ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਫ਼ਰੀਦਕੋਟ 'ਚ ਵੀ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਮਟਰਾਂ 'ਤੇ ਰੰਗ ਚਾੜ੍ਹ ਕੇ ਵੇਚਣ ਬਾਰੇ ਪਤਾ ਲੱਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇੱਥੇ ਹਰੇ ਮਟਰਾਂ ਨੂੰ ਰੰਗ ਚਾੜ੍ਹ ਕੇ ਵੇਚਿਆ ਜਾ ਰਿਹਾ ਹੈ, ਜੋ ਕਿ ਸਿਹਤ ਲਈ ਬਹੁਤ ਹੀ ਖ਼ਤਰਨਾਕ ਹੈ। ਲੋਕ ਤਾਜ਼ਾ ਅਤੇ ਹਰੇ ਮਟਰ ਖ਼ੁਸ਼ ਹੋ ਕੇ ਘਰਾਂ ਨੂੰ ਲਿਜਾਂਦੇ ਹਨ ਪਰ ਉਨ੍ਹਾਂ ਨੂੰ ਕੀਤਾ ਪਤਾ ਸੀ ਕਿ ਇਨ੍ਹਾਂ ਮਟਰਾਂ ਨੂੰ ਤਾਜ਼ਾ ਦਿਖਾਉਣ ਲਈ ਕੀ ਕੀਤਾ ਜਾ ਰਿਹਾ ਹੈ। ਦਰਅਸਲ ਪਾਲਕ, ਹਰਾ ਧਨੀਆ ਅਤੇ ਮਟਰ ਜ਼ਿਆਦਾ ਦਿਨ ਪਏ ਰਹਿਣ ਕਾਰਨ ਮੁਰਝਾ ਜਾਂਦੇ ਹਨ। ਇਨ੍ਹਾਂ ਨੂੰ ਤਾਜ਼ਾ ਦਿਖਾਉਣ ਲਈ ਪਾਣੀ 'ਚ ਹਰਾ ਰੰਗ ਘੋਲ ਕੇ ਸਬਜ਼ੀਆਂ ਨੂੰ ਉਸ 'ਚ ਡੁਬੋ ਦਿੱਤਾ ਜਾਂਦਾ ਹੈ ਪਰ ਖ਼ਤਰਨਾਕ ਰੰਗਾਂ ਦੀ ਵਰਤੋਂ ਸਿਹਤ ਲਈ ਨੁਕਸਾਨਦਾਇਕ ਹੁੰਦੀ ਹੈ।

ਟਰੱਕਾਂ 'ਚੋਂ ਕਣਕ-ਝੋਨੇ ਦੀਆਂ ਬੋਰੀਆਂ ਚੋਰੀ ਕਰਨ ਵਾਲਾ ਮੁਲਜ਼ਮ ਕਾਬੂ

ਤਪਾ ਮੰਡੀ 31 ਅਕਤੂਬਰ। ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਸ ਚੌਕੀ ਵੱਲੋਂ ਸਰਕਾਰੀ ਗੋਦਾਮਾਂ ਦੇ ਟਰੱਕਾਂ ਵਿੱਚੋਂ ਕਣਕ ਅਤੇ ਝੋਨੇ ਦੀਆਂ ਬੋਰੀਆਂ ਚੋਰੀ ਕਰਨ ਦੇ ਦੋਸ਼ ਹੇਠ ਇਕ ਮੁਲਜ਼ਮ ਨੂੰ ਮੋਟਰਸਾਈਕਲ ਅਤੇ ਕਣਕ ਦੀ ਬੋਰੀ ਸਮੇਤ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਚੌਕੀ ਇੰਚਾਰਜ

ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਅਭਿਸ਼ੇਕ ਰਾਮ ਪੁੱਤਰ ਜਸਵੰਤ ਰਾਮ, ਵਾਸੀ ਟਿੱਬਾ ਬਸਤੀ ਜੇਠੂਕੇ, ਸਰਕਾਰੀ ਗੋਦਾਮਾਂ ਵਿਚ ਮਾਲ ਦੀ ਢੋਆ-ਢੁਆਈ ਕਰਨ ਵਾਲੇ ਟਰੱਕਾਂ ਵਿਚੋਂ ਕਣਕ ਅਤੇ ਝੋਨੇ ਦੀਆਂ ਬੋਰੀਆਂ ਚੋਰੀ ਕਰਨ ਦਾ ਆਦੀ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਏ.ਐੱਸ.ਆਈ ਸਤਿਗੁਰ ਸਿੰਘ ਦੀ ਅਗਵਾਈ ਹੇਠ ਪਾਰਟੀ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਲਈ ਗਸਤ ਕਰ ਰਹੀ ਸੀ ਤਾਂ ਮੁਲਜ਼ਮ ਨੂੰ ਘੁੰਨਸ 'ਤੇ ਕਣਕ ਅਤੇ ਝੋਨੇ ਦੀਆਂ ਬੋਰੀਆਂ ਚੋਰੀ ਕਰਨ ਦੇ ਸ਼ੱਕ ਹੇਠ ਕਾਬੂ ਕੀਤਾ ਗਿਆ। ਪੁਲਸ ਨੇ ਮੁਲਜ਼ਮ ਕੋਲੋਂ ਇਕ ਮੋਟਰਸਾਈਕਲ ਅਤੇ ਕਣਕ ਦੀ ਇਕ ਬੋਰੀ ਬਰਾਮਦ ਕੀਤੀ ਹੈ। ਪੁਲਸ ਵੱਲੋਂ ਮਾਮਲੇ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰਨ ਵਾਲੇ ਦੀ ਜ਼ਮਾਨਤ ਖ਼ਾਰਜ

ਮੋਹਾਲੀ 31 ਅਕਤੂਬਰ। 21 ਸਾਲ ਦੇ ਹੇਮੰਤ ਕੁਮਾਰ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ 'ਚ ਥਾਣਾ ਫੇਜ਼-1 ਦੀ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਮੁਲਜ਼ਮ ਗੱਬਰ ਸ਼ਾਹ ਵਾਸੀ ਪਿੰਡ ਬੜ ਮਾਜਰਾ (ਮੋਹਾਲੀ) ਦੀ ਜ਼ਮਾਨਤ ਅਰਜ਼ੀ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਨੇ ਖ਼ਾਰਜ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਮੌਜੂਦਾ ਮਾਮਲੇ 'ਚ ਜਾਂਚ ਮੁਕੰਮਲ ਹੋਣ

'ਤੇ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ ਅਤੇ ਦੋਸ਼ ਤੈਅ ਕਰਨ ਉਪਰੰਤ ਕੇਸ ਨੂੰ ਸਰਕਾਰੀ ਗਵਾਹੀ ਲਈ ਨਿਰਧਾਰਤ ਕੀਤਾ ਗਿਆ ਹੈ। ਮੁਲਜ਼ਮ ਖ਼?ਲਾਫ਼ ਲਾਏ ਗਏ ਦੋਸ਼ ਅਤੇ 5 ਅਗਸਤ 2025 ਦੀ ਬਰਾਮਦਗੀ ਮੀਮੋ ਇਹ ਦਰਸਾਉਂਦੀ ਹੈ ਕਿ ਸਹਿ-ਮੁਲਜ਼ਮ ਸੰਦੀਪ ਕੁਮਾਰ ਦੀ ਨਿਸ਼ਾਨਦੇਹੀ 'ਤੇ 315 ਬੋਰ ਦਾ ਦੇਸੀ ਪਿਸਤੌਲ ਤੇ 315 ਬੋਰ ਦਾ ਇਕ ਕਾਰਤੂਸ ਬਰਾਮਦ ਕੀਤਾ ਗਿਆ ਸੀ। ਹਰ ਪੱਖੋਂ ਇਹ ਅਪਰਾਧ ਗੰਭੀਰ ਹੈ ਅਤੇ ਮੁਲਜ਼ਮ ਦੇ ਕਾਨੂੰਨੀ ਪ੍ਰਕਿਰਿਆ ਤੋਂ ਭੱਜਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਇਸ ਲਈ ਮੁਲਜ਼ਮ/ਬਿਨੈਕਾਰ ਨੂੰ ਜ਼ਮਾਨਤ ਦੇਣ ਦਾ ਕੋਈ ਆਧਾਰ ਨਹੀਂ ਬਣਦਾ ਅਤੇ ਇਸ ਲਈ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ।

ਪੰਜਾਬ ਪੁਲਸ 'ਤੇ ਇੱਟਾਂ-ਰੋੜਿਆਂ ਨਾਲ ਹਮਲਾ, 2 ਮੁਲਾਜ਼ਮ ਲਹੂ-ਲੁਹਾਣ

ਗੁਰਦਾਸਪੁਰ 31 ਅਕਤੂਬਰ। ਬੀਤੀ ਦੇਰ ਰਾਤ ਡੇਰਾ ਬਾਬਾ ਨਾਨਕ ਦੇ ਪਿੰਡ ਸ਼ਿਕਾਰ ਮਾਛੀਆਂ ਵਿੱਚ ਦੋ ਧਿਰਾਂ ਦੇ ਝਗੜੇ ਨੂੰ ਛੁਡਾਉਣ ਪਹੁੰਚੀ ਪੁਲਸ ਪਾਰਟੀ 'ਤੇ ਇੱਟਾਂ-ਰੋੜਿਆਂ ਨਾਲ ਹਮਲਾ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਵਾਰਦਾਤ ਨੇ ਸਾਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ। ਜਾਣਕਾਰੀ ਮੁਤਾਬਕ ਪਿੰਡ ਸ਼ਿਕਾਰ ਮਾਛੀਆਂ ਦੇ ਰਿੰਕੂ ਮਸੀਹ ਦਾ ਬਲਵਿੰਦਰ ਸਿੰਘ ਨਾਲ ਝਗੜਾ ਹੋ ਰਿਹਾ ਸੀ। ਜਿਸ ਨੂੰ ਛੁਡਾਉਣ ਲਈ ਪਿੰਡ ਦੇ ਸਰਪੰਚ ਨੇ ਥਾਣਾ ਕੋਟਲੀ ਸੂਰਤ ਮੱਲੀ ਦੀ ਪੁਲਸ ਨੂੰ ਸੂਚਨਾ ਦਿੱਤੀ। ਸੂਚਨਾ ਤੋਂ ਬਾਅਦ 4 ਮੁਲਾਜ਼ਮ ਮੌਕੇ 'ਤੇ ਪਹੁੰਚੇ ਤਾਂ ਰਿੰਕੂ ਮਸੀਹ ਦੀ ਧਿਰ ਨੇ ਪੁਲਸ 'ਤੇ ਹੀ ਹਮਲਾ ਕਰ ਦਿੱਤਾ। ਹਮਲੇ 'ਚ 2 ਪੁਲਸ ਮੁਲਾਜ਼ਮ ਗੰਭੀਰ ਜ਼ਖਮੀ ਹੋ ਗਏ ਅਤੇ ਬਲਵਿੰਦਰ ਸਿੰਘ ਧਿਰ ਦੇ ਵੀ ਗੰਭੀਰ ਸੱਟਾਂ ਲੱਗੀਆਂ। ਥਾਣਾ ਕੋਟਲੀ ਸੂਰਤ ਮੱਲੀ ਦੇ ਐਸ.ਐਚ.ਓ. ਸਤਪਾਲ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਖਿਲਾਫ ਧਾਰਾ 307 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। 2 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦਕਿ ਬਾਕੀਆਂ ਦੀ ਭਾਲ ਕੀਤੀ ਜਾ ਰਹੀ ਹੈ। ਉਧਰ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਹਮਲਾ ਕਰਨ ਵਾਲੇ ਨਸ਼ੇ ਦਾ ਕਾਰੋਬਾਰ ਕਰਦੇ ਹਨ। ਜਦੋਂ ਉਨ੍ਹਾਂ ਨੂੰ ਪਿੰਡ 'ਚ ਵੜਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਹਮਲਾ ਕਰ ਦਿੱਤਾ। ਬਾਅਦ 'ਚ ਮੌਕੇ 'ਤੇ ਪਹੁੰਚੀ ਪੁਲਸ 'ਤੇ ਵੀ ਉਸੇ ਧਿਰ ਨੇ ਹਮਲਾ ਕੀਤਾ। ਜਿਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਬਦਮਾਸ਼ਾਂ ਨੂੰ ਹੁਣ ਪੁਲਸ ਦਾ ਵੀ ਖੌਫ ਨਹੀਂ ਰਿਹਾ।

50 ਫੁੱਟ ਡੂੰਘੀ ਡਿੱਗੀ 'ਚ ਡਿੱਗੇ ਨੌਜਵਾਨ ਨੂੰ ਸੁਰੱਖਿਅਤ ਕੱਢਿਆ ਗਿਆ ਬਾਹਰ

ਫਾਜ਼ਿਲਕਾ 31 ਅਕਤੂਬਰ। ਫਾਜ਼ਿਲਕਾ 'ਚ ਰੇਲਵੇ ਅੰਡਰਬ੍ਰਿਜ ਦੇ ਨੇੜੇ ਲਗਭਗ 50 ਫੁੱਟ ਡੂੰਘੀ ਡਿੱਗੀ 'ਚ ਢੱਕਣ ਸਮੇਤ ਡਿੱਗੇ ਇੱਕ ਨੌਜਵਾਨ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਬਚਾਅ ਮੁਹਿੰਮ ਚਲਾਈ ਗਈ। ਇਹ ਡਿੱਗੀ ਪਾਣੀ ਦੀ ਨਿਕਾਸੀ ਲਈ ਬਣਾਈ ਗਈ ਸੀ। ਮੌਕੇ 'ਤੇ ਮੌਜੂਦ ਰੋਹਿਤ ਕਟਾਰੀਆ ਦੇ ਦੱਸਣ ਮੁਤਾਬਕ ਨੌਜਵਾਨ ਰੇਲਵੇ ਅੰਡਰਬ੍ਰਿਜ ਦੇ ਨੇੜੇ ਪੈਦਲ ਜਾ ਰਿਹਾ ਸੀ ਕਿ ਅਚਾਨਕ ਉਹ ਪਾਣੀ ਦੀ ਨਿਕਾਸੀ ਲਈ ਬਣਾਈ ਗਈ ਡਿੱਗੀ ਦੇ ਢੱਕਣ ਸਮੇਤ ਹੇਠਾਂ ਜਾ ਡਿੱਗਿਆ। ਘਟਨਾ ਨੂੰ ਦੇਖ ਕੇ ਉੱਥੇ ਮੌਜੂਦ ਯਾਤਰੀ ਘਬਰਾ ਗਏ ਅਤੇ ਉਨ੍ਹਾਂ ਨੇ ਤੁਰੰਤ ਜੀ. ਆਰ. ਪੀ. ਨੂੰ ਸੂਚਿਤ ਕੀਤਾ। ਜਾਣਕਾਰੀ ਮਿਲਦਿਆਂ ਹੀ ਜੀ. ਆਰ. ਪੀ. ਇੰਚਾਰਜ ਪ੍ਰਗਟ ਸਿੰਘ ਅਤੇ ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚੀ। ਡਿੱਗੀ ਦੀ ਜ਼ਿਆਦਾ ਡੂੰਘਾਈ ਨੂੰ ਦੇਖਦੇ ਹੋਏ ਫਾਇਰ ਬ੍ਰਿਗੇਡ ਦੀ ਮਦਦ ਲਈ ਗਈ ਅਤੇ ਪੌੜੀ ਦੀ ਸਹਾਇਤਾ ਨਾਲ ਡਿੱਗੀ 'ਚ ਉੱਤਰ ਕੇ ਨੌਜਵਾਨ ਨੂੰ ਬਾਹਰ ਕੱਢ ਲਿਆ ਗਿਆ। ਇਸ ਹਾਦਸੇ 'ਚ ਨੌਜਵਾਨ ਦੀ ਬਾਂਹ 'ਤੇ ਸੱਟ ਲੱਗੀ, ਜਿਸ ਤੋਂ ਬਾਅਦ ਉਸ ਨੂੰ ਤੁਰੰਤ ਸਰਕਾਰੀ ਹਸਪਤਾਲ 'ਚ ਇਲਾਜ ਲਈ ਪਹੁੰਚਾਇਆ ਗਿਆ। ਜੀ. ਆਰ. ਪੀ. ਇੰਚਾਰਜ ਪ੍ਰਗਟ ਸਿੰਘ ਨੇ ਦੱਸਿਆ ਕਿ ਨੌਜਵਾਨ ਨੂੰ ਸੁਰੱਖਿਅਤ ਬਾਹਰ ਕੱਢਣਾ ਉਨ੍ਹਾਂ ਦੀ ਪਹਿਲੀ ਤਰਜ਼ੀਹ ਸੀ। ਨੌਜਵਾਨ ਦੀ ਪਛਾਣ ਅਤੇ ਹਾਦਸੇ ਦੇ ਕਾਰਨਾਂ ਬਾਰੇ ਜਾਣਕਾਰੀ ਇਲਾਜ ਤੋਂ ਬਾਅਦ ਇਕੱਠੀ ਕੀਤੀ ਜਾਵੇਗੀ।

ਮਲਟੀਵਿਟਾਮਿਨ ਸਿਰਪ 'ਚ ਮਿਲਾਵਟ ਮਾਮਲੇ 'ਚ ਨਿਰਮਾਤਾ ਕੰਪਨੀ ਨੂੰ 40 ਹਜ਼ਾਰ ਜੁਰਮਾਨਾ

ਕੌਮੀ ਪਤ੍ਰਿਕਾ

ਚੰਡੀਗੜ੍ਹ 31 ਅਕਤੂਬਰ। ਮਲਟੀਵਿਟਾਮਿਨ ਸਿਰਪ ਲਾਈਜ਼ਿਡ 'ਚ ਮਿਲਾਵਟ ਅਤੇ ਪਾਬੰਦੀਸ਼ੁਦਾ ਤੱਤ ਮਿਲਣ ਦੇ ਇਕ ਮਾਮਲੇ 'ਚ ਜ਼ਿਲ੍ਹਾ ਅਦਾਲਤ ਨੇ ਨਿਰਮਾਤਾ ਕੰਪਨੀ ਨੂੰ ਦੋਸ਼ੀ ਕਰਾਰ ਦਿੰਦਿਆਂ ?40 ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਹਾਲਾਂਕਿ, ਇਸ ਮਾਮਲੇ 'ਚ ਅਦਾਲਤ ਨੇ ਸਪਲੀਮੈਂਟ ਦੇ ਰਿਟੇਲਰ, ਥੋਕ ਵਿਤਰਕ ਅਤੇ ਮਾਰਕੀਟਰ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ। ਖ਼ੁਰਾਕ ਸੁਰੱਖਿਆ ਅਧਿਕਾਰੀ ਨਿਸ਼ਾ ਸਿਆਲ ਦੀ ਟੀਮ ਨੇ 27 ਮਾਰਚ 2023 ਨੂੰ ਮਨੀਮਾਜਰਾ ਸਥਿਤ ਗਰੋਵਰ ਐਂਡ ਸੰਨਜ਼ ਦੀ ਦੁਕਾਨ ਦਾ ਨਿਰੀਖਣ ਕੀਤਾ ਸੀ। ਇਸ ਦੌਰਾਨ ਦੁਕਾਨ 'ਚ ਵਿਕਰੀ ਲਈ ਰੱਖੀਆਂ ਲਾਈਜ਼ਿਡ ਸਿਰਪ ਦੀਆਂ ਸੀਲਬੰਦ ਬੋਤਲਾਂ ਦੇ ਨਮੂਨੇ ਲਏ ਗਏ। ਵਿਭਾਗ ਨੇ ਇਹ ਨਮੂਨੇ ਜਾਂਚ ਲਈ ਗੁਰੂਗ੍ਰਾਮ ਦੀ

ਲੈਬਾਰਟਰੀ 'ਚ ਭੇਜੇ, ਜਿੱਥੇ ਸਿਰਪ ਨਿਰਧਾਰਤ ਮਾਪਦੰਡਾਂ ਦੇ ਅਨੁਕੂਲ ਨਹੀਂ ਪਾਇਆ ਗਿਆ। ਇਸ ਤੋਂ ਬਾਅਦ ਮੁੰਬਈ ਸਥਿਤ ਰੈਫਰਲ ਫੂਡ ਲੈਬਾਰਟਰੀ 'ਚ ਵੀ ਇਸ ਦੀ ਜਾਂਚ ਕਰਵਾਈ ਗਈ। ਰੈਫਰਲ ਲੈਬਾਰਟਰੀ ਦੀ ਰਿਪੋਰਟ ਅਨੁਸਾਰ, ਸਿਰਪ 'ਚ ਵਿਟਾਮਿਨ ਸੀ ਦੀ ਮਾਤਰਾ ਲੇਬਲ 'ਤੇ ਦਰਸਾਈ ਗਈ ਮਾਤਰਾ ਤੋਂ ਵੱਧ ਸੀ, ਜਦਕਿ ਊਰਜਾ, ਕਾਰਬੋਹਾਈਡ?ਰੇਟ, ਵਿਟਾਮਿਨ ਏ ਅਤੇ ਜ਼ਿੰਕ ਦੀ ਮਾਤਰਾ ਘੱਟ ਪਾਈ ਗਈ। ਇਸ ਤੋਂ ਇਲਾਵਾ, ਇਸ 'ਚ ਸੈਕਰੀਨ ਵੀ ਮਿਲਿਆ, ਜਿਸ ਦੀ ਇਸ ਕਿਸਮ ਦੇ ਸਿਰਪ 'ਚ ਵਰਤੋਂ 'ਤੇ ਪਾਬੰਦੀ ਹੈ। ਸਿਰਪ ਦੇ ਲੇਬਲ 'ਤੇ ਰੰਗ ਅਤੇ ਪ੍ਰਿਜ਼ਰਵੇਟਿਵਜ਼ ਸਬੰਧੀ ਜਾਣਕਾਰੀ 'ਚ ਵੀ ਨਿਯਮਾਂ ਦੀ ਉਲੰਘਣਾ ਪਾਈ ਗਈ। ਅਦਾਲਤ ਨੇ ਮੰਨਿਆ ਕਿ ਉਤਪਾਦ ਦੇ ਫਾਰਮੂਲੇ ਅਤੇ ਨਿਰਮਾਣ ਮਾਪਦੰਡਾਂ ਦੀ ਜ਼ਿੰਮੇਵਾਰੀ ਨਿਰਮਾਤਾ ਕੰਪਨੀ ਦੀ ਸੀ। ਦੂਜੇ ਪਾਸੇ, ਰਿਟੇਲਰ, ਵਿਤਰਕ ਅਤੇ ਮਾਰਕੀਟਰ ਖ਼?ਲਾਫ਼ ਅਜਿਹੇ ਹਾਲਾਤ ਸਾਬਤ ਨਹੀਂ ਹੋਏ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਖ਼ੁਰਾਕ ਸੁਰੱਖਿਆ ਕਾਨੂੰਨ ਤਹਿਤ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਇਸ ਲਈ ਅਦਾਲਤ ਨੇ ਨਿਰਮਾਤਾ ਕੰਪਨੀ ਨੂੰ ਦੋਸ਼ੀ ਕਰਾਰ ਦਿੰਦਿਆਂ ਜੁਰਮਾਨਾ ਭਰਨ ਦੇ ਨਿਰਦੇਸ਼ ਦਿੱਤੇ।

ਨਸ਼ੇ ਦੀ ਓਵਰਡੋਜ਼ ਨਾਲ ਮੁੰਡੇ ਦੀ ਮੌਤ ! ਲੋਕਾਂ ਨੇ ਭੰਨ੍ਹ'ਤਾ ਮੈਡੀਕਲ ਸਟੋਰ

ਲੁਧਿਆਣਾ 31 ਅਕਤੂਬਰ। ਇੱਕ ਪਾਸੇ ਜਿੱਥੇ ਨਸ਼ਿਆਂ ਖ਼?ਲਾਫ਼ ਲੜਾਈ ਲੜਣ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਗਰੋਂ ਅੱਜ 'ਪੰਜਾਬ ਬੰਦ' ਹੈ, ਉੱਥੇ ਹੀ ਲੁਧਿਆਣਾ ਵਿਚ ਇਕ ਨੌਜਵਾਨ ਦੀ ਕਥਿਤ ਤੌਰ 'ਤੇ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਮਗਰੋਂ ਲੋਕਾਂ ਦਾ ਗੁੱਸਾ ਹੋਰ ਭੜਕ ਉੱਠਿਆ ਤੇ ਉਨ੍ਹਾਂ ਨੇ ਮੈਡੀਕਲ ਸਟੋਰ 'ਤੇ ਭੰਨ੍ਹਤੋੜ ਕੀਤੀ। ਜਾਣਕਾਰੀ ਮੁਤਾਬਕ, ਅੱਜ ਲੁਧਿਆਣਾ ਦੇ ਕਰਾਬਾਰਾ ਰੋਡ 'ਤੇ ਇਕ ਮੈਡੀਕਲ ਸਟੋਰ 'ਤੇ ਭੰਨ੍ਹਤੋੜ ਦਾ ਮਾਮਲਾ ਸਾਹਮਣੇ ਆਇਆ ਹੈ। ਲੋਕਾਂ ਦਾ ਦੋਸ਼ ਹੈ ਕਿ ਇਕ ਨੌਜਵਾਨ ਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨੌਜਵਾਨ ਨੇ ਉਸੇ ਮੈਡੀਕਲ ਸਟੋਰ ਤੋਂ ਨਸ਼ੇ ਦੀਆਂ ਦਵਾਈਆਂ ਖਰੀਦੀਆਂ ਸਨ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦਾ ਦਾਅਵਾ ਹੈ ਕਿ ਸਾਹਿਲ ਨੇ ਆਪਣੀਆਂ ਨਵੀਆਂ ਪੈਂਟਾਂ ਦੇ ਕੇ ਨਸ਼ਿਆਂ ਲਈ ਗੋਲੀਆਂ ਸਨ। ਮ੍ਰਿਤਕ ਨੌਜਵਾਨ ਦੀ ਪਛਾਣ ਕਰਾਬਾਰਾ ਦੇ ਰਹਿਣ ਵਾਲੇ ਸਾਹਿਲ ਠਾਕੁਰ ਉਰਫ਼ ਸੈਫ਼ੀ ਵਜੋਂ ਹੋਈ ਹੈ, ਜਿਸ ਦੀ ਉਮਰ ਮਹਿਜ਼ 33 ਸਾਲ ਸੀ। ਉਸ ਦੀਆਂ 2 ਛੋਟੀਆਂ ਧੀਆਂ ਵੀ ਹਨ, ਜਿਨ੍ਹਾਂ ਵਿਚੋਂ ਇਕ ਦੀ ਉਮਰ ਢਾਈ ਤੇ ਦੂਜੀ ਦੀ 5 ਸਾਲ ਹੈ। ਨੌਜਵਾਨ ਦੀ ਮੌਤ ਤੋਂ ਬਾਅਦ, ਮੈਡੀਕਲ ਸਟੋਰ ਮਾਲਕ ਵਿਰੁੱਧ ਲੋਕਾਂ ਦਾ ਗੁੱਸਾ ਭੜਕ ਉੱਠਿਆ, ਜਿਨ੍ਹਾਂ ਨੇ ਕਥਿਤ ਤੌਰ 'ਤੇ ਸਟੋਰ ਦੀ ਭੰਨਤੋੜ ਕੀਤੀ ਅਤੇ ਸਟੋਰ ਮਾਲਕ 'ਤੇ ਹਮਲਾ ਕੀਤਾ। ਇਸ ਦੌਰਾਨ, ਉਕਤ ਮੈਡੀਕਲ ਸਟੋਰ ਦੇ ਮਾਲਕ ਦਾ ਕਹਿਣਾ ਹੈ ਕਿ ਮ੍ਰਿਤਕ ਨੌਜਵਾਨ ਨੇ ਜ਼ਰੂਰ ਕੋਈ ਹੋਰ ਨਸ਼ਾ ਕੀਤਾ ਹੋਵੇਗਾ, ਜਿਸ ਕਾਰਨ ਉਸਦੀ ਮੌਤ ਹੋਈ। ਉਸ 'ਤੇ ਲੱਗੇ ਦੋਸ਼ ਬੇਬੁਨਿਆਦ ਹਨ।

ਓਵਰਹਾਈਟ ਟਿੱਪਰ ਨੇ ਖੰਭੇ ਨੂੰ ਮਾਰੀ ਟੱਕਰ, ਕਈ ਇਲਾਕਿਆਂ 'ਚ ਬਿਜਲੀ ਸਪਲਾਈ ਠੱਪ

ਕੌਮੀ ਪਤ੍ਰਿਕਾ

ਲੁਧਿਆਣਾ 31 ਅਕਤੂਬਰ। ਨਗਰ ਨਿਗਮ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਟਿੱਬਾ ਰੋਡ 'ਤੇ ਸੋਮਵਾਰ ਦੀ ਦੇਰ ਰਾਤ ਨੂੰ ਇਕ ਭਿਆਨਕ ਹਾਦਸੇ ਕਾਰਨ ਹਫੜਾ-ਦਫੜੀ ਮਚ ਗਈ। ਦਹਿਸ਼ਤ ਦੇ ਮਾਰੇ ਲੋਕ ਆਪਣੀ ਜਾਨ ਬਚਾਉਣ ਲਈ ਇਧਰ-ਉਧਰ ਭੱਜਦੇ ਹੋਏ ਦਿਖਾਈ ਦਿੱਤੇ ਅਤੇ ਬਚਾਓ-ਬਚਾਓ ਦਾ ਚੀਕ-ਚਿਹਾੜਾ ਇਲਾਕੇ ਵਿਚ ਵਿਚ ਗੂੰਜ ਉੱਠਿਆ। ਜਾਣਕਾਰੀ ਮੁਤਾਬਕ ਟਿੱਬਾ ਰੋਡ ਇਲਾਕੇ ਵਿਚ ਓਵਰਹਾਈਟ ਟਿੱਪਰ ਬੇਕਾਬੂ ਹੋ ਕੇ ਸੜਕ ਕੰਢੇ ਲੱਗੇ ਬਿਜਲੀ ਦੇ ਖੰਭਿਆ ਨਾਲ ਜਾ ਟਕਰਾਇਆ। ਪ੍ਰਤੱਖ ਦੇਖਣ ਵਾਲਿਆਂ ਮੁਤਾਬਕ ਟੱਕਰ ਇੰਨੀ ਜ਼ੋਰਦਾਰ ਸੀ ਕਿ ਘਰਾਂ ਵਿਚ ਬੈਠੇ ਲੋਕ ਦਹਿਸ਼ਤ ਦੇ ਮਾਰੇ ਕੰਬ ਉੱਠੇ। ਮੰਨੋ ਜਿਵੇਂ ਇਲਾਕੇ ਵਿਚ ਕੋਈ ਜ਼ੋਰਦਾਰ ਧਮਾਕਾ ਹੋ ਗਿਆ ਹੋਵੇ। ਇਸ ਦੌਰਾਨ ਸੜਕ ਤੋਂ ਗੁਜ਼ਰ ਰਹੇ ਰਾਹਗੀਰਾਂ ਨੇ ਬੜੀ ਮੁਸ਼ਕਲ ਨਾਲ ਭੱਜ ਕੇ ਆਪਣੀ ਜਾਨ ਬਚਾਈ। ਹਾਦਸੇ ਦੌਰਾਨ ਬਿਜਲੀ ਦੇ ਕਈ ਖੰਭੇ ਅਤੇ ਤਾਰਾਂ ਦੇ ਜਾਲ ਟੁੱਟ ਕੇ ਸੜਕ 'ਤੇ ਵਿਛ ਗਏ, ਜਿਸ ਕਾਰਨ ਸੜਕ 'ਤੇ ਆਵਾਜਾਈ ਰਾਤ ਕਰੀਬ ਸਾਢੇ 4 ਵਜੇ ਤੱਕ ਠੱਪ ਪਈ ਰਹੀ। ਸੜਕ ਦੇ ਦੋਵੇਂ ਪਾਸੇ ਭਾਰੀ ਟ?ਰੈਫਿਕ ਜਾਮ ਲੱਗਾ ਰਿਹਾ ਤੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹਾਦਸੇ ਤੋਂ ਤੁਰੰਤ ਬਾਅਦ ਬਿਜਲੀ ਦੀ ਸਪਲਾਈ ਬਿਜਲੀ ਦੀ ਸਪਲਾਈ ਠੱਪ ਪੈਣ ਕਾਰਨ ਕਈ ਇਲਾਕਿਆਂ ਵਿਚ ਹਨੇਰਾ ਪੱਸਰ ਗਿਆ। ਸੋਮਵਾਰ ਦੀ ਦੇਰ ਰਾਤ ਤੋਂ ਲੈ ਕੇ ਮੰਗਲਵਾਰ ਸਵੇਰ ਤੱਕ ਲੋਕਾ ਨੂੰ ਬਿਜਲੀ ਅਤੇ ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਨਾਲ ਜੂਝਣਾ ਪਿਆ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੀ ਫੋਕਲ ਪੁਆਇੰਟ ਡਵੀਜ਼ਨ ਵਿਚ ਤਾਇਨਾਤ ਐਕਸੀਅਨ ਸੰਜੀਵ ਕੁਮਾਰ ਜੌਲੀ ਨੇ ਕਿਹਾ ਕਿ ਦੇਰ ਰਾਤ ਨੂੰ ਹੋਏ ਹਾਦਸੇ ਦੀ ਜਾਣਕਾਰੀ ਮਿਲਣ ਤੋਂ ਤੁਰੰਤ ਬਾਅਦ ਹੀ ਵਿਭਾਗੀ ਮੁਲਾਜ਼ਮਾਂ ਦੀ ਟੀਮ ਨੂੰ ਮੌਕੇ 'ਤੇ ਭੇਜ ਕੇ ਬਿਜਲੀ ਦੇ ਖੰਭੇ ਨੂੰ ਸੜਕ ਤੋਂ ਹਟਾਉਂਦੇ ਹੋਏ ਇਲਾਕੇ ਵਿਚ ਟ?ਰੈਫਿਕ ਜਾਮ ਦੀ ਸਮੱਸਿਆ ਨੂੰ ਖਤਮ ਕੀਤਾ ਗਿਆ। ਬਿਜਲੀ ਦੇ ਲੋਡ ਨੂੰ ਹੋਰ ਟ?ਰਾਂਸਫਰ 'ਤੇ ਸ਼ਿਫਟ ਕਰਕੇ ਪੂਰੇ ਇਲਾਕੇ ਵਿਚ ਬਿਜਲੀ ਦੀ ਸਪਲਾਈ ਨੂੰ ਬਹਾਲ ਕਰ ਦਿੱਤਾ ਗਿਆ ਸੀ, ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਲੁਧਿਆਣਾ 'ਚ ਸਪੈਸ਼ਲ ਆਪ੍ਰੇਸ਼ਨ ਦੌਰਾਨ 2 ਗੈਂਗਸਟਰ ਕਾਬੂ !

ਚੰਡੀਗੜ੍ਹ 31 ਅਕਤੂਬਰ। ਐਂਟੀ-ਗੈਂਗਸਟਰ ਟਾਸਕ ਫੋਰਸ ਪੰਜਾਬ ਨੇ ਕਮਿਸ਼ਨਰੇਟ ਪੁਲਸ ਲੁਧਿਆਣਾ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਇਕ ਗੈਂਗਸਟਰ ਨੈੱਟਵਰਕ ਨਾਲ ਜੁੜੇ ਦੋ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਕੋਲੋਂ ਇਕ ਗਲੌਕ 9✡✡ ਪਿਸਤੌਲ ਅਤੇ 20 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਗਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਬੂ ਕੀਤੇ ਗਏ ਮੁਲਜ਼ਮ ਵਿਦੇਸ਼ ਬੈਠੇ ਹੈਂਡਲਰਾਂ ਦੇ ਸੰਪਰਕ ਵਿਚ ਸਨ ਅਤੇ ਉਨ੍ਹਾਂ ਨੂੰ ਫਿਰੌਤੀ ਵਸੂਲਣ ਦੇ ਮਕਸਦ ਨਾਲ ਚੰਡੀਗੜ੍ਹ-ਮੋਹਾਲੀ ਇਲਾਕੇ ਵਿਚ ਫਾਇਰਿੰਗ ਕਰਨ ਦਾ ਟਾਸਕ ਸੌਂਪਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਮੇਂ ਸਿਰ ਗ੍ਰਿਫ਼ਤਾਰੀ ਨਾਲ ਯੋਜਨਾਬੱਧ ਫਾਇਰਿੰਗ ਦੀ ਵਾਰਦਾਤ ਟਲ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧੀ ਥਾਣਾ ਡਵੀਜ਼ਨ ਨੰਬਰ 8, ਲੁਧਿਆਣਾ ਵਿਖੇ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ। ਡੀ. ਜੀ. ਪੀ. ਨੇ ਕਿਹਾ ਕਿ ਪੰਜਾਬ ਪੁਲਸ ਗੈਂਗਸਟਰ ਨੈੱਟਵਰਕਾਂ ਦੇ ਖ਼ਾਤਮੇ, ਸੰਗਠਿਤ ਅਪਰਾਧ ਨੂੰ ਨੱਥ ਪਾਉਣ ਅਤੇ ਸਮੁੱਚੇ ਪੰਜਾਬ ਵਿਚ ਅਮਨ-ਕਾਨੂੰਨ, ਸ਼ਾਂਤੀ ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਵਿਆਹੀ ਪ੍ਰੇਮਿਕਾ ਨੂੰ ਲੈ ਕੇ ਹੋਟਲ 'ਚ ਗਏ ਪ੍ਰੇਮੀ ਨੇ ਕਰ'ਤਾ ਵੱਡਾ ਕਾਂਡ, ਘਟਨਾ ਜਾਣ ਉਡਣਗੇ ਹੋਸ਼

ਕੌਮੀ ਪਤ੍ਰਿਕਾ

ਤਪਾ ਮੰਡੀ 30 ਅਕਤੂਬਰ। ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਸਥਿਤ ਥਾਣਾ ਤਪਾ ਦੇ ਬਿਲਕੁਲ ਸਾਹਮਣੇ ਮਿਲਨ ਹੋਟਲ ਵਿਚ ਇਕ ਮਹਿਲਾ ਦੀ ਖ਼ੂਨ ਨਾਲ ਲੱਥਪੱਥ ਲਾਸ਼ ਮਿਲਣ ਕਾਰਨ ਇਲਾਕੇ ਵਿਚ ਸਨਸਨੀ ਫੈਲ ਗਈ। ਮ੍ਰਿਤਕਾ ਦੀ ਪਛਾਣ ਜਸਵੀਰ ਕੌਰ ਪਤਨੀ ਮੰਗਾ ਸਿੰਘ ਵਾਸੀ ਬਾਜ਼ੀਗਰ ਬਸਤੀ, ਤਪਾ ਵਜੋਂ ਹੋਈ ਹੈ। ਪੁਲਸ ਨੇ ਮੰਗਾ ਸਿੰਘ ਪੁੱਤਰ ਰਾਮ ਚੰਦ ਦੇ ਬਿਆਨਾਂ ਦੇ ਆਧਾਰ 'ਤੇ ਅਮਨਦੀਪ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਬਦਰਾ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਉਸ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਸਵੀਰ ਕੌਰ (31) ਅਤੇ ਅਮਨਦੀਪ ਸਿੰਘ ਹੋਟਲ ਵਿਚ ਕਮਰਾ ਲੈ ਕੇ ਠਹਿਰੇ ਸਨ। ਦੱਸਿਆ ਜਾਂਦਾ ਹੈ ਕਿ ਦੋਵਾਂ ਵਿਚਕਾਰ ਲੰਮੇ ਸਮੇਂ ਤੋਂ ਕਥਿਤ ਨਾਜਾਇਜ਼ ਸਬੰਧ ਸਨ। ਹੋਟਲ ਵਿਚ ਕਮਰਾ ਲੈਣ ਤੋਂ ਬਾਅਦ ਅਮਨਦੀਪ ਸਿੰਘ ਹੋਟਲ ਮਾਲਕ ਨੂੰ ਕੁਝ ਸਮੇਂ ਬਾਅਦ ਵਾਪਸ ਆਉਣ ਦੀ ਗੱਲ ਕਹਿ ਕੇ ਚਲਾ ਗਿਆ ਪਰ ਕਾਫ਼ੀ ਸਮਾਂ ਬੀਤਣ ਦੇ ਬਾਵਜੂਦ ਵਾਪਸ ਨਹੀਂ ਆਇਆ। ਜਦੋਂ ਹੋਟਲ ਮਾਲਕ ਨੇ ਕਮਰੇ ਦੀ ਜਾਂਚ ਕੀਤੀ ਤਾਂ ਅੰਦਰ ਜਸਵੀਰ ਕੌਰ ਦੀ ਖ਼ੂਨ ਨਾਲ ਲੱਥਪੱਥ ਲਾਸ਼ ਪਈ ਮਿਲੀ। ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ। ਮੁੱਢਲੀ ਜਾਣਕਾਰੀ ਅਨੁਸਾਰ ਮਹਿਲਾ ਦੇ ਸਰੀਰ 'ਤੇ ਤੇਜ਼ਧਾਰ ਹਥਿਆਰ ਨਾਲ ਕੀਤੇ ਗਏ ਵਾਰਾਂ ਦੇ ਨਿਸ਼ਾਨ ਹੋਣ ਦੀ ਗੱਲ ਸਾਹਮਣੇ ਆਈ ਹੈ। ਹਾਲਾਂਕਿ ਮੌਤ ਨਾਲ ਸਬੰਧਤ ਸਾਰੇ ਤੱਥਾਂ ਦੀ ਪੁਸ਼ਟੀ ਜਾਂਚ ਅਤੇ ਡਾਕਟਰੀ ਰਿਪੋਰਟ ਤੋਂ ਬਾਅਦ ਹੀ ਹੋ ਸਕੇਗੀ। ਸੂਚਨਾ ਮਿਲਣ 'ਤੇ ਡੀਐੱਸਪੀ ਤਪਾ ਜਸਕਰਨ ਸਿੰਘ ਬਰਾੜ,

ਥਾਣਾ ਮੁਖੀ ਅਮਰੀਕ ਸਿੰਘ ਗਰੇਵਾਲ ਅਤੇ ਚੌਕੀ ਇੰਚਾਰਜ ਕੁਲਵੰਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਮੌਕੇ 'ਤੇ ਪਹੁੰਚੀ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਬਰਨਾਲਾ ਦੇ ਮੁਰਦਾਘਰ ਵਿਚ ਭੇਜ ਦਿੱਤਾ। ਘਟਨਾ ਤੋਂ ਬਾਅਦ ਮੌਕੇ 'ਤੇ ਇਕੱਠੇ ਹੋਏ ਕੁਝ ਲੋਕਾਂ ਨੇ ਕਿਹਾ ਕਿ ਬਠਿੰਡਾ-ਚੰਡੀਗੜ੍ਹ ਮੁੱਖ ਮਾਰਗ 'ਤੇ ਸਥਿਤ ਹੋਟਲਾਂ ਵਿਚ ਸਮੇਂ-ਸਮੇਂ 'ਤੇ ਸ਼ੱਕੀ ਵਿਅਕਤੀਆਂ ਦਾ ਆਉਣਾ-ਜਾਣਾ ਰਹਿੰਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਕੁਝ ਲੋਕ ਅਜਿਹੀਆਂ ਥਾਵਾਂ ਨੂੰ ਆਪਣੀ ਆਮਦਨ ਦਾ ਸਾਧਨ ਬਣਾਈ ਬੈਠੇ ਹਨ। ਲੋਕਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਹੋਟਲਾਂ ਵਿਚ ਹੋਣ ਵਾਲੀਆਂ ਸ਼ੱਕੀ ਗਤੀਵਿਧੀਆਂ ਦੀ ਜਾਂਚ ਕੀਤੀ ਜਾਵੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਜਿਹੀਆਂ ਥਾਵਾਂ 'ਤੇ ਨਿਯਮਤ ਜਾਂਚ ਹੋਣ ਨਾਲ ਅਪਰਾਧਿਕ ਘਟਨਾਵਾਂ ਨੂੰ ਰੋਕਣ ਵਿਚ ਮਦਦ ਮਿਲ ਸਕਦੀ ਹੈ। ਪੁਲਸ ਵੱਲੋਂ ਅਮਨਦੀਪ ਸਿੰਘ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਡੀ.ਐਸ.ਪੀ ਤਪਾ ਜਸਕਰਨ ਸਿੰਘ ਬਰਾੜ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਮਾਮਲਾ ਨਜਾਇਜ਼ ਸੰਬੰਧਾਂ ਦਾ ਹੈ, ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਮ੍ਰਿਤਕਾ ਅਪਣੇ ਪਿੱਛੇ ਇਕ ਲੜਕਾ ਅਤੇ ਲੜਕੀ ਛੱਡ ਗਈ ਹੈ।

ਖ਼ਾਲੀ ਪਲਾਟ ਤੋਂ ਅਣਪਛਾਤੀ ਔਰਤ ਦੀ ਲਾਸ਼ ਬਰਾਮਦ, ਕਤਲ ਦਾ ਸ਼ੱਕ

ਬਠਿੰਡਾ 30 ਅਕਤੂਬਰ। ਸਥਾਨਕ ਹਾਜੀਰਤਨ ਰੋਡ 'ਤੇ ਦੀਪ ਸਿੰਘ ਨਗਰ ਦੇ ਇੱਕ ਖਾਲੀ ਪਲਾਟ ਤੋਂ ਇੱਕ ਅਣਪਛਾਤੀ ਔਰਤ ਦੀ ਲਾਸ਼, ਦੀ ਲਾਸ਼ ਬਰਾਮਦ ਹੋਈ ਹੈ, ਜੋ ਕਿ ਕਈ ਦਿਨ ਪੁਰਾਣੀ ਮੰਨੀ ਜਾ ਰਹੀ ਹੈ। ਮੁੱਢਲੀ ਜਾਂਚ ਦੌਰਾਨ ਪੁਲਸ ਨੂੰ ਕਤਲ ਦਾ ਸ਼ੱਕ ਹੈ ਅਤੇ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਮਿਲਣ 'ਤੇ ਵਰਧਮਾਨ ਪੁਲਸ ਚੌਕੀ ਦੀ ਇੱਕ ਟੀਮ ਅਤੇ ਸਹਾਰਾ ਜਨ ਸੇਵਾ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ, ਦੇ ਹਰਬੰਸ ਸਿੰਘ, ਸੰਦੀਪ ਗਿੱਲ, ਰਜਿੰਦਰ ਕੁਮਾਰ ਅਤੇ ਕਮਲ ਗਰਗ ਮੌਕੇ 'ਤੇ ਪਹੁੰਚੇ। ਔਰਤ ਦੀ ਲਾਸ਼ ਬੁਰੀ ਤਰ੍ਹਾਂ ਸੜੀ ਹੋਈ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਕਈ ਦਿਨ ਪੁਰਾਣੀ ਹੈ, ਜਿਸ ਕਾਰਨ ਮ੍ਰਿਤਕ ਦੀ ਪਛਾਣ ਕਰਨਾ ਮੁਸ਼ਕਲ ਹੋ ਗਿਆ। ਮ੍ਰਿਤਕ ਨੇ ਲਾਲ ਟੀ-ਸ਼ਰਟ ਪਾਈ ਹੋਈ ਸੀ ਅਤੇ ਉਸਦਾ ਬਾਕੀ ਸਰੀਰ ਨੰਗਾ ਸੀ। ਵਰਧਮਾਨ ਪੁਲਸ ਸਟੇਸ਼ਨ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ, ਜਦੋਂ ਕਿ ਫਾਰੈਂਸਿਕ ਟੀਮ ਵੀ ਮੌਕੇ 'ਤੇ ਪਹੁੰਚੀ ਅਤੇ ਸਬੂਤ ਇਕੱਠੇ ਕੀਤੇ। ਮ੍ਰਿਤਕ ਦੇ ਦੋਵੇਂ ਹੱਥਾਂ 'ਤੇ ਰੂਪਾ, ਚੰਦਾ, ਵਿਕਰਮ ਅਤੇ ਅਜੈ ਨਾਮਾਂ ਵਾਲੇ ਟੈਟੂ ਸਨ। ਮ੍ਰਿਤਕ 35-40 ਸਾਲ ਦੀ ਜਾਪਦੀ ਹੈ। ਨੇੜਲੇ ਇਲਾਕੇ ਦੇ ਵਸਨੀਕਾਂ ਨੇ ਪਲਾਟ ਵਿੱਚੋਂ ਬਦਬੂ ਆਉਣ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਸ ਨੂੰ ਪਤਾ ਲੱਗਾ। ਜਾਂਚ ਤੋਂ ਬਾਅਦ ਸੰਸਥਾ ਮੈਂਬਰਾਂ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾਇਆ।

ਪੰਜਾਬ 'ਚ ਇੱਟਾਂ ਦੇ ਭਾਅ ਨੇ ਤੋੜੇ ਰਿਕਾਰਡ, ਪ੍ਰਤੀ ਹਜ਼ਾਰ ਇੱਟ ਦਾ ਮੁੱਲ ਸੁਣ ਲੱਗੇਗਾ ਝਟਕਾ

ਗੁਰਦਾਸਪੁਰ 31 ਅਕਤੂਬਰ। ਪੰਜਾਬ 'ਚ ਅਕਤੂਬਰ ਮਹੀਨੇ ਦੌਰਾਨ ਹੋਈ ਬੇਮੌਸਮੀ ਬਾਰਿਸ਼ ਨੇ ਖੇਤੀਬਾੜੀ ਦੇ ਨਾਲ-ਨਾਲ ਹੁਣ ਇਮਾਰਤੀ ਸਮੱਗਰੀ ਦੀਆਂ ਕੀਮਤਾਂ ਨੂੰ ਵੀ ਅੱਗ ਲਗਾ ਦਿੱਤੀ ਹੈ। ਗੁਰਦਾਸਪੁਰ ਜ਼ਿਲੇ 'ਚ ਇੱਟਾਂ ਦੀ ਭਾਰੀ ਕਿੱਲਤ ਅਤੇ ਕੀਮਤਾਂ 'ਚ ਵਾਧੇ ਕਾਰਨ ਆਮ ਘਰ ਬਣਾਉਣ ਵਾਲੇ ਲੋਕਾਂ ਤੋਂ ਲੈ ਕੇ ਉਸਾਰੀ ਠੇਕੇਦਾਰਾਂ ਤੱਕ ਦੀਆਂ ਚਿੰਤਾਵਾਂ ਵਧ ਗਈਆਂ ਹਨ। ਤਿੰਨ ਮਹੀਨੇ ਪਹਿਲਾਂ ਜੋ ਇੱਟ 7,500 ਤੋਂ 8,000 ਰੁਪਏ ਪ੍ਰਤੀ ਹਜ਼ਾਰ ਮਿਲ ਰਹੀ ਸੀ, ਉਸ ਦਾ ਰੇਟ ਹੁਣ ਵਧ ਕੇ 11,000 ਰੁਪਏ ਪ੍ਰਤੀ ਹਜ਼ਾਰ ਤੱਕ ਪਹੁੰਚ ਗਿਆ ਹੈ। ਜ਼ਿਲੇ ਦੇ ਕੁੱਲ 160 ਦੇ ਕਰੀਬ ਇੱਟਾਂ ਦੇ ਭੱਠਿਆਂ 'ਚੋਂ ਲਗਭਗ 80 ਫ਼ੀਸਦੀ ਭੱਠੀਆਂ 'ਤੇ ਤਿਆਰ ਇੱਟਾਂ ਦਾ ਸਟਾਕ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ। ਆਮ ਤੌਰ 'ਤੇ 15 ਸਤੰਬਰ ਤੋਂ ਨਵੇਂ ਸੀਜ਼ਨ ਦੀ ਤਿਆਰੀ ਸ਼ੁਰੂ ਹੁੰਦੀ ਹੈ ਪਰ ਇਸ ਵਾਰ ਪਹਿਲਾਂ ਮਜ਼ਦੂਰਾਂ ਦੀ ਘਾਟ ਅਤੇ ਬਾਅਦ 'ਚ 7, 11 ਅਤੇ 14 ਅਕਤੂਬਰ ਨੂੰ ਪਈ ਬਾਰਿਸ਼ ਨੇ ਭੱਠਾ ਮਾਲਕਾਂ ਦਾ ਕਾਫ਼ੀ ਨੁਕਸਾਨ ਕੀਤਾ ਹੈ। ਬਾਰਿਸ਼ ਦੇ ਪਾਣੀ ਨਾਲ ਹਜ਼ਾਰਾਂ ਕੱਚੀਆਂ ਇੱਟਾਂ ਘੁਲ ਕੇ ਖ਼ਰਾਬ ਹੋ ਗਈਆਂ, ਜਿਸ ਕਾਰਨ ਨਵੇਂ ਸੀਜ਼ਨ ਦੀ ਸ਼ੁਰੂਆਤ ਵੀ ਪਛੜ ਗਈ ਹੈ। ਗੁਰਦਾਸਪੁਰ ਨਾਲ ਸਬੰਧਤ ਭੱਠਾ ਮਾਲਕ ਕਸ਼ਮੀਰ ਸਿੰਘ ਗੁਰਾਇਆ ਨੇ ਦੱਸਿਆ ਕਿ ਪ੍ਰਵਾਸੀ ਮਜ਼ਦੂਰਾਂ ਦੀ ਘੱਟ ਆਮਦ ਅਤੇ ਮਜ਼ਦੂਰਾਂ ਦੇ ਵਿਦੇਸ਼ਾਂ ਵੱਲ ਰੁਖ਼ ਕਾਰਨ ਕੱਚੀਆਂ ਇੱਟਾਂ ਦੀ ਪਥਾਈ ਪ੍ਰਭਾਵਿਤ ਹੋਈ ਹੈ। ਇਸ ਤੋਂ ਇਲਾਵਾ ਤਿੰਨ ਮਹੀਨੇ ਪਹਿਲਾਂ 14,000 ਰੁਪਏ ਪ੍ਰਤੀ ਟਨ ਮਿਲਣ ਵਾਲਾ ਕੋਲਾ ਹੁਣ ਵਧ ਕੇ 19,000 ਰੁਪਏ ਪ੍ਰਤੀ ਟਨ ਹੋ ਗਿਆ ਹੈ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH EX.MALL, SECTOR-9,
ROHINI, NEW DELHI

ਮਹਾਰਿਸ਼ੀ ਵਾਲਮੀਕਿ ਜੀ ਨੇ ਰਾਮਾਇਣ ਰਾਹੀਂ ਮਨੁੱਖਤਾ ਨੂੰ ਜੀਵਨ ਜਿਊਣ ਦਾ ਰਾਹ ਵਿਖਾਇਆ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਚੰਡੀਗੜ੍ਹ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਜੀ ਨੇ ਰਾਮਾਇਣ ਦੇ ਮਾਧਿਅਮ ਰਾਹੀਂ ਸੰਸਾਰ ਨੂੰ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਦੇ ਆਦਰਸ਼ਾਂ ਤੋਂ ਜਾਣੂ ਕਰਵਾਇਆ। ਉਹਨਾਂ ਦੀ ਰਚਨਾ ਕੇਵਲ ਇੱਕ ਮਹਾਕਾਵਿ ਨਹੀਂ, ਸਗੋਂ ਯੁੱਗਾਂ-ਯੁੱਗਾਂ ਤੱਕ ਮਨੁੱਖਤਾ ਨੂੰ ਜੀਵਨ ਜਿਊਣ ਦਾ ਰਾਹ ਵਿਖਾਉਣ ਵਾਲੀ ਹੈ। ਮਹਾਰਿਸ਼ੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਸਾਨੂੰ ਧੀਰਜ, ਮਿਹਨਤ, ਅਟੁੱਟ ਵਿਸ਼ਵਾਸ, ਕਰੁਣਾ, ਸਿੱਖਿਆ ਅਤੇ ਸਮਾਜਿਕ ਸਦਭਾਵਨਾ ਦੀ ਪ੍ਰੇਰਨਾ ਦਿੰਦੀਆਂ ਹਨ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਸੰਤ ਮਹਾਪੁਰਖ ਪ੍ਰਚਾਰ-ਪ੍ਰਸਾਰ ਯੋਜਨਾ ਤਹਿਤ ਸੰਤ ਕਬੀਰ ਕੁਟੀਰ ਵਿਖੇ ਆਯੋਜਿਤ ਮਹਾਰਿਸ਼ੀ ਵਾਲਮੀਕਿ ਜੀ ਦੇ ਰਾਜ ਪੱਧਰੀ ਜਯੰਤੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਨੇ ਮਹਾਰਿਸ਼ੀ ਵਾਲਮੀਕਿ ਜੀ ਦੇ ਬੁੱਤ 'ਤੇ ਫੁੱਲ ਅਰਪਿਤ ਕਰਕੇ ਨਮਨ ਕੀਤਾ ਅਤੇ ਸੂਬਾ ਵਾਸੀਆਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਦੌਰਾਨ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਹਿਸਾਰ ਵਿੱਚ ਨਿਰਮਾਣ ਅਧੀਨ ਵਾਲਮੀਕ ਹੋਸਟਲ ਲਈ 31 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ, ਨਾਲ ਹੀ ਕਿਹਾ ਕਿ ਜਲਦੀ ਹੀ ਹੋਸਟਲ ਦੇ ਭੂਮੀ ਪੂਜਨ ਦੇ ਮੌਕੇ 'ਤੇ ਉੱਥੇ ਜਾਣਗੇ। ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਜੀ ਅਜਿਹੇ ਮਹਾਨ ਸੰਤ ਸਨ, ਜਿਨ੍ਹਾਂ ਨੇ ਹਨੇਰੇ ਵਿੱਚ ਗਿਆਨ ਦਾ ਦੀਵਾ ਬਾਲਿਆ। ਔਖੇ ਸਮੇਂ ਵਿੱਚ ਮਾਤਾ ਸੀਤਾ ਜੀ ਨੂੰ ਆਪਣੇ ਆਸ਼ਰਮ ਵਿੱਚ ਪਨਾਹ ਦੇਣ ਦੇ ਨਾਲ-ਨਾਲ ਉਹਨਾਂ ਨੇ ਉਹਨਾਂ ਦੇ ਬੱਚਿਆਂ ਨੂੰ ਉੱਚ ਸਿੱਖਿਆ ਅਤੇ ਸੰਸਕਾਰ ਪ੍ਰਦਾਨ ਕੀਤੇ। ਸਿੱਖਿਆ ਅਤੇ ਸੰਸਕਾਰਾਂ ਦੇ ਮਾਧਿਅਮ ਨਾਲ ਉਹਨਾਂ ਦੀ ਸ਼ਖ਼ਸੀਅਤ ਨੂੰ ਇੱਕ ਵੱਖਰੀ ਪਛਾਣ ਮਿਲੀ। ਉਹਨਾਂ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਜੀ ਦੇ ਜੀਵਨ ਤੋਂ ਪ੍ਰੇਰਨਾ ਮਿਲਦੀ ਹੈ ਕਿ ਪਰਿਸਥਿਤੀਆਂ ਚਾਹੇ ਕਿੰਨੀਆਂ ਵੀ ਔਖੀਆਂ ਹੋਣ, ਮਨੁੱਖ ਨੂੰ ਧੀਰਜ ਨਹੀਂ ਛੱਡਣਾ ਚਾਹੀਦਾ।

ਭਗਵਾਨ ਸ਼੍ਰੀ ਰਾਮ ਦੇ ਜੀਵਨ ਦੀ ਉਦਾਹਰਨ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਹਨਾਂ ਦਾ ਰਾਜਤਿਲਕ ਹੋਣਾ ਸੀ, ਉਸ ਸਮੇਂ ਉਹਨਾਂ ਨੂੰ ਵਣਵਾਸ ਜਾਣਾ ਪਿਆ, ਪਰ ਉਹਨਾਂ ਨੇ ਧੀਰਜ ਬਣਾਏ ਰੱਖਿਆ ਅਤੇ ਹਾਲਾਤਾਂ ਨੂੰ ਸਵੀਕਾਰ ਕਰਦਿਆਂ ਅੱਗੇ ਵਧੇ। ਰਾਮਾਇਣ ਸਾਨੂੰ ਸੰਦੇਸ਼ ਦਿੰਦੀ ਹੈ ਕਿ ਧੀਰਜ, ਮਿਹਨਤ ਅਤੇ ਅਟੁੱਟ ਵਿਸ਼ਵਾਸ ਨਾਲ ਕੋਈ ਵੀ ਨਿਸ਼ਾਨਾ ਹਾਸਲ ਕੀਤਾ ਜਾ ਸਕਦਾ ਹੈ।

ਮਹਾਰਿਸ਼ੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਨੂੰ ਵਿਵਹਾਰ ਵਿੱਚ ਉਤਾਰਨਾ ਹੀ ਸੱਚੀ ਸ਼ਰਧਾ

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਜੀ ਨੇ ਜਾਤ-ਪਾਤ ਤੋਂ ਉੱਪਰ ਉੱਠ ਕੇ ਮਨੁੱਖਤਾ ਦਾ ਸੰਦੇਸ਼ ਦਿੱਤਾ। ਉਹਨਾਂ ਦੀਆਂ ਸਿੱਖਿਆਵਾਂ ਪ੍ਰਤੀ ਸ਼ਰਧਾ ਕੇਵਲ ਪੂਜਾ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਸਾਡੇ ਵਿਵਹਾਰ ਵਿੱਚ ਵੀ ਦਿਸਣੀ ਚਾਹੀਦੀ ਹੈ। ਕਿਸੇ ਵੀ ਵਿਅਕਤੀ ਨਾਲ ਜਨਮ, ਜਾਤ, ਆਰਥਿਕ ਸਥਿਤੀ ਜਾਂ ਕੰਮ ਦੇ ਆਧਾਰ 'ਤੇ ਵਿਤਕਰਾ ਨਹੀਂ ਹੋਣਾ ਚਾਹੀਦਾ।

ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਮੰਤਰ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਪ੍ਰਯਾਸ' ਵੀ ਇਸੇ ਭਾਵਨਾ ਨੂੰ ਅੱਗੇ ਵਧਾਉਂਦਾ ਹੈ। ਸਰਕਾਰ ਦਾ ਯਤਨ ਹੈ ਕਿ ਸਮਾਜ ਦੇ ਹਰ ਵਰਗ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਿਆ ਜਾਵੇ ਅਤੇ ਹਰ ਵਿਅਕਤੀ ਸਤਿਕਾਰ ਨਾਲ ਅੱਗੇ ਵਧੇ।

ਅਯੋਧਿਆ ਵਿੱਚ ਮਹਾਰਿਸ਼ੀ ਵਾਲਮੀਕਿ ਜੀ ਦੇ ਸਤਿਕਾਰ ਦਾ ਜ਼ਿਕਰ

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਭਗਵਾਨ ਸ਼੍ਰੀ ਰਾਮ ਦੀ ਨਗਰੀ ਅਯੋਧਿਆ ਵਿੱਚ ਭਵਾਨ ਮੰਦਰ ਦੇ ਨਿਰਮਾਣ ਦੇ ਅਸੀਂ ਗਵਾਹ ਬਣੇ ਹਾਂ। ਮੰਦਰ ਕੰਪਲੈਕਸ ਵਿੱਚ ਮਹਾਰਿਸ਼ੀ ਵਾਲਮੀਕਿ, ਨਿਸ਼ਾਦਰਾਜ ਅਤੇ ਮਾਤਾ ਸ਼ਬਰੀ ਦੇ ਮੰਦਰ ਵੀ ਬਣਾਏ ਗਏ ਹਨ। ਅਯੋਧਿਆ ਧਾਮ ਵਿੱਚ ਹਵਾਈ ਅੱਡੇ ਦਾ ਨਾਂ ਵੀ ਮਹਾਰਿਸ਼ੀ ਵਾਲਮੀਕਿ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ।

ਮਹਾਪੁਰਖਾਂ ਦੇ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਯਤਨ

ਮੁੱਖ ਮੰਤਰੀ ਨੇ ਕਿਹਾ ਕਿ ਸੰਤ ਮਹਾਪੁਰਖ ਪ੍ਰਚਾਰ-ਪ੍ਰਸਾਰ ਯੋਜਨਾ ਤਹਿਤ ਮਹਾਪੁਰਖਾਂ ਦੀ ਜਯੰਤੀ ਮਨਾਉਣ ਦਾ ਉਦੇਸ਼ ਉਹਨਾਂ ਦੇ ਵਿਚਾਰਾਂ ਅਤੇ ਸੰਦੇਸ਼ਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਹੈ, ਤਾਂ ਜੋ ਨੌਜਵਾਨ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਅੱਗੇ ਵਧ ਸਕਣ। ਉਹਨਾਂ ਦੱਸਿਆ ਕਿ ਇਸ ਸਾਲ ਸੰਤ ਕਬੀਰ ਕੁਟੀਰ ਵਿਖੇ ਪ੍ਰੋਗਰਾਮ ਆਯੋਜਿਤ ਕਰਨ ਦਾ ਫੈਸਲਾ ਲਿਆ ਗਿਆ ਹੈ ਅਤੇ ਅਗਲੇ ਸਾਲ ਇਸ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਯਤਨ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਸਰਕਾਰ ਦੀ ਹਰ ਯੋਜਨਾ, ਹਰ ਨੀਤੀ ਅਤੇ ਹਰ ਫੈਸਲੇ ਵਿੱਚ ਮਹਾਰਿਸ਼ੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਵਿਖਾਏ ਰਾਹ ਦੀ ਭਾਵਨਾ ਸ਼ਾਮਲ ਹੈ। ਉਹਨਾਂ ਦੀ ਕਰੁਣਾ, ਸਵੈ-ਮਾਣ ਅਤੇ ਮਨੁੱਖਤਾ ਦਾ ਸੰਦੇਸ਼ ਸਰਕਾਰ ਦੇ ਕੰਮਾਂ ਦਾ ਆਧਾਰ ਹੈ।

ਸਿੱਖਿਆ ਅਤੇ ਨੌਜਵਾਨਾਂ ਲਈ ਸਰਕਾਰ ਦੀਆਂ ਯੋਜਨਾਵਾਂ

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਵਜ਼ੀਫ਼ੇ, ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਅਤੇ ਹੋਸਟਲ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਰਕਾਰ ਦਾ ਸੰਕਲਪ ਹੈ ਕਿ ਪੈਸੇ ਦੀ ਘਾਟ ਕਾਰਨ ਕਿਸੇ ਵੀ ਬੱਚੇ ਦੀ ਪ੍ਰਤਿਭਾ ਉਸ ਦੇ ਰਾਹ ਵਿੱਚ ਰੁਕਾਵਟ ਨਾ ਬਣੇ। ਉਹਨਾਂ ਦੱਸਿਆ ਕਿ ਵਜ਼ੀਫ਼ੇ ਦੀ ਰਕਮ ਸਿੱਧੀ ਲਾਭਪਾਤਰੀ ਬੱਚਿਆਂ ਦੇ ਖ਼ਾਤਿਆਂ ਵਿੱਚ ਪਹੁੰਚਾਉਣ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਹਰਿਆਣਾ ਵਿੱਚ ਹਾਲ ਹੀ ਵਿੱਚ ਹੋਈ ਪੁਲਿਸ ਭਰਤੀ ਦੌਰਾਨ ਸਮਾਜ ਦੇ 604 ਬੱਚਿਆਂ ਦੀ ਹਰਿਆਣਾ ਪੁਲਿਸ ਵਿੱਚ ਚੋਣ ਹੋਈ ਹੈ। ਸਮਾਜ ਦੇ ਬੱਚੇ ਅੱਗੇ ਵਧ ਰਹੇ ਹਨ ਅਤੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਹੇ ਹਨ।

ਅਨੁਸੂਚਿਤ ਜਾਤੀਆਂ ਅਤੇ ਸਫ਼ਾਈ ਕਰਮਚਾਰੀਆਂ ਦੇ ਭਲਾਈ ਲਈ ਕਮਿਸ਼ਨ

ਮੁੱਖ ਮੰਤਰੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਦੀ ਭਲਾਈ ਅਤੇ ਉਹਨਾਂ ਦੇ ਅਧਿਕਾਰਾਂ ਦੀ ਰਾਖੀ ਲਈ ਹਰਿਆਣਾ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਅਤੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਲਈ ਹਰਿਆਣਾ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸਰਕਾਰ ਸਮਾਜ ਦੇ ਸਤਿਕਾਰ, ਸਵੈ-ਮਾਣ ਅਤੇ ਸਮਰੱਥਾ ਨੂੰ ਧਿਆਨ ਵਿੱਚ ਰੱਖ ਕੇ ਯੋਜਨਾਵਾਂ ਬਣਾ ਰਹੀ ਹੈ।

ਹਰ ਵਰਗ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ ਕੰਮ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਮਕਾਨ ਉਪਲਬਧ ਕਰਵਾਉਣ ਦਾ ਕੰਮ ਕੀਤਾ ਜਾ ਰਹਾ ਹੈ। ਜਿਨ੍ਹਾਂ ਪਰਿਵਾਰਾਂ ਕੋਲ ਮਕਾਨ ਬਣਾਉਣ ਲਈ ਥਾਂ ਨਹੀਂ ਹੈ, ਉਹਨਾਂ ਨੂੰ ਪਲਾਟ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਵੀ ਸਰਕਾਰ ਨੇ ਕਦਮ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਗਰੀਬ ਅਤੇ ਲੋੜਵੰਦ ਵਿਅਕਤੀ ਦਾ ਸਤਿਕਾਰ, ਸਵੈ-ਮਾਣ ਅਤੇ ਉਸ ਦੀ ਸਮਰੱਥਾ ਸਰਕਾਰ ਦੀਆਂ ਯੋਜਨਾਵਾਂ ਦੇ ਕੇਂਦਰ ਵਿੱਚ ਹੈ।

ਜਾਤ-ਪਾਤ ਅਤੇ ਊਚ-ਨੀਚ ਦੇ ਵਿਤਕਰੇ ਨੂੰ ਮਿਟਾਉਣ ਦਾ ਲਓ ਸੰਕਲਪ

ਮੁੱਖ ਮੰਤਰੀ ਨੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਜੀ ਦੇ ਪ੍ਰਗਟ ਉਤਸਵ 'ਤੇ ਸਾਰਿਆਂ ਨੂੰ ਜਾਤ-ਪਾਤ ਅਤੇ ਊਚ-ਨੀਚ ਦੇ ਹਰ ਵਿਤਕਰੇ ਨੂੰ ਮਿਟਾਉਣ ਅਤੇ ਸਮਾਜਿਕ ਸਦਭਾਵਨਾ ਦੇ ਧਾਗੇ ਵਿੱਚ ਬੱਝ ਕੇ ਹਰਿਆਣਾ ਨੂੰ ਵਿਕਸਿਤ ਭਾਰਤ ਦਾ ਮੋਹਰੀ ਸੂਬਾ ਬਣਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ। ਹਰਿਆਣਾ ਦੇ ਤਿੰਨ ਕਰੋੜ ਲੋਕਾਂ ਨੇ ਮਿਲ ਕੇ ਸੂਬੇ ਦੇ ਵਿਕਾਸ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਮਜ਼ਬੂਤ ਕਰਨਾ ਹੈ। ਮਹਾਰਿਸ਼ੀ ਵਾਲਮੀਕਿ ਜੀ ਪ੍ਰਤੀ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ।

ਮਹਾਰਿਸ਼ੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਸਮਾਜ ਨੂੰ ਸਦਭਾਵਨਾ ਅਤੇ ਨੇਕੀ ਦਾ ਰਾਹ ਵਿਖਾਉਂਦੀਆਂ ਹਨ : ਕੈਬਨਿਟ ਮੰਤਰੀ ਕ੍ਰਿਸ਼ਨ ਲਾਲ ਪੰਵਾਰ

ਕਰਮਚਾਰੀਆਂ ਅਤੇ ਇਕੱਠ ਨੂੰ ਸੰਬੋਧਨ ਕਰਦਿਆਂ ਹਰਿਆਣਾ ਦੇ ਪੰਚਾਇਤ ਅਤੇ ਵਿਕਾਸ ਮੰਤਰੀ ਸ਼੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਜੀ ਨੇ ਰਾਮਾਇਣ ਰਾਹੀਂ ਸਮਾਜ ਨੂੰ ਸਿੱਖਿਆ, ਸੱਚ, ਚੰਗੇ ਕਰਮਾਂ ਅਤੇ ਸਮਾਜਿਕ ਸਦਭਾਵਨਾ ਦਾ ਸੰਦੇਸ਼ ਦਿੱਤਾ।

ਉਹਨਾਂ ਨੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਸਾਰੀਆਂ 36 ਬਿਰਾਦਰੀਆਂ ਨੂੰ ਨਾਲ ਲੈ ਕੇ ਚੱਲ ਰਹੇ ਹਨ ਅਤੇ ਸੰਤ-ਮਹਾਪੁਰਖਾਂ ਦੀਆਂ ਜਯੰਤੀਆਂ ਰਾਜ ਪੱਧਰ 'ਤੇ ਮਨਾ ਕੇ ਉਹਨਾਂ ਨੂੰ ਮਾਣ-ਸਤਿਕਾਰ ਦੇ ਰਹੇ ਹਨ।

ਮੰਤਰੀ ਸ਼੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਸਮਾਜ ਦੀ ਤਰੱਕੀ ਲਈ ਸਿੱਖਿਆ ਸਭ ਤੋਂ ਜ਼ਰੂਰੀ ਹੈ। ਡਾ. ਭੀਮਰਾਓ ਅੰਬੇਡਕਰ ਜੀ ਦਾ ਸੰਦੇਸ਼ ਸੀ ਕਿ ਪੜ੍ਹ-ਲਿਖ ਕੇ ਅੱਗੇ ਵਧਣਾ ਚਾਹੀਦਾ ਹੈ। ਉਹਨਾਂ ਧੀਆਂ ਦੀ ਸਿੱਖਿਆ ਲਈ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਧੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਦੂਰ ਨਾ ਜਾਣਾ ਪਵੇ। ਉਹਨਾਂ ਗਰੀਬ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਦੇਣ ਦੀ ਯੋਜਨਾ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣਾ ਅਤੇ ਜ਼ਰੂਰਤਮੰਦਾਂ ਦੀ ਮਦਦ ਕਰਨਾ ਜ਼ਰੂਰੀ ਹੈ।

ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸਮਾਜਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਇਸ ਮੌਕੇ ਵਿਧਾਇਕ ਸ਼੍ਰੀ ਕਪੂਰ ਸਿੰਘ ਵਾਲਮੀਕਿ, ਮੇਅਰ ਸ਼੍ਰੀ ਸ਼ਿਆਮ ਲਾਲ ਬਾਂਸਲ, ਸਾਬਕਾ ਮੰਤਰੀ ਸ਼੍ਰੀ ਵਿਸ਼ੰਭਰ ਵਾਲਮੀਕਿ, ਸਫ਼ਾਈ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਈਸ਼ਵਰ ਸਿੰਘ ਪਲਾਕਾ, ਸਾਬਕਾ ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ, ਸਫ਼ਾਈ ਕਮਿਸ਼ਨ ਦੇ ਮੈਂਬਰ ਸ਼੍ਰੀ ਸੰਜੀਵ ਧਾਰੂ, ਸ਼੍ਰੀ ਚੰਦਰਪ੍ਰਕਾਸ਼ ਬੋਸਤੀ, ਕੌਂਸਲਰ ਮਨੀਸ਼ਾ ਜਾਂਗੜਾ, ਸ਼੍ਰੀ ਅਮਰਨਾਥ ਸੋਦਾ, ਜ਼ਿਲ੍ਹਾ ਪ੍ਰਧਾਨ ਸ਼੍ਰੀ ਅਜੇ ਮਿੱਤਲ ਸਮੇਤ ਹੋਰ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਦਾ ਵਫ਼ਦ ਗੁਜਰਾਤ ਵਿੱਚ ਨਿਵੇਸ਼ਕਾਂ ਨਾਲ ਕਰੇਗਾ ਗੱਲਬਾਤ, ਸੂਬੇ ਵਿੱਚ ਨਿਵੇਸ਼ ਦੇ ਨਵੇਂ ਮੌਕਿਆਂ 'ਤੇ ਰਹੇਗਾ ਫੋਕਸ

ਚੰਡੀਗੜ੍ਹ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ, ਉਦਯੋਗਿਕ ਸਹਿਯੋਗ ਨੂੰ ਬੜ੍ਹਾਵਾ ਦੇਣ ਅਤੇ ਸੂਬੇ ਵਿੱਚ ਉਪਲਬਧ ਵਪਾਰਕ ਮੌਕਿਆਂ ਤੋਂ ਦੇਸ਼-ਵਿਦੇਸ਼ ਦੇ ਨਿਵੇਸ਼ਕਾਂ ਨੂੰ ਜਾਣੂ ਕਰਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਦਾ ਇੱਕ ਉੱਚ ਪੱਧਰੀ ਵਫ਼ਦ 27 ਅਤੇ 28 ਅਕਤੂਬਰ, 2026 ਨੂੰ ਗੁਜਰਾਤ ਦੇ ਸੂਰਤ ਅਤੇ ਗਾਂਧੀਨਗਰ ਦਾ ਦੌਰਾ ਕਰੇਗਾ। ਇਸ ਦੌਰਾਨ ਨਿਵੇਸ਼ਕਾਂ ਨਾਲ ਸਿੱਧੀ ਗੱਲਬਾਤ, ਉਦਯੋਗ ਜਗਤ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਅਤੇ ਹਰਿਆਣਾ ਇਨਵੈਸਟਮੈਂਟ ਰੋਡਸ਼ੋਅ ਰਾਹੀਂ ਸੂਬੇ ਦੀਆਂ ਉਦਯੋਗਿਕ ਅਤੇ ਆਰਥਿਕ ਸੰਭਾਵਨਾਵਾਂ ਨੂੰ ਪੇਸ਼ ਕੀਤਾ ਜਾਵੇਗਾ ਅਤੇ ਨਿਵੇਸ਼ਕਾਂ ਨੂੰ ਹਰਿਆਣਾ ਵਿੱਚ ਨਿਵੇਸ਼ ਲਈ ਸੱਦਾ ਦਿੱਤਾ ਜਾਵੇਗਾ। ਇਸ ਦੌਰਾਨ ਮੁੱਖ ਮੰਤਰੀ ਦੇ ਨਾਲ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਵੀ ਮੌਜੂਦ ਰਹਿਣਗੇ।

ਉਦਯੋਗ ਅਤੇ ਵਣਜ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 31 ਅਕਤੂਬਰ ਨੂੰ ਸੂਰਤ ਵਿੱਚ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨਿਵੇਸ਼ਕਾਂ ਨਾਲ ਵਨ-ਟੂ-ਵਨ ਮੀਟਿੰਗਾਂ ਕਰਨਗੇ। ਇਹਨਾਂ ਮੀਟਿੰਗ ਵਿੱਚ ਨਿਵੇਸ਼ ਦੀਆਂ ਸੰਭਾਵਨਾਵਾਂ, ਉਦਯੋਗਿਕ ਵਿਸਥਾਰ ਅਤੇ ਹਰਿਆਣਾ ਵਿੱਚ ਵਪਾਰ ਸਥਾਪਿਤ ਕਰਨ ਨਾਲ ਜੁੜੇ ਮੌਕਿਆਂ 'ਤੇ ਚਰਚਾ ਕੀਤੀ ਜਾਵੇਗੀ। ਇਸ ਤੋਂ ਬਾਅਦ ਪ੍ਰਵਾਸੀ ਮਿਲਣੀ ਸਮਾਗਮ ਆਯੋਜਿਤ ਕੀਤਾ ਜਾਵੇਗਾ। ਸਮਾਗਮ ਵਿੱਚ ਹਰਿਆਣਾ ਦੇ ਪ੍ਰਵਾਸੀ ਭਾਈਚਾਰੇ ਦੇ ਨੁਮਾਇੰਦਿਆਂ ਅਤੇ ਉਦਯੋਗ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਗੱਲਬਾਤ ਹੋਵੇਗੀ। ਪ੍ਰੋਗਰਾਮ ਵਿੱਚ ਹਰਿਆਣਾ ਦੀ ਅਮੀਰ ਸੱਭਿਆਚਾਰਕ ਵਿਰਾਸਤ, ਵਿਕਾਸ ਯਾਤਰਾ ਅਤੇ ਉਦਯੋਗਿਕ ਸੰਭਾਵਨਾਵਾਂ ਨੂੰ ਨਿਵੇਸ਼ਕਾਂ ਸਾਹਮਣੇ ਪ੍ਰਦਰਸ਼ਿਤ ਕੀਤਾ ਜਾਵੇਗਾ।

ਗਾਂਧੀਨਗਰ ਵਿੱਚ ਹਰਿਆਣਾ ਇਨਵੈਸਟਮੈਂਟ ਰੋਡਸ਼ੋਅ

ਡਾ. ਅਮਿਤ ਅਗਰਵਾਲ ਨੇ ਦੱਸਿਆ ਕਿ 28 ਅਕਤੂਬਰ ਨੂੰ ਗਾਂਧੀਨਗਰ ਵਿੱਚ ਹਰਿਆਣਾ ਇਨਵੈਸਟਮੈਂਟ ਰੋਡਸ਼ੋਅ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਵੱਖ-ਵੱਖ ਖੇਤਰਾਂ ਦੇ ਪ੍ਰਮੁੱਖ ਉਦਯੋਗਪਤੀ, ਨਿਵੇਸ਼ਕ ਅਤੇ ਉਦਯੋਗ ਜਗਤ ਦੇ ਨੁਮਾਇੰਦੇ ਭਾਗ ਲੈਣਗੇ। ਇਸ ਰੋਡਸ਼ੋਅ ਦਾ ਉਦੇਸ਼ ਹਰਿਆਣਾ ਵਿੱਚ ਨਿਵੇਸ਼ ਦੀਆਂ ਵਿਆਪਕ ਸੰਭਾਵਨਾਵਾਂ ਤੋਂ ਉਦਯੋਗ ਜਗਤ ਨੂੰ ਜਾਣੂ ਕਰਵਾਉਣਾ, ਨਿਵੇਸ਼ਕਾਂ ਨਾਲ ਸਿੱਧਾ ਸੰਵਾਦ ਸਥਾਪਿਤ ਕਰਨਾ ਅਤੇ ਸੂਬੇ ਵਿੱਚ ਨਵੇਂ ਉਦਯੋਗਿਕ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਹੈ। ਪ੍ਰੋਗਰਾਮ ਦੌਰਾਨ ਹਰਿਆਣਾ ਵਿੱਚ ਉਪਲਬਧ ਉਦਯੋਗਿਕ ਢਾਂਚੇ, ਨਿਵੇਸ਼ ਅਨੁਕੂਲ ਨੀਤੀਗਤ ਮਾਹੌਲ, ਮਜ਼ਬੂਤ ਕਨੈਕਟੀਵਿਟੀ, ਕੁਸ਼ਲ ਮਾਨਵ ਸਰੋਤ ਅਤੇ ਵੱਖ-ਵੱਖ ਖੇਤਰਾਂ ਵਿੱਚ ਮੌਜੂਦ ਵਪਾਰਕ ਮੌਕਿਆਂ ਨੂੰ ਰੇਖਾਂਕਿਤ ਕੀਤਾ ਜਾਵੇਗਾ। ਨਾਲ ਹੀ, ਉਦਯੋਗ ਜਗਤ ਦੇ ਨੁਮਾਇੰਦਿਆਂ ਨਾਲ ਨਿਵੇਸ਼ ਪ੍ਰਸਤਾਵਾਂ, ਸੰਭਾਵੀ ਪ੍ਰੋਜੈਕਟਾਂ ਅਤੇ ਵਪਾਰਕ ਭਾਈਵਾਲੀ ਨੂੰ ਲੈ ਕੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਨਿਵੇਸ਼ ਸੰਬੰਧੀ ਸਮਝੌਤਾ ਪੱਤਰਾਂ ਦੀਆਂ ਸੰਭਾਵਨਾਵਾਂ 'ਤੇ ਵੀ ਚਰਚਾ ਹੋਵੇਗੀ।

'ਮੇਕ ਇਨ ਹਰਿਆਣਾ ਇੰਡਸਟ੍ਰੀਅਲ ਪਾਲਿਸੀ-2026' ਨਾਲ ਨਿਵੇਸ਼ ਅਤੇ ਰੋਜ਼ਗਾਰ ਨੂੰ ਮਿਲੇਗਾ ਉਤਸ਼ਾਹ

ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਨੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਗਤੀ ਦੇਣ, ਨਿਰਮਾਣ ਖੇਤਰ ਨੂੰ ਮਜ਼ਬੂਤ ਬਣਾਉਣ ਅਤੇ ਨਿਵੇਸ਼ਕਾਂ ਲਈ ਅਨੁਕੂਲ ਮਾਹੌਲ ਤਿਆਰ ਕਰਨ ਦੇ ਉਦੇਸ਼ ਨਾਲ 'ਮੇਕ ਇਨ ਹਰਿਆਣਾ ਇੰਡਸਟ੍ਰੀਅਲ ਪਾਲਿਸੀ-2026' ਲਾਗੂ ਕੀਤੀ ਹੈ। ਰਾਜ ਸਰਕਾਰ ਦਾ ਟੀਚਾ ਇਹਨਾਂ ਨੀਤੀਗਤ ਪਹਿਲਕਦਮੀਆਂ ਰਾਹੀਂ ਸਾਲ 2030-31 ਤੱਕ ਲਗਭਗ 5 ਲੱਖ ਕਰੋੜ ਰੁਪਏ ਦਾ ਨਵਾਂ ਨਿਵੇਸ਼ ਆਕਰਸ਼ਿਤ ਕਰਨਾ ਅਤੇ 10 ਲੱਖ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ। ਇਸ ਨਾਲ ਹਰਿਆਣਾ ਵਿੱਚ ਉਦਯੋਗਿਕ ਵਿਸਥਾਰ, ਤਕਨੀਕੀ ਨਵੀਨਤਾ ਅਤੇ ਆਰਥਿਕ ਗਤੀਵਿਧੀਆਂ ਨੂੰ ਬੜ੍ਹਾਵਾ ਮਿਲੇਗਾ।

ਡਾ. ਅਮਿਤ ਅਗਰਵਾਲ ਨੇ ਕਿਹਾ ਕਿ ਸੂਰਤ ਅਤੇ ਗਾਂਧੀਨਗਰ ਦਾ ਇਹ ਦੌਰਾ ਹਰਿਆਣਾ ਦੀ ਉਦਯੋਗਿਕ ਸਮਰੱਥਾ ਅਤੇ ਨਿਵੇਸ਼ ਦੀਆਂ ਸੰਭਾਵਨਾਵਾਂ ਨੂੰ ਵਿਸ਼ਾਲ ਮੰਚ 'ਤੇ ਪੇਸ਼ ਕਰਨ ਦਾ ਸੁਨਹਿਰੀ ਮੌਕਾ ਹੈ। ਹਰਿਆਣਾ ਸਰਕਾਰ ਦਾ ਇਹ ਯਤਨ ਸੂਬੇ ਨੂੰ ਦੇਸ਼ ਦੇ ਮੋਹਰੀ ਨਿਵੇਸ਼ ਸਥਾਨਾਂ ਵਿੱਚ ਹੋਰ ਮਜ਼ਬੂਤ ਬਣਾਉਣ, ਘਰੇਲੂ ਅਤੇ ਗਲੋਬਲ ਨਿਵੇਸ਼ਕਾਂ ਦਾ ਭਰੋਸਾ ਵਧਾਉਣ ਅਤੇ ਉਦਯੋਗਾਂ ਦੇ ਵਿਸਥਾਰ ਲਈ ਅਨੁਕੂਲ ਮੌਕੇ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਪਹਿਲਕਦਮੀ ਨਾਲ ਸੂਬੇ ਵਿੱਚ ਨਵੇਂ ਉਦਯੋਗਿਕ ਅਦਾਰਿਆਂ ਦੀ ਸਥਾਪਨਾ, ਮੌਜੂਦਾ ਉਦਯੋਗਾਂ ਦੇ ਵਿਸਥਾਰ, ਰੋਜ਼ਗਾਰ ਦੇ ਨਵੇਂ ਮੌਕਿਆਂ ਦੇ ਨਿਰਮਾਣ ਅਤੇ ਆਰਥਿਕ ਗਤੀਵਿਧੀਆਂ ਨੂੰ ਗਤੀ ਮਿਲਣ ਦੀਆਂ ਸੰਭਾਵਨਾਵਾਂ ਮਜ਼ਬੂਤ ਹੋਣਗੀਆਂ।

ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ ਗਰੁੱਪ-ਡੀ ਦਾ ਪੇਪਰ; 10 ਪ੍ਰੀਖਿਆ ਕੇਂਦਰਾਂ 'ਤੇ ਉਮੀਦਵਾਰਾਂ ਨੇ ਦਿੱਤੀ ਪ੍ਰੀਖਿਆ

ਤਰਨ ਤਾਰਨ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਦੀਆਂ ਖਾਲੀ ਪਈਆਂ ਗਰੁੱਪ-ਡੀ ਦੀਆਂ ਅਸਾਮੀਆਂ ਨੂੰ ਭਰਨ ਲਈ ਅੱਜ ਲਈ ਗਈ ਲਿਖਤੀ ਪ੍ਰੀਖਿਆ ਜ਼ਿਲ੍ਹਾ ਤਰਨ ਤਾਰਨ ਵਿੱਚ ਪੂਰਨ ਅਮਨ-ਅਮਾਨ ਅਤੇ ਸ਼ਾਂਤਮਈ ਮਾਹੌਲ ਵਿੱਚ ਨੇਪਰੇ ਚੜ੍ਹ ਗਈ।

ਜਾਣਕਾਰੀ ਅਨੁਸਾਰ ਜ਼ਿਲ੍ਹੇ ਵਿੱਚ ਸਥਾਪਿਤ ਕੀਤੇ ਗਏ ਕੁੱਲ 10 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆਰਥੀਆਂ ਨੇ ਆਪਣੀ ਕਿਸਮਤ ਅਜ਼ਮਾਈ। ਇਸ ਪ੍ਰੀਖਿਆ ਨੂੰ ਨਕਲ-ਰਹਿਤ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਪ੍ਰੀਖਿਆ ਦੀ ਨਿਗਰਾਨੀ ਲਈ ਅੱਜ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਰਜਿੰਦਰ ਕੌਰ ਵੱਲੋਂ ਵੱਖ-ਵੱਖ ਪ੍ਰੀਖਿਆ ਕੇਂਦਰਾਂ ਦਾ ਦੌਰਾ ਕੀਤਾ ਗਿਆ। ਆਪਣੇ ਦੌਰੇ ਦੀ ਸ਼ੁਰੂਆਤ ਕਰਦਿਆਂ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਰਨ ਤਾਰਨ ਵਿਖੇ ਪਹੁੰਚੇ, ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਤਹਿਸੀਲਦਾਰ ਤਰਨ ਤਾਰਨ ਅਰਚਨਾ ਸ਼ਰਮਾ ਵੀ ਵਿਸ਼ੇਸ਼ ਤੌਰ ਤੇ ਨਿਰੀਖਣ ਕਰਨ ਪਹੁੰਚੇ ਸਨ।

ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਚੋਹਲਾ ਸਾਹਿਬ ਵਿਜ਼ਿਟ ਕੀਤਾ ਗਿਆ, ਇਸ ਮੌਕੇ ਉਨ੍ਹਾਂ ਦੇ ਨਾਲ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੌਰ, ਬਰਿੰਦਰਜੀਤ ਸਿੰਘ ਲਹਿਰੀ ਅਤੇ ਸੁਖਚੈਨ ਸਿੰਘ ਗੋਹਲਵੜ ਵੀ ਮੌਜੂਦ ਸਨ। ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਚੋਹਲਾ ਸਾਹਿਬ ਵਿਖੇ ਉਨ੍ਹਾਂ ਨੇ ਸਾਂਝਾ ਦੌਰਾ ਕੀਤਾ। ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਪੂਰੇ ਅਨੁਸ਼ਾਸਨ ਅਤੇ ਸ਼ਾਂਤਮਈ ਤਰੀਕੇ ਨਾਲ ਚੱਲਦੀ ਵੇਖੀ ਗਈ।

ਇਸ ਮੌਕੇ ਗੱਲਬਾਤ ਕਰਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੌਰ ਨੇ ਕਿਹਾ ਕਿ ਪ੍ਰਸ਼ਾਸਨ ਅਤੇ ਵਿਭਾਗ ਵੱਲੋਂ ਪ੍ਰੀਖਿਆ ਲਈ ਬਹੁਤ ਹੀ ਪੁਖਤਾ ਪ੍ਰਬੰਧ ਕੀਤੇ ਗਏ ਸਨ, ਜਿਸ ਕਾਰਨ ਕਿਸੇ ਵੀ ਵਿਦਿਆਰਥੀ ਨੂੰ ਪ੍ਰੀਖਿਆ ਦੇਣ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ।

ਸੀਐਚਜੇਯੂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰ ਪੱਤਰਕਾਰਾਂ ਦੀਆਂ ਮੰਗਾਂ ਸੰਬੰਧੀ ਮੰਗ ਪੱਤਰ ਸੌਂਪਿਆ

ਮੁੱਖ ਮੰਤਰੀ ਤੋਂ ਪੱਤਰਕਾਰਾਂ ਲਈ ਨਕਦ ਰਹਿਤ ਮੈਡੀਕਲ ਕਾਰਡ ਜਾਰੀ ਕਰਨ ਅਤੇ ਪੱਤਰਕਾਰ ਪੈਨਸ਼ਨ ਵਧਾਉਣ ਦੀ ਮੰਗ

ਚੰਡੀਗੜ੍ਹ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਅਤੇ ਹਰਿਆਣਾ ਪੱਤਰਕਾਰ ਯੂਨੀਅਨ (ਸੀਐਚਜੇਯੂ) ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ ਅਤੇ ਰਾਜ ਵਿੱਚ ਪੱਤਰਕਾਰਾਂ ਲਈ ਨਕਦ ਰਹਿਤ ਮੈਡੀਕਲ ਕਾਰਡ ਜਲਦੀ ਜਾਰੀ ਕਰਨ, ਪੱਤਰਕਾਰਾਂ ਦੀ ਪੈਨਸ਼ਨ ਵਿੱਚ ਵਾਧਾ ਕਰਨ, ਸਾਰੇ ਪੱਤਰਕਾਰਾਂ ਨੂੰ ਮਾਨਤਾ ਪ੍ਰਦਾਨ ਕਰਨ ਲਈ ਪ੍ਰੈਸ ਮਾਨਤਾ ਨਿਯਮਾਂ ਅਤੇ ਪੱਤਰਕਾਰ ਪੈਨਸ਼ਨ ਨਿਯਮਾਂ ਨੂੰ ਸਰਲ ਬਣਾਉਣ, ਛੋਟੇ ਅਤੇ ਦਰਮਿਆਨੇ ਅਖਬਾਰਾਂ ਲਈ ਨਿਯਮਤ ਇਸ਼ਤਿਹਾਰ, ਅਤੇ ਪੱਤਰਕਾਰਾਂ ਲਈ ਮੁਫਤ ਬੱਸ ਸੇਵਾਵਾਂ ਤੇ ਕਿਲੋਮੀਟਰ ਸੀਮਾ ਹਟਾਉਣ ਦੀ ਮੰਗ ਕੀਤੀ, ਨਾਲ ਹੀ ਪੱਤਰਕਾਰਾਂ ਦੀਆਂ ਹੋਰ ਸਾਰੀਆਂ ਲੰਬਿਤ ਮੰਗਾਂ ਨੂੰ ਜਲਦੀ ਲਾਗੂ ਕੀਤਾ ਜਾਵੇ। ਯੂਨੀਅਨ ਦੇ ਪ੍ਰਧਾਨ ਰਾਮ ਸਿੰਘ ਬਰਾੜ ਅਤੇ ਚੇਅਰਮੈਨ ਬਲਵੰਤ ਤਕਸ਼ਕ ਦੀ ਅਗਵਾਈ ਵਿੱਚ ਸੀਐਚਜੇਯੂ ਦੇ ਇੱਕ ਵਫ਼ਦ ਨੇ ਮੁੱਖ ਮੰਤਰੀ ਦੇ ਨਿਵਾਸ ਸਥਾਨ ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ ਅਤੇ ਪੱਤਰਕਾਰਾਂ ਦੀਆਂ ਲੰਬਿਤ ਮੰਗਾਂ ਸੰਬੰਧੀ ਇੱਕ ਮੰਗ ਪੱਤਰ ਸੌਂਪਿਆ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸੌਂਪੇ ਗਏ ਇੱਕ ਮੰਗ ਪੱਤਰ ਵਿੱਚ, ਚੰਡੀਗੜ੍ਹ ਅਤੇ ਹਰਿਆਣਾ ਪੱਤਰਕਾਰ ਯੂਨੀਅਨ (ਸੀਐਚਜੇਯੂ) ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਰਾਜ ਵਿੱਚ ਪੱਤਰਕਾਰਾਂ ਲਈ ਕਰਮਚਾਰੀਆਂ ਵਾਂਗ ਹੀ ਨਕਦ ਰਹਿਤ ਡਾਕਟਰੀ ਸਹੂਲਤਾਂ ਦਾ ਐਲਾਨ ਕੀਤਾ ਹੈ। ਇਹ ਯੋਜਨਾ ਅਜੇ ਤੱਕ ਲਾਗੂ ਨਹੀਂ ਹੋਈ ਅਤੇ ਪੱਤਰਕਾਰਾਂ ਨੂੰ ਨਕਦ ਰਹਿਤ ਮੈਡੀਕਲ ਕਾਰਡ ਨਹੀਂ ਮਿਲੇ ਹਨ। ਸੀਐਚਜੇਯੂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਰਾਜ ਦੇ ਸਾਰੇ ਪੱਤਰਕਾਰਾਂ ਨੂੰ ਜਲਦੀ ਹੀ ਨਕਦ ਰਹਿਤ ਮੈਡੀਕਲ ਕਾਰਡ ਜਾਰੀ ਕਰਨ। ਸੀਐਚਜੇਯੂ ਨੇ ਮੁੱਖ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਰੋਜ਼ਾਨਾ, ਹਫਤਾਵਾਰੀ, ਪੰਦਰਵਾੜੇ ਅਤੇ ਮਾਸਿਕ ਅਖ਼ਬਾਰਾਂ ਦੇ ਪੱਤਰਕਾਰਾਂ ਨੂੰ ਪਹਿਲਾਂ ਵਾਂਗ ਮਾਨਤਾ ਕਾਰਡ ਜਾਰੀ ਕਰਨ ਅਤੇ ਛੋਟੇ ਅਤੇ ਦਰਮਿਆਨੇ ਅਖ਼ਬਾਰਾਂ ਲਈ ਨਿਯਮਤ ਇਸ਼ਤਿਹਾਰ ਯਕੀਨੀ ਬਣਾਉਣ । ਯੂਨੀਅਨ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਰਾਜ ਸਰਕਾਰ ਹਰਿਆਣਾ ਦੇ ਪੱਤਰਕਾਰਾਂ ਨੂੰ 15,000/- ਮਹੀਨਾਵਾਰ ਪੈਨਸ਼ਨ ਪ੍ਰਦਾਨ ਕਰ ਰਹੀ ਹੈ। ਐਮਰਜੈਂਸੀ ਦੌਰਾਨ ਕੈਦ ਕੀਤੇ ਗਏ ਕਾਰਕੁਨ, ਹਿੰਦੀ ਅੰਦੋਲਨ ਵਿੱਚ ਹਿੱਸਾ ਲੈਣ ਵਾਲੇ ਕਾਰਕੁਨ ਅਤੇ ਪੱਤਰਕਾਰਾਂ ਨੂੰ ਹਮੇਸ਼ਾ ਇੱਕੋ ਜਿਹੀ ਪੈਨਸ਼ਨ ਮਿਲੀ ਹੈ । ਹਾਲ ਹੀ ਵਿੱਚ, ਰਾਜ ਸਰਕਾਰ ਨੇ ਐਮਰਜੈਂਸੀ ਦੌਰਾਨ ਤਸ਼ੱਦਦ ਝੱਲਣ ਵਾਲਿਆਂ ਅਤੇ ਹਿੰਦੀ ਅੰਦੋਲਨ ਵਿੱਚ ਹਿੱਸਾ ਲੈਣ ਵਾਲਿਆਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਕੀਤਾ ਹੈ। ਹਾਲਾਂਕਿ, ਪੱਤਰਕਾਰਾਂ ਦੀਆਂ ਪੈਨਸ਼ਨਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਹੁਣ, ਦੂਜੇ ਰਾਜਾਂ ਦੇ ਪੱਤਰਕਾਰਾਂ ਨੂੰ ਹਰਿਆਣਾ ਨਾਲੋਂ ਵੱਧ ਪੈਨਸ਼ਨ ਮਿਲ ਰਹੀ ਹੈ, ਇਸ ਲਈ ਹਰਿਆਣਾ ਦੇ ਪੱਤਰਕਾਰਾਂ ਦੀ ਪੈਨਸ਼ਨ ਤੁਰੰਤ ਵਧਾਈ ਜਾਣੀ ਚਾਹੀਦੀ ਹੈ। ਸੀਐਚਜੇਯੂ ਨੇ ਮੁੱਖ ਮੰਤਰੀ ਨੂੰ ਪ੍ਰੈਸ ਮਾਨਤਾ ਅਤੇ ਪੱਤਰਕਾਰ ਪੈਨਸ਼ਨ ਨਿਯਮਾਂ ਨੂੰ ਸਰਲ ਬਣਾਉਣ ਦੀ ਵੀ ਅਪੀਲ ਕੀਤੀ ਤਾਂ ਜੋ ਹੋਰ ਪੱਤਰਕਾਰ ਮਾਨਤਾ ਪ੍ਰਾਪਤ ਕਰ ਸਕਣ ਅਤੇ ਪੈਨਸ਼ਨ ਸਕੀਮ ਦਾ ਲਾਭ ਲੈ ਸਕਣ। ਇਸ ਤੋਂ ਇਲਾਵਾ, ਸੀਐਚਜੇਯੂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਪੱਤਰਕਾਰਾਂ ਦੀ ਮੁਫਤ ਬੱਸ ਸੇਵਾ ਤੇ ਕਿਲੋਮੀਟਰ ਦੀ ਸੀਮਾ ਨੂੰ ਹਟਾਉਣ ਸਮੇਤ ਹੋਰ ਸਾਰੀਆਂ ਲੰਬਿਤ ਮੰਗਾਂ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ। ਸੀਐਚਜੇਯੂ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਯੂਨੀਅਨ ਦੇ ਵਫ਼ਦ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਪੱਤਰਕਾਰਾਂ ਦੀਆਂ ਮੰਗਾਂ ਪ੍ਰਤੀ ਬਹੁਤ ਸਕਾਰਾਤਮਕ ਸਨ।

ਹਰਿਆਣਾ ਵਿੱਚ ਹੁਣ ਤੱਕ 37.27 ਲੱਖ ਮੀਟ੍ਰਿਕ ਟਨ ਝੋਨੇ ਦੀ ਹੋਈ ਆਮਦ ਅਤੇ 30.69 ਲੱਖ ਮੀਟ੍ਰਿਕ ਟਨ ਦੀ ਹੋਈ ਖ਼ਰੀਦ : ਮੰਤਰੀ ਰਾਜੇਸ਼ ਨਾਗਰ

ਚੰਡੀਗੜ੍ਹ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖਾਦ, ਨਾਗਰਿਕ ਸਪਲਾਈ ਅਤੇ ਉਪਭੋਗਤਾ ਮਾਮਲਿਆਂ ਦੇ ਮੰਤਰੀ ਸ਼੍ਰੀ ਰਾਜੇਸ਼ ਨਾਗਰ ਨੇ ਕਿਹਾ ਕਿ ਰਾਜ ਸਰਕਾਰ ਕਿਸਾਨਾਂ ਦੀ ਝੋਨੇ ਦੀ ਫ਼ਸਲ ਦੀ ਸੁਚਾਰੂ, ਪਾਰਦਰਸ਼ੀ ਅਤੇ ਸਮੇਂ ਸਿਰ ਖ਼ਰੀਦ ਯਕੀਨੀ ਬਣਾਉਣ ਲਈ ਵਚਨਬੱਧ ਹੈ। ਖ਼ਰੀਫ਼ ਸੀਜ਼ਨ 2026-27 ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ, ਖ਼ਰੀਦ, ਚੁੱਕਣ ਅਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੇ ਭੁਗਤਾਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ। ਸਰਕਾਰ ਦਾ ਵਿਸ਼ੇਸ਼ ਧਿਆਨ ਇਸ ਗੱਲ 'ਤੇ ਹੈ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ ਅਤੇ ਉਹਨਾਂ ਨੂੰ ਆਪਣੀ ਉਪਜ ਦਾ ਯੋਗ ਮੁੱਲ ਸਮੇਂ ਸਿਰ ਮਿਲੇ।

ਮੰਤਰੀ ਸ਼੍ਰੀ ਰਾਜੇਸ਼ ਨਾਗਰ ਨੇ ਦੱਸਿਆ ਕਿ 31 ਅਕਤੂਬਰ ਨੂੰ ਸਵੇਰੇ 8 ਵਜੇ ਤੱਕ ਪ੍ਰਾਪਤ ਅੰਕੜਿਆਂ ਅਨੁਸਾਰ ਹਰਿਆਣਾ ਵਿੱਚ ਕੁੱਲ 37.27 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਦਰਜ ਕੀਤੀ ਗਈ ਹੈ ਅਤੇ 30.69 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਕੁੱਲ ਆਮਦ ਦਾ ਲਗਭਗ 82 ਪ੍ਰਤੀਸ਼ਤ ਝੋਨਾ ਖ਼ਰੀਦਿਆ ਜਾ ਚੁੱਕਾ ਹੈ।

ਸੂਬੇ ਵਿੱਚ ਭਾਰਤ ਸਰਕਾਰ ਵੱਲੋਂ ਨਿਰਧਾਰਿਤ 58 ਲੱਖ ਮੀਟ੍ਰਿਕ ਟਨ ਦੇ ਖ਼ਰੀਦ ਟੀਚੇ ਦੇ ਮੁਕਾਬਲੇ ਹੁਣ ਤੱਕ ਲਗਭਗ 53 ਪ੍ਰਤੀਸ਼ਤ ਖ਼ਰੀਦ ਪੂਰੀ ਹੋ ਚੁੱਕੀ ਹੈ। ਉਹਨਾਂ ਦੱਸਿਆ ਕਿ ਇੱਕ ਦਿਨ ਵਿੱਚ ਲਗਭਗ 1.01 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਅਤੇ 0.36 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਦਰਜ ਕੀਤੀ ਗਈ ਹੈ।

ਉਹਨਾਂ ਦੱਸਿਆ ਕਿ ਖ਼ਰੀਦੇ ਗਏ ਝੋਨੇ ਵਿੱਚੋਂ 23.34 ਲੱਖ ਮੀਟ੍ਰਿਕ ਟਨ ਚੁੱਕੀ ਗਈ ਹੈ, ਜੋ ਕੁੱਲ ਖ਼ਰੀਦ ਦਾ ਲਗਭਗ 76 ਪ੍ਰਤੀਸ਼ਤ ਹੈ। ਇੱਕ ਦਿਨ ਵਿੱਚ ਲਗਭਗ 1.38 ਲੱਖ ਮੀਟ੍ਰਿਕ ਟਨ ਝੋਨਾ ਚੁੱਕਿਆ ਗਿਆ। ਮੰਤਰੀ ਨੇ ਕਿਹਾ ਕਿ ਮੰਡੀਆਂ ਵਿੱਚ ਖ਼ਰੀਦੇ ਗਏ ਝੋਨੇ ਦਾ ਸਮੇਂ ਸਿਰ ਉਠਾਨ ਯਕੀਨੀ ਬਣਾਉਣਾ ਜ਼ਰੂਰੀ ਹੈ, ਤਾਂ ਜੋ ਮੰਡੀਆਂ ਵਿੱਚ ਲੋੜੀਂਦੀ ਥਾਂ ਉਪਲਬਧ ਰਹੇ ਅਤੇ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

ਸ਼੍ਰੀ ਨਾਗਰ ਨੇ ਦੱਸਿਆ ਕਿ ਸੂਬੇ ਵਿੱਚ ਹੁਣ ਤੱਕ 2,22,154 ਕਿਸਾਨਾਂ ਨੂੰ ਝੋਨਾ ਖ਼ਰੀਦ ਪ੍ਰਕਿਰਿਆ ਦਾ ਲਾਭ ਮਿਲਿਆ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਤਹਿਤ ਕਿਸਾਨਾਂ ਨੂੰ ਲਗਭਗ 4,263 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਉਹਨਾਂ ਦੀ ਉਪਜ ਦਾ ਯੋਗ ਮੁੱਲ ਦਿਵਾਉਣਾ ਅਤੇ ਭੁਗਤਾਨ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਈ ਰੱਖਣਾ ਸਰਕਾਰ ਦੀਆਂ ਪ੍ਰਾਥਮਿਕਤਾਵਾਂ ਵਿੱਚ ਸ਼ਾਮਲ ਹੈ। ਉਹਨਾਂ ਖ਼ਰੀਦ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਭੁਗਤਾਨ ਸੰਬੰਧੀ ਪ੍ਰਕਿਰਿਆ ਨਿਰਧਾਰਿਤ ਨਿਯਮਾਂ ਅਨੁਸਾਰ ਸਮੇਂ ਸਿਰ ਪੂਰੀ ਕੀਤੀ ਜਾਵੇ, ਤਾਂ ਜੋ ਕਿਸਾਨਾਂ ਨੂੰ ਅਣਚਾਹੀ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ।

ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਖਾਧ ਅਤੇ ਨਾਗਰਿਕ ਸਪਲਾਈ ਵਿਭਾਗ, ਹਰਿਆਣਾ ਰਾਜ ਸਹਿਕਾਰੀ ਸਪਲਾਈ ਅਤੇ ਵਿਪਣਨ ਸੰਘ ਲਿਮਟਿਡ (ਹੈਫੇਡ) ਅਤੇ ਹਰਿਆਣਾ ਰਾਜ ਭੰਡਾਰਨ ਨਿਗਮ (HSWC) ਦੇ ਮਾਧਿਅਮ ਨਾਲ ਝੋਨੇ ਦੀ ਖ਼ਰੀਦ ਕੀਤੀ ਜਾ ਰਹੀ ਹੈ। ਉਪਲਬਧ ਏਜੰਸੀਵਾਰ ਅੰਕੜਿਆਂ ਅਨੁਸਾਰ, ਖ਼ੁਰਾਕ ਅਤੇ ਨਾਗਰਿਕ ਸਪਲਾਈ ਵਿਭਾਗ ਨੇ 16.53 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਹੈ, ਜੋ ਉਸ ਦੇ 23.20 ਲੱਖ ਮੀਟ੍ਰਿਕ ਟਨ ਦੇ ਨਿਰਧਾਰਿਤ ਟੀਚੇ ਦਾ ਲਗਭਗ 71 ਪ੍ਰਤੀਸ਼ਤ ਹੈ। ਵਿਭਾਗ ਵੱਲੋਂ 12.90 ਲੱਖ ਮੀਟ੍ਰਿਕ ਟਨ ਝੋਨੇ ਦਾ ਚੁੱਕਣ ਦਾ ਕੰਮ ਕੀਤਾ ਜਾ ਚੁੱਕਾ ਹੈ।

ਇਸੇ ਤਰ੍ਹਾਂ, ਹੈਫੇਡ ਨੇ 9.29 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਹੈ, ਜੋ ਉਸ ਦੇ 23.20 ਲੱਖ ਮੀਟ੍ਰਿਕ ਟਨ ਦੇ ਟੀਚੇ ਦਾ ਲਗਭਗ 40 ਪ੍ਰਤੀਸ਼ਤ ਹੈ। ਹੈਫੇਡ ਵੱਲੋਂ 7.21 ਲੱਖ ਮੀਟ੍ਰਿਕ ਟਨ ਝੋਨੇ ਦਾ ਉਠਾਨ ਕੀਤਾ ਜਾ ਚੁੱਕਾ ਹੈ। ਉੱਥੇ ਹੀ, ਹਰਿਆਣਾ ਰਾਜ ਭੰਡਾਰਨ ਨਿਗਮ ਨੇ 4.87 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਹੈ, ਜੋ ਉਸ ਦੇ 11.60 ਲੱਖ ਮੀਟ੍ਰਿਕ ਟਨ ਦੇ ਟੀਚੇ ਦਾ ਲਗਭਗ 42 ਪ੍ਰਤੀਸ਼ਤ ਹੈ। ਨਿਗਮ ਵੱਲੋਂ 3.23 ਲੱਖ ਮੀਟ੍ਰਿਕ ਟਨ ਝੋਨੇ ਦਾ ਉਠਾਨ ਕੀਤਾ ਜਾ ਚੁੱਕਾ ਹੈ। ਤਿੰਨਾਂ ਏਜੰਸੀਆਂ ਵੱਲੋਂ ਕੁੱਲ 30.69 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਅਤੇ 23.34 ਲੱਖ ਮੀਟ੍ਰਿਕ ਟਨ ਦਾ ਉਠਾਨ ਕੀਤਾ ਗਿਆ ਹੈ।

25 ਅਕਤੂਬਰ 2026 ਤੱਕ ਉਪਲਬਧ ਜ਼ਿਲ੍ਹਾ-ਵਾਰ ਅੰਕੜਿਆਂ ਅਨੁਸਾਰ, ਕੁਰੂਕਸ਼ੇਤਰ ਵਿੱਚ 8.23 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਅਤੇ 7.64 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਦਰਜ ਕੀਤੀ ਗਈ ਹੈ। ਜ਼ਿਲ੍ਹੇ ਵਿੱਚ 6.47 ਲੱਖ ਮੀਟ੍ਰਿਕ ਟਨ ਝੋਨੇ ਦਾ ਉਠਾਨ ਕੀਤਾ ਜਾ ਚੁੱਕਾ ਹੈ, ਜੋ ਕੁੱਲ ਖ਼ਰੀਦ ਦਾ ਲਗਭਗ 84.75 ਪ੍ਰਤੀਸ਼ਤ ਹੈ। ਕੈਥਲ ਵਿੱਚ 6.76 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਅਤੇ 5.94 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਹੋਈ ਹੈ, ਜਦੋਂ ਕਿ 4.55 ਲੱਖ ਮੀਟ੍ਰਿਕ ਟਨ ਤੋਂ ਵੱਧ ਝੋਨੇ ਦਾ ਉਠਾਨ ਕੀਤਾ ਗਿਆ ਹੈ। ਕਰਨਾਲ ਵਿੱਚ 5.60 ਲੱਖ ਮੀਟ੍ਰਿਕ ਟਨ ਦੀ ਆਮਦ, 4.32 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਅਤੇ 2.85 ਲੱਖ ਮੀਟ੍ਰਿਕ ਟਨ ਤੋਂ ਵੱਧ ਦਾ ਉਠਾਨ ਦਰਜ ਕੀਤਾ ਗਿਆ ਹੈ।

ਜ਼ਿਲ੍ਹਾ-ਵਾਰ ਰਿਪੋਰਟ ਅਨੁਸਾਰ, ਅੰਬਾਲਾ ਵਿੱਚ 4.13 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ, 3.60 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਅਤੇ 2.91 ਲੱਖ ਮੀਟ੍ਰਿਕ ਟਨ ਦਾ ਚੁੱਕਿਆ ਗਿਆ। ਫਤੇਹਾਬਾਦ ਵਿੱਚ 3.62 ਲੱਖ ਮੀਟ੍ਰਿਕ ਟਨ ਤੋਂ ਵੱਧ ਦੀ ਆਮਦ ਅਤੇ 2.50 ਲੱਖ ਮੀਟ੍ਰਿਕ ਟਨ ਤੋਂ ਵੱਧ ਦੀ ਖ਼ਰੀਦ ਦਰਜ ਕੀਤੀ ਗਈ ਹੈ। ਯਮੁਨਾਨਗਰ ਵਿੱਚ 3.09 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਅਤੇ 2.70 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਹੋਈ ਹੈ, ਜਦੋਂ ਕਿ 2.31 ਲੱਖ ਮੀਟ੍ਰਿਕ ਟਨ ਤੋਂ ਵੱਧ ਝੋਨਾ ਚੁੱਕਣ ਦਾ ਕੰਮ ਕੀਤਾ ਜਾ ਚੁੱਕਾ ਹੈ। ਯਮੁਨਾਨਗਰ ਵਿੱਚ ਕੁੱਲ ਖ਼ਰੀਦ ਦੇ ਮੁਕਾਬਲੇ ਚੁੱਕਿਆ ਲਗਭਗ 85.78 ਪ੍ਰਤੀਸ਼ਤ ਰਿਹਾ ਹੈ। ਹਿਸਾਰ, ਜੀਂਦ, ਸਿਰਸਾ, ਪੰਚਕੂਲਾ, ਪਾਨੀਪਤ, ਰੋਹਤਕ, ਸੋਨੀਪਤ, ਪਲਵਲ, ਝੱਜਰ, ਹਾਂਸੀ ਅਤੇ ਫਰੀਦਾਬਾਦ ਸਮੇਤ ਸੂਬੇ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ ਖ਼ਰੀਦ ਪ੍ਰਕਿਰਿਆ ਜਾਰੀ ਹੈ।

ਜ਼ਿਲ੍ਹਾ-ਵਾਰ ਰਿਪੋਰਟ ਵਿੱਚ ਚੁੱਕਣ ਦੀ ਸਥਿਤੀ ਦੇ ਸੰਬੰਧ ਵਿੱਚ ਮੰਤਰੀ ਨੇ ਕਿਹਾ ਕਿ ਸੰਬੰਧਿਤ ਅਧਿਕਾਰੀ ਮੰਡੀਆਂ ਵਿੱਚ ਝੋਨੇ ਦੇ ਉਠਾਨ ਦੀ ਨਿਯਮਿਤ ਸਮੀਖਿਆ ਕਰਨ। ਜਿਨ੍ਹਾਂ ਜ਼ਿਲ੍ਹਿਆਂ ਵਿੱਚ ਚੁੱਕਣ ਦੀ ਰਫ਼ਤਾਰ ਘੱਟ ਹੈ, ਉੱਥੇ ਖ਼ਰੀਦ ਏਜੰਸੀਆਂ ਨੂੰ ਜ਼ਰੂਰੀ ਕਦਮ ਚੁੱਕ ਕੇ ਉਠਾਨ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ, ਤਾਂ ਜੋ ਮੰਡੀਆਂ ਵਿੱਚ ਫ਼ਸਲ ਰੱਖਣ ਲਈ ਲੋੜੀਂਦੀ ਥਾਂ ਉਪਲਬਧ ਰਹੇ ਅਤੇ ਕਿਸਾਨਾਂ ਨੂੰ ਆਪਣੀ ਉਪਜ ਲਿਆਉਣ ਵਿੱਚ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ।

ਏਜੰਸੀਵਾਰ ਭੁਗਤਾਨ ਦੇ ਉਪਲਬਧ ਅੰਕੜਿਆਂ ਅਨੁਸਾਰ, ਖਾਧ ਅਤੇ ਨਾਗਰਿਕ ਸਪਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਲਗਭਗ 2,375.62 ਕਰੋੜ ਰੁਪਏ, ਹੈਫੇਡ ਵੱਲੋਂ 1,329.76 ਕਰੋੜ ਰੁਪਏ ਅਤੇ ਹਰਿਆਣਾ ਰਾਜ ਭੰਡਾਰਨ ਨਿਗਮ ਵੱਲੋਂ 558.38 ਕਰੋੜ ਰੁਪਏ ਦਾ ਭੁਗਤਾਨ ਦਰਜ ਕੀਤਾ ਗਿਆ ਹੈ।

ਰਿਪੋਰਟ ਵਿੱਚ ਕੁੱਲ ਭੁਗਤਾਨ ਲਗਭਗ 4,263.76 ਕਰੋੜ ਰੁਪਏ ਦਰਸਾਇਆ ਗਿਆ ਹੈ। ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਭੁਗਤਾਨ ਵਿੱਚ ਤੇਜ਼ੀ ਲਿਆਉਣ ਲਈ ਸਾਰੀਆਂ ਸੰਬੰਧਿਤ ਏਜੰਸੀਆਂ ਨੂੰ ਨਿਰਧਾਰਿਤ ਪ੍ਰਕਿਰਿਆ ਤਹਿਤ ਜ਼ਰੂਰੀ ਕਾਰਵਾਈ ਯਕੀਨੀ ਬਣਾਉਣੀ ਚਾਹੀਦੀ ਹੈ।

ਸ਼੍ਰੀ ਰਾਜੇਸ਼ ਨਾਗਰ ਨੇ ਦੱਸਿਆ ਕਿ ਸਰਕਾਰੀ ਖ਼ਰੀਦ ਏਜੰਸੀਆਂ ਤੋਂ ਇਲਾਵਾ ਨਿੱਜੀ ਵਪਾਰੀਆਂ ਵੱਲੋਂ ਵੀ ਝੋਨੇ ਦੀ ਖ਼ਰੀਦ ਕੀਤੀ ਜਾ ਰਹੀ ਹੈ। ਉਪਲਬਧ ਰਿਪੋਰਟ ਅਨੁਸਾਰ, ਨਿੱਜੀ ਵਪਾਰੀਆਂ ਨੇ ਹੁਣ ਤੱਕ 38,770 ਮੀਟ੍ਰਿਕ ਟਨ ਝੋਨਾ ਖ਼ਰੀਦਿਆ ਹੈ। ਨਿੱਜੀ ਵਪਾਰੀਆਂ ਵੱਲੋਂ ਖ਼ਰੀਦੇ ਗਏ ਝੋਨੇ ਦਾ ਔਸਤ ਭਾਅ 2,516 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ ਹੈ, ਜਦੋਂ ਕਿ ਵੱਖ-ਵੱਖ ਲੈਣ-ਦੇਣ ਵਿੱਚ ਭਾਅ 2,461 ਰੁਪਏ ਤੋਂ 2,965 ਰੁਪਏ ਪ੍ਰਤੀ ਕੁਇੰਟਲ ਤੱਕ ਰਿਹਾ ਹੈ।

ਮੰਤਰੀ ਨੇ ਕਿਹਾ ਕਿ ਮੰਡੀਆਂ ਵਿੱਚ ਖ਼ਰੀਦ ਵਿਵਸਥਾ ਨੂੰ ਸੁਚਾਰੂ ਬਣਾਈ ਰੱਖਣ ਲਈ ਖ਼ਰੀਦ ਏਜੰਸੀਆਂ, ਮੰਡੀ ਅਧਿਕਾਰੀਆਂ ਅਤੇ ਸੰਬੰਧਿਤ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਜ਼ਰੂਰੀ ਹੈ। ਉਹਨਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀਆਂ ਵਿੱਚ ਜ਼ਰੂਰੀ ਸਹੂਲਤਾਂ ਦੀ ਨਿਯਮਿਤ ਨਿਗਰਾਨੀ ਕੀਤੀ ਜਾਵੇ, ਕਿਸਾਨਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇ ਅਤੇ ਖ਼ਰੀਦ ਕਾਰਜ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਨਾ ਵਰਤੀ ਜਾਵੇ। ਨਾਲ ਹੀ, ਖ਼ਰੀਦੇ ਗਏ ਝੋਨੇ ਦੇ ਉਠਾਨ ਅਤੇ ਭੁਗਤਾਨ ਪ੍ਰਕਿਰਿਆ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਮੰਤਰੀ ਸ਼੍ਰੀ ਰਾਜੇਸ਼ ਨਾਗਰ ਨੇ ਕਿਹਾ ਕਿ ਕਿਸਾਨਾਂ ਦਾ ਹਿੱਤ ਰਾਜ ਸਰਕਾਰ ਦੀ ਸਰਵਉੱਚ ਪ੍ਰਾਥਮਿਕਤਾ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕਿਸਾਨਾਂ ਦੀ ਫ਼ਸਲ ਦੀ ਖ਼ਰੀਦ ਨਿਰਧਾਰਿਤ ਨਿਯਮਾਂ ਅਨੁਸਾਰ ਹੋਵੇ, ਉਹਨਾਂ ਨੂੰ ਆਪਣੀ ਉਪਜ ਦਾ ਯੋਗ ਮੁੱਲ ਮਿਲੇ ਅਤੇ ਭੁਗਤਾਨ ਸਮੇਂ ਸਿਰ ਕੀਤਾ ਜਾਵੇ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਿਤ ਮਾਪਦੰਡਾਂ ਦੇ ਅਨੁਕੂਲ ਆਪਣੀ ਫ਼ਸਲ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਖ਼ਰੀਦ ਪ੍ਰਕਿਰਿਆ ਦੌਰਾਨ ਸੰਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਸਹਿਯੋਗ ਕਰਨ।

ਮੰਤਰੀ ਨੇ ਕਿਹਾ ਕਿ ਸਾਰੀਆਂ ਖ਼ਰੀਦ ਏਜੰਸੀਆਂ, ਮੰਡੀ ਅਧਿਕਾਰੀਆਂ ਅਤੇ ਸੰਬੰਧਿਤ ਵਿਭਾਗਾਂ ਦੇ ਸਾਂਝੇ ਯਤਨਾਂ ਨਾਲ ਖ਼ਰੀਫ਼ ਮਾਰਕੀਟਿੰਗ ਸੀਜ਼ਨ 2026-27 ਦੌਰਾਨ ਝੋਨੇ ਦੀ ਖ਼ਰੀਦ, ਉਠਾਨ ਅਤੇ ਭੁਗਤਾਨ ਦੀ ਪ੍ਰਕਿਰਿਆ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧੇਗੀ ਅਤੇ ਸੂਬੇ ਦੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਅਣਚਾਹੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਬਠਿੰਡਾ ਪੁਲਿਸ ਦੀ ਤੁਰੰਤ ਕਾਰਵਾਈ ਨਾਲ ਸਾਈਬਰ ਧੋਖਾਧੜੀ ਦੇ ਪੀੜਤ ਨੂੰ 2.15 ਲੱਖ ਦੀ ਰਕਮ ਵਾਪਸ ਕਰਵਾਈ

ਬਠਿੰਡਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਠਿੰਡਾ ਪੁਲਿਸ ਦੇ ਸਾਈਬਰ ਕ੍ਰਾਈਮ ਥਾਣੇ ਵੱਲੋਂ ਤੁਰੰਤ ਅਤੇ ਸੰਵੇਦਨਸ਼ੀਲ ਕਾਰਵਾਈ ਕਰਦਿਆਂ ਸਾਈਬਰ ਧੋਖਾਧੜੀ ਦੇ ਇੱਕ ਮਾਮਲੇ ਵਿੱਚ ਪੀੜਤ ਨੂੰ ?2,15,000 ਦੀ ਰਕਮ ਰਿਫੰਡ ਕਰਵਾਈ ਗਈ। ਇਹ ਰਕਮ ਪੀੜਤ ਦੀ ਮਿਹਨਤ ਦੀ ਕਮਾਈ ਸੀ, ਜਿਸ ਦੇ ਵਾਪਸ ਮਿਲਣ ਨਾਲ ਉਸ ਨੂੰ ਵੱਡੀ ਰਾਹਤ ਮਿਲੀ।

ਪ੍ਰਾਪਤ ਜਾਣਕਾਰੀ ਅਨੁਸਾਰ, ਇੱਕ ਵਿਅਕਤੀ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਮੋਬਾਈਲ ਫੋਨ 'ਤੇ ਇੱਕ APK ਫਾਇਲ ਆਈ ਸੀ। ਫਾਇਲ 'ਤੇ ਕਲਿਕ ਕਰਦੇ ਹੀ ਉਸ ਦਾ ਫੋਨ ਹੈਕ ਹੋ ਗਿਆ, ਜਿਸ ਤੋਂ ਬਾਅਦ ਉਸ ਦੇ ਕ੍ਰੈਡਿਟ ਕਾਰਡ ਰਾਹੀਂ 8 ਵੱਖ-ਵੱਖ ਲੈਣ-ਦੇਣ ਕੀਤੇ ਗਏ। ਇਸ ਦੌਰਾਨ ਕੁੱਲ 2,30,000 ਦੀ ਧੋਖਾਧੜੀ ਹੋਈ, ਜਿਸ ਕਾਰਨ ਪੀੜਤ ਅਤੇ ਉਸ ਦਾ ਪਰਿਵਾਰ ਗਹਿਰੀ ਚਿੰਤਾ ਵਿੱਚ ਪੈ ਗਿਆ। ਸ਼ਿਕਾਇਤ ਮਿਲਣ ਤੋਂ ਬਾਅਦ ਸਾਈਬਰ ਕ੍ਰਾਈਮ ਥਾਣਾ, ਬਠਿੰਡਾ ਦੀ ਪੁਲਿਸ ਟੀਮ ਨੇ ਬਿਨਾਂ ਦੇਰੀ ਕੀਤੇ ਤੁਰੰਤ ਕਾਰਵਾਈ ਸ਼ੁਰੂ ਕੀਤੀ ਅਤੇ Amazon Pay ਨਾਲ ਪੱਤਰ ਵਿਹਾਰ ਕੀਤਾ। ਪੁਲਿਸ ਦੇ ਲਗਾਤਾਰ ਯਤਨਾਂ ਅਤੇ ਸਮੇਂ ਸਿਰ ਕੀਤੀ ਕਾਰਵਾਈ ਸਦਕਾ ਪੀੜਤ ਨੂੰ 2,15,000 ਦੀ ਰਕਮ ਵਾਪਸ ਕਰਵਾਈ ਗਈ। ਬਠਿੰਡਾ ਪੁਲਿਸ ਦੀ ਇਸ ਕਾਰਵਾਈ ਨੇ ਇੱਕ ਪਰਿਵਾਰ ਨੂੰ ਵੱਡੇ ਆਰਥਿਕ ਨੁਕਸਾਨ ਅਤੇ ਮਾਨਸਿਕ ਪਰੇਸ਼ਾਨੀ ਤੋਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਬਠਿੰਡਾ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵਿਆਹ ਦੇ ਕਾਰਡਾਂ, ਤਿਉਹਾਰਾਂ ਦੀਆਂ ਵਧਾਈਆਂ, ਚਲਾਨ, ਡਿਲਿਵਰੀ ਜਾਂ ਇਨਾਮਾਂ ਦੇ ਨਾਂ 'ਤੇ ਆਉਣ ਵਾਲੀਆਂ ਅਣਜਾਣ APK ਫਾਇਲਾਂ ਅਤੇ ਲਿੰਕਾਂ 'ਤੇ ਕਲਿਕ ਨਾ ਕਰਨ। ਅਜਿਹੀਆਂ APK ਫਾਇਲਾਂ 'ਤੇ ਕਲਿਕ ਕਰਨ ਨਾਲ ਸਾਈਬਰ ਠੱਗ ਤੁਹਾਡੇ ਮੋਬਾਈਲ ਤੱਕ ਪਹੁੰਚ ਬਣਾ ਕੇ ਤੁਹਾਡੇ ਕ੍ਰੈਡਿਟ ਕਾਰਡ ਰਾਹੀਂ ਗੈਰ-ਅਧਿਕਾਰਤ ਲੈਣ-ਦੇਣ ਕਰ ਸਕਦੇ ਹਨ ਅਤੇ ਤੁਹਾਡੇ ਬੈਂਕ ਖਾਤੇ ਵਿੱਚੋਂ ਵੀ ਪੈਸੇ ਕਢਵਾ ਸਕਦੇ ਹਨ। ਇਸ ਲਈ ਅਜਿਹੀਆਂ ਫਾਇਲਾਂ ਨੂੰ ਇੰਸਟਾਲ ਕਰਨ ਜਾਂ ਅੱਗੇ ਭੇਜਣ ਤੋਂ ਪਹਿਲਾਂ ਉਨ੍ਹਾਂ ਦੀ ਪੁਸ਼ਟੀ ਜ਼ਰੂਰ ਕਰੋ।

ਮਿਨੀ ਕਹਾਣੀਆਂ

ਮੁੱਖ ਕਾਰਨ

• ਬਿੰਦਰ ਸਿੰਘ ਖੁੱਡੀ ਕਲਾਂ

'ਬਾਪੂ ਘਰੇ ਆਈ ਕੰਮ ਆ ਮਾੜਾ ਜਾ' ਸੱਥ 'ਚ ਬੈਠੇ ਅੱਸੀ ਵਰ੍ਹਿਆਂ ਦੇ ਜਾਗਰ ਸਿਹੁੰ ਨੂੰ ਉਸ ਦੇ ਪੋਤੇ ਨੇ ਆਵਾਜ਼ ਮਾਰੀ। 'ਐਥੇ ਈ ਦੱਸ ਦੇ, ਕੀ ਕੰਮ ਆ, ਵਾਰ-ਵਾਰ ਘਰੇ ਆਉਣਾ-ਜਾਣਾ ਮੈਨੂੰ ਔਖਾ ਲੱਗਦਾ'। ਜਾਗਰ ਸਿਹੁੰ ਬੋਲਿਆ। 'ਬਾਪੂ ਦੋ ਕੁ ਹਜ਼ਾਰ ਰੁਪਈਆ ਦੇਵੀਂ, ਕਾਰ 'ਚ ਤੇਲ ਪਵਾਉਣ ਨੂੰ, ਮੈਂ ਸਹੁਰੀਂ ਜਾ ਕੇ ਆਉਣਾ'। ਪੋਤੇ ਨੇ ਗੱਲ ਸਪੱਸ਼ਟ ਕੀਤੀ।

'ਦੋ ਹਜ਼ਾਰ ਰੁਪਈਆ ਤੇਲ ਲਈ'? ਜਾਗਰ ਸਿਹੁੰ ਪ੍ਰੇਸ਼ਾਨ ਜਿਹਾ ਹੋ ਕੇ ਬੋਲਿਆ, 'ਅਸੀਂ ਤਾਂ ਮੁਫ਼ਤੋ-ਮੁਫ਼ਤੀ ਸਹੁਰੀਂ ਜਾ ਆਉਂਦੇ ਸੀ। ਪੈਦਲ ਜਾਣਾ ਤੇ ਪੈਦਲ ਆਉਣਾ। ਚਲ ਤੂੰ ਬੱਸ 'ਤੇ ਚਲਾ ਜਾਹ, ਸਾਰਾ ਈ ਦੋ ਸੌ ਰੁਪਈਆ ਲੱਗੂ ਥੋਡਾ, ਤਿੰਨੇ ਜਣਿਆਂ ਦਾ'। 'ਬਾਪੂ ਤੂੰ ਤਾਂ ਪੁਰਾਣੀਆਂ ਗੱਲਾਂ ਕਰਦੈਂ, ਹੁਣ ਥੋਡੇ ਵਾਲੇ ਜ਼ਮਾਨੇ ਨਹੀਂ ਰਹੇ ਵੀ ਪੈਸੇਂ ਦੀ ਖਾਤਿਰ ਮਰੂੰ ਮਰੂੰ ਕਰੀ ਚਲੋ'। ਪੋਤਰੇ ਨੇ ਜਵਾਬ ਦਿੱਤਾ।

'ਹਾਂ ਪੁੱਤ ਤੂੰ ਸੱਚ ਈ ਕਹਿਨੈ, ਹੁਣ ਸੱਚੀਂ ਸਾਡੇ ਵਾਲੇ ਜ਼ਮਾਨੇ ਨੀ ਰਹੇ। ਸਾਡੇ ਵੇਲੇ ਲੋਕ ਚਾਦਰ ਵੇਖ ਕੇ ਪੈਰ ਪਸਾਰਦੇ ਹੁੰਦੇ ਸੀ ਨਾਲੇ ਪੈਸੇ ਦੀ ਖਾਤਿਰ ਮਰੂੰ-ਮਰੂੰ ਤਾਂ ਕਰਦੇ ਹੁੰਦੇ ਸੀ ਪਰ ਆਪ ਨਹੀਂ ਸੀ ਮਰਦੇ। ਸਾਡੇ ਵੇਲੇ ਲੋਕ ਆਮਦਨ ਤੇ ਖਰਚੇ ਦਾ ਹਿਸਾਬ ਰੱਖ ਕੇ ਪੈਸਾ ਖਰਚਦੇ ਸਨ'। ਖੁਦਕੁਸ਼ੀਆਂ ਦੇ ਮੁੱਖ ਕਾਰਨ ਦਾ ਖੁਲਾਸਾ ਕਰਦਾ ਜਾਗਰ ਸਿਹੁੰ ਖੂੰਡੀ ਚੁੱਕ ਘਰ ਵੱਲ ਨੂੰ ਹੋ ਤੁਰਿਆ। *ਮੋਬਾਈਲ : 98786-05965*

ਪੁੰਨ

ਰਾਮ ਚੰਦ ਨੂੰ ਬਜ਼ਾਰੋਂ ਵਾਪਿਸ ਆਉਂਦਿਆਂ ਉਸ ਦੀ ਘਰਵਾਲੀ ਨੇ ਫੋਨ ਕੀਤਾ ਕਿ ਬੱਚਿਆਂ ਦੇ ਖਾਣ ਲਈ ਬਰੈੱਡ ਜ਼ਰੂਰ ਲੈ ਆਉਣਾ। ਉਸ ਨੇ ਆਪਣਾ ਸਾਈਕਲ ਇਕ ਦੁਕਾਨ ਦੇ ਬਾਹਰ ਖੜ੍ਹਾ ਕੀਤਾ ਤੇ ਬਾਹਰ ਰੱਖੇ ਬਰੈੱਡਾਂ ਨੂੰ ਵੇਖਣ ਲੱਗਾ। ਉਸ ਨੇ ਨੋਟ ਕੀਤਾ ਕਿ ਬਰੈੱਡ ਦੇ ਪੈਕਟਾਂ ਉੱਪਰ ਛਪੀ ਖਾਣ ਦੀ ਮਿਆਦ ਨੂੰ ਲੰਘੇ ਹੋਏ ਤਾਂ ਕਾਫੀ ਦਿਨ ਹੋ ਚੁੱਕੇ ਹਨ।

ਉਸ ਨੇ ਇਸ ਸਬੰਧੀ ਦੁਕਾਨਦਾਰ ਨੂੰ ਕਿਹਾ ਤਾਂ ਦੁਕਾਨਦਾਰ ਨੇ ਉਸ ਨੂੰ ਕਲ੍ਹ ਨੂੰ ਬਰੈੱਡ ਲੈ ਕੇ ਜਾਣ ਦੇ ਲਈ ਕਹਿ ਕੇ ਆਪਣੇ ਨੌਕਰ ਰਾਮੂ ਨੂੰ ਆਵਾਜ਼ ਮਾਰਦਿਆਂ ਕਿਹਾ ਕਿ ਰਾਮੂ ਇਹ ਸਾਰੀਆਂ ਬਰੈੱਡਾਂ ਦੇ ਪੈਕਟ ਸਾਡੇ ਮੁੱਹਲੇ ਦੇ ਧਾਰਮਿਕ ਸਥਾਨ 'ਤੇ ਛੱਡ ਆ।

ਕਿਸੇ ਇਨਸਾਨ ਦੇ ਮੂੰਹ ਵਿਚ ਪੈਣਗੇ ਅਤੇ ਪੁੰਨ ਦਾ ਕੰਮ ਵੀ ਹੋ ਜਾਵੇਗਾ। ਹੁਣ ਰਾਮ ਚੰਦ ਸਾਈਕਲ ਚਲਾਉਂਦਾ ਹੋਇਆ ਦੁਕਾਨਦਾਰ ਵੱਲੋਂ ਕੀਤੇ ਗਏ ਉਸ ਪੁੰਨ ਦੇ ਕੰਮ ਬਾਰੇ ਸੋਚਦਾ ਜਾ ਰਿਹਾ ਸੀ। ਆਪਣੇ ਬੱਚਿਆਂ ਲਈ ਬਰੈੱਡ ਲੈਣ ਦਾ ਚੇਤਾ ਉਸ ਨੂੰ ਭੁੱਲ ਹੀ ਗਿਆ ਸੀ।

• **ਰਮਨਦੀਪ ਸ਼ਰਮਾ**, *ਮੋਬਾਈਲ : 95010-33005*

ਆਧੁਨਿਕ ਸੰਵੇਦਨਾ ਦਾ ਸ਼ਾਇਰ ਹਰਮੀਤ ਵਿਦਿਆਰਥੀ

ਪ੍ਰੋ. ਜਸਪਾਲ ਘਈ
ਮੋਬਾਈਲ : 99150-99926

ਹਰਮੀਤ ਦੀ ਸ਼ਾਇਰੀ ਚਿੰਤਾ, ਚਿੰਤਨ ਅਤੇ ਚਾਹਤ ਦੀ ਸ਼ਾਇਰੀ ਹੈ। ਇਸ ਵਿਚ ਯਥਾਰਥ ਦੀ ਕਰੂਰਤਾ ਤੇ ਅਮਾਨਵੀਪਨ ਉੱਪਰ ਗਹਿਰੀ ਚਿੰਤਾ ਅਤੇ ਦੁੱਖ ਹੈ। ਉਹ ਸਥਿਤੀ ਪਿੱਛੇ ਗਤੀਸ਼ੀਲ ਕਾਰਨਾਂ ਅਤੇ ਸ਼ਕਤੀਆਂ ਨੂੰ ਸਾਹਮਣੇ ਲਿਆਉਣ ਵਾਲਾ ਚਿੰਤਕ ਤਾਂ ਹੈ ਇਸ ਦੇ ਨਾਲ ਹੀ ਇਨ੍ਹਾਂ ਕਰੂਰ ਸਥਿਤੀਆਂ ਨੂੰ ਬਦਲਣ ਦੀ ਤੀਬਰ ਚਾਹਤ ਵੀ ਹੈ ਉਸ ਵਿਚ...

ਹਰਮੀਤ ਵਿਦਿਆਰਥੀ ਸਮਕਾਲੀ ਪੰਜਾਬੀ ਸ਼ਾਇਰਾਂ ਦੀ ਉਸ ਢਾਣੀ ਵਿਚ ਨਿਵੇਕਲਾ ਸਥਾਨ ਰੱਖਣ ਵਾਲਾ ਸ਼ਾਇਰ ਹੈ, ਜੋ ਸਮਾਜਿਕ ਯਥਾਰਥ ਨੂੰ ਇਸ ਦੇ ਬਹੁਪਰਤੀ ਵਿਵੇਕ ਸਮੇਤ ਕਾਵਿ ਬਿੰਬ ਵਿਚ ਢਾਲਣ ਦੀ ਸਮਰਥਾ ਰਖਦੇ ਹਨ। ਉਸ ਦੀ ਸ਼ਾਇਰੀ ਚਿੰਤਾ, ਚਿੰਤਨ ਅਤੇ ਚਾਹਤ ਦੀ ਸ਼ਾਇਰੀ ਹੈ। ਕਿਉਂਕਿ ਇਸ ਵਿਚ ਯਥਾਰਥ ਦੀ ਕਰੂਰਤਾ ਤੇ ਅਮਾਨਵੀਪਨ ਉੱਪਰ ਗਹਿਰੀ ਚਿੰਤਾ ਅਤੇ ਦੁੱਖ ਹੈ, ਇਸ ਵਸਤੂ ਸਥਿਤੀ ਪਿੱਛੇ ਗਤੀਸ਼ੀਲ ਕਾਰਨਾਂ ਅਤੇ ਸ਼ਕਤੀਆਂ ਨੂੰ ਸਾਹਮਣੇ ਲਿਆਉਣ ਵਾਲਾ ਚਿੰਤਕ ਵੀ ਹੈ ਅਤੇ ਇਨ੍ਹਾਂ ਕਰੂਰ ਸਥਿਤੀਆਂ ਨੂੰ ਬਦਲਣ ਦੀ ਤੀਬਰ ਚਾਹਤ ਵੀ ਹੈ। ਇੰਜ ਉਸ ਦੀ ਸ਼ਾਇਰੀ ਸੰਵੇਦਨਾ ਤੋਂ ਚਿੰਤਨੀ ਵਿਵੇਕ ਤਕ ਫੈਲੀ ਹੋਈ ਹੈ, ਜਿਸ ਵਿੱਚੋਂ ਉਸ ਦੀ ਲੋਕ ਪੱਖੀ ਵਿਚਾਰਧਾਰਾ ਦੀ ਸਪਸ਼ਟ ਝਲਕ ਪ੍ਰਾਪਤ ਹੁੰਦੀ ਹੈ, ਦੇਖੋ ਵੰਨਗੀ :

ਮੇਰੀ ਜੀਭਾ ਨੂੰ ਚੁੱਪ ਰਹਿਣਾ
ਨਹੀਂ ਆਇਆ ਅਜੇ ਤੀਕਰ,
ਬੜ੍ਹਾ ਮੁਸ਼ਕਿਲ ਹੈ ਪਰ ਹੈ ਲਾਜ਼ਮੀ
ਸੱਚ ਬੋਲਦੇ ਰਹਿਣਾ।
ਮਿਲੀ ਗੁੜ੍ਹਤੀ ਸੀ ਤੇਗਾਂ ਨੇਜ਼ਿਆਂ
ਸੰਗ ਖੇਡਣੇ ਦੀ ਪਰ,
ਇਹ ਕਿੱਥੋਂ ਆ ਗਿਆ ਹੈ
ਗਿੜਗਿੜਾਉਣਾ ਰੀਂਗਦੇ ਰਹਿਣਾ।

ਹਰਮੀਤ ਵਿਦਿਆਰਥੀ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ ਅਤੇ ਅਨੇਕਾਂ ਖੇਤਰਾਂ ਵਿਚ ਸਰਗਰਮ ਹੈ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੀਤ ਪ੍ਰਧਾਨ ਰਿਹਾ ਹੈ ਅਤੇ ਜਨਰਲ ਸਕੱਤਰ ਵੀ। ਉਹ ਰੈਵੇਨਿਊ ਪਟਵਾਰ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਅਤੇ ਸਟੇਟ ਪੱਧਰ ਦਾ ਅਹੁਦੇਦਾਰ ਹੈ। ਉਹ ਅਨੇਕਾਂ ਸਮਾਜਿਕ ਸੱਭਿਆਚਾਰਕ ਜੱਥੇਬੰਦੀਆਂ ਵਿਚ ਸਰਗਰਮ ਹੈ। ਸ਼ਾਇਰ, ਚਿੰਤਕ, ਜੱਥੇਬੰਦਕ ਆਗੂ, ਸੰਪਾਦਕ, ਪਬਲਿਸ਼ਰ, ਐਂਕਰ, ਅਨੇਕਾਂ ਖੇਤਰਾਂ ਨਾਲ ਉਹ ਜੁੜਿਆ ਰਿਹਾ ਹੈ ਅਤੇ ਹਰ ਖੇਤਰ ਦਾ ਚਰਚਿਤ ਹਸਤਾਖਰ ਵੀ ਮੰਨਿਆ ਜਾਂਦਾ ਹੈ।

ਹਰਮੀਤ ਵਿਦਿਆਰਥੀ ਦਾ ਜਨਮ 9 ਜਨਵਰੀ 1968 ਨੂੰ ਫ਼ਿਰੋਜ਼ਪੁਰ ਵਿਖੇ ਹੋਇਆ। ਉਸ ਨੇ ਅੱਠਵੀਂ ਤਕ ਦੀ ਪੜ੍ਹਾਈ ਫ਼ਿਰੋਜ਼ਪੁਰ ਕੀਤੀ । ਪਿਤਾ ਸ. ਅਮਰੀਕ ਸਿੰਘ ਨਹਿਰ ਵਿਭਾਗ ਵਿਚ ਸਨ। ਉਨ੍ਹਾਂ ਦੀ ਬਦਲੀ ਹੋਣ ਕਾਰਨ ਪਰਿਵਾਰ ਫ਼ਰੀਦਕੋਟ ਆ ਗਿਆ । ਇੱਥੋਂ ਦੇ ਬਲਵੀਰ ਹਾਈ ਸਕੂਲ ਤੋਂ ਉਸ ਨੇ ਦਸਵੀਂ ਪਾਸ ਕੀਤੀ ਤੇ ਬਰਜਿੰਦਰਾ ਕਾਲਜ ਵਿਚ ਉਚੇਰੀ ਪੜ੍ਹਾਈ ਲਈ ਜਾ ਦਾਖ਼ਲ ਹੋਇਆ । ਭਾਵੇਂ ਬੀਏ ਅਤੇ ਐਮਏ (ਪੰਜਾਬੀ) ਉਸ ਨੇ ਪ੍ਰਾਈਵੇਟ ਹੀ ਕੀਤੀ ਪਰ ਕਾਲਜ ਵਿਚ ਲਗਾਏ ਦੋ ਕੁ ਸਾਲਾਂ ਨੇ ਉਸ ਦੇ ਮਨ 'ਚ ਉਸ ਦੇ ਸਕੂਲ ਅਧਿਆਪਕ ਨਵਰਾਹੀ ਘੁਗਿਆਣਵੀ ਦੁਆਰਾ ਪੜ੍ਹਨ ਲਿਖਣ ਦੇ ਬੀਜੇ ਬੀਜ ਨੂੰ ਇਕ ਦਿਲਕਸ਼ ਬੂਟੇ ਵਿਚ ਤਬਦੀਲ ਕਰ ਦਿੱਤਾ । ਧਰਮ ਕੰਮੇਆਣਾ, ਦਿਲਸ਼ਾਦ ਅਖ਼ਤਰ, ਪ੍ਰਕਾਸ਼ ਗਾਧੂ, ਪਾਲੀ ਭੁਪਿੰਦਰ, ਤੇਜਵਿੰਦਰ ਵਰਗੇ ਸਾਹਿਤ ਨਾਲ ਜੁੜੇ ਦੋਸਤਾਂ ਦੇ ਸਾਥ ਨੇ ਉਸ ਦਾ ਸਾਹਿਤ ਨਾਲ ਨਾਤਾ ਹੋਰ ਪੱਕਾ ਕਰ ਦਿੱਤਾ। ਕੁਝ ਅਜਿਹੇ ਦੋਸਤਾਂ ਦਾ ਸਾਥ, ਕੁਝ ਉਸ ਦੀ ਕਾਵਿ ਪ੍ਰਤਿਭਾ ਅਤੇ ਬਾਕੀ ਬਾਬਾ ਫ਼ਰੀਦ ਦੀ ਨਗਰੀ ਦਾ ਬਖ਼ਸ਼ਿਆ ਫ਼ਕੀਰਾਨਾ ਮਾਹੌਲ, ਇਹ ਸਾਰਾ ਕੁਝ ਕਾਫ਼ੀ ਸੀ ਉਸ ਦੇ ਸ਼ਾਇਰ ਬਣਨ ਵਾਸਤੇ ।ਮੇਰੇ ਇਸ ਕਥਨ ਦੀ ਗਵਾਹ ਉਸ ਦੀ ਇਹ ਗ਼ਜ਼ਲ ਹੈ :

ਖ਼ੁਦ ਖਾਮੋਸ਼ ਖੜ੍ਹੇ ਸੁਣ ਰਹੇ ਹਾਂ,
ਪਰ ਬੰਦੂਕਾਂ ਬੋਲ ਰਹੀਆਂ ਨੇ ।
ਜਿਉਂਦੇ ਚੁਪ ਨੇ ਇਸ ਧਰਤੀ 'ਤੇ,
ਲੇਕਿਨ ਲਾਸ਼ਾਂ ਬੋਲ ਰਹੀਆਂ ਨੇ।
ਮੈਂ ਇਸ ਧਰਤੀ ਦਾ ਪੁੱਤ
ਦੇਖੋ ਕਿੰਨਾਂ ਬੇਬਸ ਹੋ ਚੁੱਕਾ ਹਾਂ,
ਸਾਰੇ ਸੁਪਨੇ ਮੁੱਕ ਗਏ,
ਬਸ ਬੰਜਰ ਅੱਖਾਂ ਬੋਲ ਰਹੀਆਂ ਨੇ ।
ਲੱਖ ਵਾਰੀ ਡੁੱਬ ਜਾਵੇ ਭਾਵੇਂ
ਭਲਕੇ ਫੇਰ ਚੜ੍ਹੇਗਾ ਵੇਖੀਂ,
ਸੂਰਜ ਨੂੰ ਝੋਲੀ ਵਿਚ ਭਰਕੇ ਰੱਤੀਆਂ
ਸ਼ਾਮਾਂ ਬੋਲ ਰਹੀਆਂ ਨੇ ।

ਸ਼ੁਰੂ 'ਚ ਹਰਮੀਤ ਨੇ ਕਿਸੇ ਅਖ਼ਬਾਰ ਨੂੰ ਚਿੱਠੀ ਲਿਖੀ। ਥੱਲੇ ਲਿਖ ਦਿੱਤਾ, ਹਰਮੀਤ ਸਿੰਘ, ਵਿਦਿਆਰਥੀ ਬਰਜਿੰਦਰਾ ਕਾਲਜ ਫ਼ਰੀਦਕੋਟ। ਪਰ ਅਖ਼ਬਾਰ ਵਾਲਿਆਂ ਉਸ ਦਾ ਨਾਂ ਛਾਪਿਆ, ਹਰਮੀਤ ਵਿਦਿਆਰਥੀ, ਬਰਜਿੰਦਰਾ ਕਾਲਜ ਫ਼ਰੀਦਕੋਟ। ਉਸ ਨੂੰ ਇਹ ਨਾਂ ਇੰਨਾਂ ਜਚਿਆ ਕਿ ਉਹ ਸਦਾ ਲਈ ਹਰਮੀਤ ਵਿਦਿਆਰਥੀ ਬਣ ਗਿਆ। ਉਸ ਦੁਆਰਾ ਰੋਜ਼ੀ ਰੋਟੀ ਲਈ ਅਪਣਾਏ ਕਿੱਤਿਆਂ ਦਾ ਗਰਾਫ਼ ਵੀ ਬੜਾ ਦਿਲਚਸਪ ਹੈ। ਨਹਿਰ ਮਹਿਕਮੇ ਦਾ ਵਰਕ ਮੁਣਸ਼ੀ, ਮੁਹਾਲੀ ਦੀ ਟੈਲੀਵਿਜ਼ਨ ਫੈਕਟਰੀ ਦਾ ਮੁਲਾਜ਼ਮ, ਹੋਮ ਗਾਰਡ ਦਾ ਸਿਪਾਹੀ, ਡੀਸੀ ਮਾਡਲ ਸਕੂਲ ਦਾ ਪੰਜਾਬੀ ਅਧਿਆਪਕ, ਹੋਮ ਸਾਇੰਸ ਕਾਲਜ ਕਾਉਣੀ 'ਚ ਕਲਰਕ ਤੇ ਮਾਲ ਪਟਵਾਰੀ । ਹੁਣ ਉਹ

ਮਾਲ ਪਟਵਾਰੀ ਵਜੋਂ ਤਾਇਨਾਤ ਹੈ ਅਤੇ ਫ਼ਿਰੋਜ਼ਪੁਰ ਦਾ ਪੱਕਾ ਵਸਨੀਕ।

ਹਰਮੀਤ ਵਿਦਿਆਰਥੀ ਮੂਲ ਰੂਪ ਵਿਚ ਇਕ ਕਾਰਕੁੰਨ ਹੈ, ਜੋ ਹਰ ਸਮੇ ਕਿਸੇ ਨਾ ਕਿਸੇ ਮੁਹਾਜ਼ ਤੇ ਸਰਗਰਮ ਰਿਹਾ। ਕੇਂਦਰੀ ਪੰਜਾਬੀ ਲੇਖਕ ਸਭਾ, ਦੇਸ਼ ਭਗਤ ਯਾਦਗਾਰ ਹਾਲ, ਬਾਲ ਪ੍ਰੀਤ ਮਿਲਣੀ ਕਾਫ਼ਲਾ, ਪਲਸ ਮੰਚ, ਕਲਾ ਪੀਠ, ਮੋਹਨ ਲਾਲ ਭਾਸਕਰ ਫਾਊਂਡੇਸ਼ਨ, ਰੈਵੇਨਿਊ ਪਟਵਾਰ ਯੂਨੀਅਨ, ਉਹ ਸਾਰਿਆਂ ਸੰਸਥਾਵਾਂ ਵਿਚ ਸਰਗਰਮ ਰਿਹਾ ਹੈ। ਉਹ 'ਸਰਦਲ' ਦੇ ਸੰਪਾਦਕੀ ਬੋਰਡ 'ਚ ਸੀ । 'ਚਿੰਤਨ' ਦਾ ਸੰਪਾਦਕ ਸੀ। ਇਕ ਪ੍ਰਕਾਸ਼ਕ ਵਜੋਂ 'ਚਿੰਤਨ ਪ੍ਰਕਾਸ਼ਨ ਫ਼ਿਰੋਜ਼ਪੁਰ' ਦੇ ਨਾਂ ਹੇਠ ਬਹੁਤ ਸਾਰੀਆਂ ਮਿਆਰੀ ਕਿਤਾਬਾਂ ਵੀ ਛਾਪੀਆਂ । ਲਹਿੰਦੇ ਪੰਜਾਬ ਦੀਆਂ ਕੁਝ ਕਾਵਿ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਉਸ ਨੇ ਭਾਵੇਂ ਵਧੇਰੇ ਛੰਦ ਰਹਿਤ ਨਜ਼ਮ ਹੀ ਲਿਖੀ ਹੈ, ਜਿਸ ਨੂੰ 'ਖੁੱਲ੍ਹੀ ਕਵਿਤਾ' ਵੀ ਆਖਿਆ ਜਾਂਦਾ ਹੈ। ਪਰ ਉਸ ਨੇ ਛੰਦਮਈ ਪ੍ਰਗੀਤਕ ਰਚਨਾਵਾਂ ਗੀਤ, ਗ਼ਜ਼ਲ ਆਦਿ ਦੀ ਵੀ ਉਨੀ ਹੀ ਸਫ਼ਲਤਾ ਨਾਲ ਸਿਰਜਣਾ ਕੀਤੀ ਹੈ। ਉਸ ਦੀਆਂ ਤਿੰਨ ਕਾਵਿ ਪੁਸਤਕਾਂ ਆਪਣੇ ਖ਼ਿਲਾਫ਼, ਸਮੁੰਦਰ ਬੁਲਾਉਂਦਾ ਹੈ ਅਤੇ ਉੱਧੜੀ ਹੋਈ ਮੈਂ ਹਨ। ਪੇਸ਼ ਹੈ ਇਸ ਸਮਰਥਾਵਾਨ ਸ਼ਾਇਰ ਦੀਆਂ ਕੁਝ ਕਾਵਿ ਵੰਨਗੀਆਂ :

ਮੈਂ ਲੜਨਾ ਚਾਹਿਆ
ਮੇਰੇ ਹੱਥ ਵੱਢ ਦਿੱਤੇ।
ਮੈਂ ਬੋਲਣਾ ਚਾਹਿਆ
ਮੇਰੀ ਜ਼ੁਬਾਨ ਸੀ ਦਿੱਤੀ।
ਮੇਰੀਆਂ ਅੱਖਾਂ ਦੀ ਲਿਸ਼ਕ
ਚਾਨਣ ਵੰਡਦੀ ਸੀ
ਕੱਢ ਦਿੱਤੀਆਂ...

ਸਿਖ਼ਰ ਦੁਪਹਿਰੇ
ਡਾਕੇ ਵੱਜੇ
ਘੌਰ ਪਾਇਆ ਉਨ੍ਹਾਂ
ਗਲ਼ੀਆਂ ਦੇ ਵਿਚ ਦਿਓ ਫਿਰਦੇ ਨੇ
ਆਪਾਂ ਵੜ ਗਏ ਅੰਦਰੇ...
ਚੁੱਪ ਚੁਪੀਤੇ
ਦੁੱਖੜੇ ਰੋਏ
ਮੂੰਹੋਂ ਉਫ਼ ਨਾ ਨਿਕਲੀ
ਖ਼ੁਦ ਦੀ ਜਾਨ ਬਚਾਵਣ ਖ਼ਾਤਰ
ਮੂੰਹ ਨੂੰ ਲਾ ਲਏ ਜਿੰਦਰੇ...

ਮੈਂ ਆਪਣੇ ਖੌਫ਼ ਨੂੰ
ਆਪਣੇ ਅੰਦਰ ਕਿਤੇ
ਡੂੰਘਾ ਛਿਪਾਉਣ ਵਾਸਤੇ
ਉੱਚੀ ਉੱਚੀ ਬੋਲਦਾ ਹਾਂ
ਅੰਦਰੇ ਅੰਦਰ ਡਰਦਾ
ਵਿਸ ਘੋਲਦਾ ਹਾਂ... •

ਕਹਾਣੀ

ਦੁਨੀਆ ਪਿੱਤਲ ਦੀ

ਡਾ. ਅੰਮ੍ਰਿਤ ਅਦਲੱਖਾ
ਮੋਬਾਈਲ : 98146-52030

ਕਹਿੰਦੇ ਨੇ ਨਰਕ ਵੀ ਐਥੇ ਤੇ ਸਵਰਗ ਵੀ। ਜੀਵਨ ਸਾਥੀ ਜੇ ਚੰਗਾ ਮਿਲ ਜਾਵੇ ਤਾਂ ਇਹ ਜੀਵਨ ਸਵਰਗ ਬਣ ਜਾਂਦਾ ਹੈ ਤੇ ਜੇ ਮਾੜਾ ਟੱਕਰ ਜਾਵੇ ਤਾਂ ਇਸ ਤੋਂ ਵੱਡਾ ਨਰਕ ਨਹੀਂ ਹੈ। ਮਨਪ੍ਰੀਤ ਦੇ ਵਿਆਹ ਤੋਂ ਥੋੜ੍ਹੀ ਦੇਰ ਤਕ ਕੁਝ ਚੰਗੇ ਦਿਨ ਬੀਤੇ। ਫਿਰ ਥੋੜ੍ਹੇ ਚਿਰ ਬਾਅਦ ਉਸ ਦੀ ਘਰ ਵਾਲੀ ਡਿੰਪਲ ਨੇ ਆਪਣੀ ਮਾਂ ਨੂੰ ਆਪਣੇ ਕੋਲ ਬੁਲਾ ਲਿਆ ਤੇ ਉਹ ਸਦਾ ਲਈ ਉੱਥੇ ਰਹਿਣ ਲੱਗ ਪਈ। ਮਨਪ੍ਰੀਤ ਨੇ ਜਦੋਂ ਆਪਣੀ ਘਰਵਾਲੀ ਨੂੰ ਕਿਹਾ, ਉਸ ਦੀ ਮਾਂ ਇੱਥੇ ਕਿਉਂ ਰਹਿ ਰਹੀ ਹੈ, ਉਹ ਆਪਣੇ ਘਰ ਕਿਉਂ ਨਹੀਂ ਜਾਂਦੀ ਤਾਂ ਉਹ ਬੜੇ ਵਿਅੰਗ ਨਾਲ ਬੋਲੀ ਕਿ ਕੋਈ ਇਹੋ ਜਿਹਾ ਕਾਨੂੰਨ ਵੀ ਹੈ, ਜੋ ਆਖਦਾ ਹੋਵੇ ਕਿ ਉਸ ਦੀ ਮਾਂ ਉਸ ਦੇ ਨਾਲ ਨਹੀਂ ਰਹਿ ਸਕਦੀ। ਡਿੰਪਲ ਨੇ ਨਾਲ ਇਹ ਵੀ ਧਮਕੀ ਦਿੱਤੀ ਕਿ ਜੇ ਇਸ ਗੱਲ ਤੇ ਬਹੁਤਾ ਚੂੰ-ਚਾਂ ਕਰੇਗਾ ਤਾਂ ਉਹ ਉਸ ਦੇ ਖਿਲਾਫ਼ ਪੁਲੀਸ ਵਿਚ ਘਰੇਲੂ ਹਿੰਸਾ ਅਤੇ ਦਾਜ ਮੰਗਣ ਦਾ ਕੇਸ ਦਰਜ ਕਰਾ ਦੇਵੇਗੀ ਤੇ ਉਹ ਪੁਲੀਸ ਸਟੇਸ਼ਨ ਅਤੇ ਕਚਹਿਰੀਆਂ ਦੇ ਚੱਕਰ ਕੱਟਦਾ ਰਹੇਗਾ। ਡਿੰਪਲ ਓਦਾ ਵੀ ਨਿਕੀ ਨਿਕੀ ਗੱਲ ਤੇ ਆਪਣੇ ਬਾਲ ਖਲੇਰ ਲੈਂਦੀ, ਬੂਹੇ-ਬਾਰੀਆਂ ਖੋਲ੍ਹ, ਉੱਚੀ-ਉੱਚੀ ਚੀਕਾਂ ਮਾਰਨ ਲੱਗਦੀ ਕਿ ਉਸ ਦਾ ਘਰਵਾਲਾ ਕਸਾਈ ਹੈ। ਉਸ ਤੇ ਅਤਿਆਚਾਰ ਕਰ ਰਿਹਾ ਹੈ।

ਇਹ ਕਿਹੋ-ਜਿਹੀ ਵਿਡੰਬਨਾ ਹੈ ਕਿ ਇਸਤਰੀ ਪੁਰਸ ਨੂੰ ਕਿੰਨੇ ਵੀ ਮਾਨਸਿਕ ਤਸੀਹੇ ਦੇਵੇ, ਬੰਦੇ ਕੋਲ ਫਰਿਆਦ ਕਰਨ ਨੂੰ ਕੋਈ ਥਾਂ ਨਹੀਂ ਨਾ ਹੀ ਕੋਈ ਕਨੂੰਨ ਬਣਿਆ ਹੈ ਬੰਦੇ ਨੂੰ ਮਾਨਸਿਕ ਤਸੀਹੇ ਦੇਣ ਦੇ ਵਿਰੁੱਧ। ਮਨਪ੍ਰੀਤ ਨੇ ਇਕ ਵਕੀਲ ਨਾਲ ਸਲਾਹ ਕੀਤੀ, ਜਿਸ ਨੇ ਉਸ ਨੂੰ ਦਸਿਆ ਕਿ ਇਹ ਕਾਨੂੰਨ ਭਾਵੇਂ ਇਸਤਰੀਆਂ ਦੀ ਮਦਦ ਵਾਸਤੇ ਬਣਿਆ ਹੈ ਪਰ ਇਸ ਦੀ ਦੁਰਵਰਤੋਂ ਬਹੁਤ ਹੋਣ ਲੱਗੀ ਹੈ। ਇਹ ਚੰਗਾ ਰਹੇਗਾ ਕਿ ਉਹ ਚੁਪ ਕਰ ਕੇ ਇਸੇ ਤਰ੍ਹਾਂ ਦਿਨ ਕੱਟੀ ਜਾਵੇ। ਤਲਾਕ ਬਾਰੇ ਵੀ ਉਸ ਨੇ ਇਹ ਦੱਸਿਆ ਕਿ ਸਾਡੇ ਦੇਸ਼ ਵਿਚ ਤਲਾਕ ਲੈਣਾ ਕੋਈ ਸੌਖਾ ਕੰਮ ਨਹੀਂ। ਬੰਦੇ ਦੀ ਸਾਰੀ ਉਮਰ ਲੰਘ ਜਾਂਦੀ ਹੈ, ਅੱਡੀਆਂ ਘਸ ਜਾਂਦੀਆਂ ਹਨ ਪਰ ਤਲਾਕ ਨਹੀਂ ਮਿਲਦਾ। ਮਨਪ੍ਰੀਤ ਚੁਪ ਕਰਕੇ ਘਰ ਵਾਪਸ ਆ ਗਿਆ।

ਉਸ ਦਾ ਇਕ ਜਿਗਰੀ ਯਾਰ ਦਿੱਲੀ ਰਹਿੰਦਾ ਸੀ। ਜਿਹੜਾ ਕਿ ਤੰਬਾਕੂ ਵਾਲੇ ਪਾਨ ਬਹੁਤ ਖਾਂਦਾ ਸੀ, ਜਿਸ ਕਾਰਨ ਉਸ ਨੂੰ ਕੈਂਸਰ ਹੋ ਗਿਆ ਅਤੇ ਮਰਨ ਤੋਂ ਪਹਿਲਾਂ ਉਸ ਨੇ ਮਨਪ੍ਰੀਤ ਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਘਰਵਾਲੀ ਊਸ਼ਾ ਅਤੇ ਬੱਚਿਆਂ ਦਾ ਧਿਆਨ ਰੱਖੇਗਾ। ਇਕ ਦਿਨ ਮਨਪ੍ਰੀਤ ਦਿੱਲੀ ਉਨ੍ਹਾਂ ਦਾ ਹਾਲ ਚਾਲ ਪੁੱਛਣ ਵਾਸਤੇ ਗਿਆ ਤੇ ਉਨ੍ਹਾਂ ਦੇ ਛੋਟੇ ਮੋਟੇ ਮਸਲੇ ਨਿਪਟਾ ਕੇ ਉਸ ਨੇ ਵਾਪਸ ਫਲਾਈਟ ਫੜਨੀ ਸੀ ਤਾਂ ਊਸ਼ਾ ਨੇ ਸੁਝਾਅ ਦਿੱਤਾ ਕਿ ਉਹ ਆਪਣੇ ਦਫ਼ਤਰ ਜਾ ਰਹੀ ਹੈ ਤੇ ਉਹ ਰਾਹ ਵਿਚ ਮਨਪ੍ਰੀਤ ਨੂੰ ਹਵਾਈ ਅੱਡੇ ਲਾਹ ਦੇਵੇਗੀ।

ਮਨਪ੍ਰੀਤ ਉਸ ਨਾਲ ਕਾਰ ਵਿਚ ਬੈਠ ਗਿਆ। ਕਾਰ ਚਲਾਉਂਦੇ ਚਲਾਉਂਦੇ ਊਸ਼ਾ ਗੱਲਾਂ ਵੀ ਕਰਨ ਲੱਗੀ ਤੇ ਥੋੜ੍ਹੀ ਬੇਧਿਆਨ ਹੋ ਗਈ। ਅੱਗੇ ਇਕ ਸਾਇਕਲ ਵਾਲਾ ਜਾ ਰਿਹਾ ਸੀ, ਜਿਸ ਵਿਚ ਇਕ ਦਮ ਡੰਗਰ ਆ ਵੱਜਿਆ ਤੇ ਸਾਇਕਲ ਸਵਾਰ ਡਿਗ ਪਿਆ। ਊਸ਼ਾ ਕਾਰ ਸੰਭਾਲ ਨਾ ਸਕੀ ਤੇ ਸਾਇਕਲ ਵਾਲਾ ਬੰਦਾ ਗੱਡੀ ਥੱਲੇ ਆ ਗਿਆ। ਊਸ਼ਾ ਦਾ ਰੰਗ ਉੱਡ ਗਿਆ। ਉਹ ਰੋਂਦੀ ਹੋਈ ਕਹਿਣ ਲੱਗੀ, ਜੇ ਉਹ ਫੜੀ ਗਈ ਤਾਂ ਉਸ ਦੇ ਨਿੱਕੇ ਨਿੱਕੇ ਬਚੇ ਹਨ, ਉਨ੍ਹਾਂ ਦਾ ਕੀ ਬਣੂ। ਮਨਪ੍ਰੀਤ ਨੇ ਉਸ ਨੂੰ ਡਰਾਇਵਿੰਗ ਸੀਟ ਤੋਂ ਉਠਾਇਆ ਤੇ ਆਪ ਬੈਠ ਗਿਆ। ਐਂਬੂਲੈਂਸ ਨੂੰ ਫੋਨ ਕੀਤਾ ਕਿ ਥੋੜ੍ਹੀ ਦੇਰ ਬਾਅਦ ਪੁਲੀਸ ਆਈ ਤੇ ਮਨਪ੍ਰੀਤ ਨੂੰ ਫੜ ਕੇ ਲੈ ਗਈ।

ਮਨਪ੍ਰੀਤ ਤੇ ਮੁਕਦਮਾ ਚੱਲਿਆ। ਮੈਜਿਸਟਰੇਟ ਨੇ ਉਸ ਨੂੰ ਪੁੱਛਿਆ ਕਿ ਉਹ ਆਪਣੀ ਸਫ਼ਾਈ ਵਿਚ ਕੁਝ ਕਹਿਣਾ ਚਾਹੁੰਦਾ ਹੈ। ਆਪਣਾ ਜੁਰਮ ਕਬੂਲ ਕਰਦੇ ਹੋਏ ਉਸ ਨੇ ਇਹ ਕਿਹਾ ਕਿ ਉਸ ਨੂੰ ਅਫ਼ਸੋਸ ਹੈ ਇਸ ਹਾਦਸੇ ਦਾ ਪਰ ਸਰਕਾਰ ਨੂੰ ਚਾਹੀਦਾ ਹੈ ਕਿ ਸਾਇਕਲ ਚਲਾਉਣ ਵਾਲਿਆਂ ਵਾਸਤੇ ਵੱਖਰਾ ਸਾਇਕਲ ਟਰੈਕ ਬਣਾਵੇ ਅਤੇ ਡੰਗਰਾਂ ਦੀ ਆਵਾਜਾਈ ਸੜਕਾਂ ਤੇ ਰੋਕੇ ਤਾਂ ਕਿ ਅਜਿਹੇ ਐਕਸੀਡੈਂਟ ਨਾ ਹੋਣ।

ਮਨਪ੍ਰੀਤ ਨੂੰ ਦੋ ਸਾਲ ਦੀ ਕੈਦ ਹੋ ਗਈ। ਮਨਪ੍ਰੀਤ ਇਸ ਚੰਗੇ ਸੁਭਾ ਦਾ ਬੰਦਾ ਸੀ ਅਤੇ ਥੋੜ੍ਹੇ ਦਿਨਾਂ ਵਿਚ ਹੀ ਉਹ ਸਟਾਫ਼ ਅਤੇ ਕੈਦੀਆਂ ਦਾ ਹਰਮਨ ਪਿਆਰਾ ਬਣ ਗਿਆ। ਮਨਪ੍ਰੀਤ ਕਿੱਤੇ ਦਾ ਇਕ ਆਰਕੀਟੈਕਟ ਸੀ ਅਤੇ ਕੰਪਿਊਟਰ ਦਾ ਵੀ ਉਸ ਨੂੰ ਕਾਫੀ ਗਿਆਨ ਸੀ। ਜੇਲ ਵਿਚ ਫਰਨੀਚਰ ਬਣਾਉਣ ਦਾ ਇਕ ਕਾਰਖਾਨਾ ਸੀ, ਜਿੱਥੇ ਮੇਜ ਕੁਰਸੀਆਂ, ਅਲਮਾਰੀਆਂ, ਬੈਂਚ ਵਗੈਰਾ ਕੈਦੀ ਬਣਾਉਂਦੇ ਸਨ ਅਤੇ ਇਹ ਸਾਰਾ ਮਾਲ ਸਰਕਾਰੀ ਦਫ਼ਤਰਾਂ ਨੂੰ ਸਪਲਾਈ ਕੀਤਾ ਜਾਂਦਾ ਸੀ।

ਮਨਪ੍ਰੀਤ ਨੇ ਵੇਖਿਆ ਕਿ ਉਹ ਫਰਨੀਚਰ ਪੁਰਾਣੇ ਡਿਜਾਇਨ ਦਾ ਸੀ ਅਤੇ ਟਿਕਾਊ ਵੀ ਨਹੀਂ ਸੀ। ਉਸ ਨੇ ਕਾਰੀਗਰਾਂ ਨੂੰ ਨਵੇਂ ਡਿਜਾਇਨ ਦਾ ਫਰਨੀਚਰ ਪਾਉਣਾ ਸਿਖਾਇਆ, ਜਿਹੜਾ ਕਿ ਬਹੁਤ ਵਧੀਆ ਸੀ। ਉਸ ਫਰਨੀਚਰ ਦੀ ਡਿਮਾਂਡ ਬਹੁਤ ਜ਼ਿਆਦਾ ਵਧ ਗਈ ਅਤੇ ਪ੍ਰਾਈਵੇਟ ਪਾਰਟੀਆਂ ਵੀ ਇਹ ਫਰਨੀਚਰ ਖਰੀਦਣ ਲੱਗੀਆਂ। ਜੇਲ ਅਤੇ ਕੈਦੀਆਂ ਦੀ ਆਮਦਨ ਵਧ ਗਈ।

ਮਨਪ੍ਰੀਤ ਨੇ ਬਾਕੀ ਕੈਦੀਆਂ ਦੀ ਮਦਦ ਨਾਲ ਕੰਪਿਊਟਰ ਤੋਂ ਇਕ ਐਨੀਮੇਸ਼ਨ ਫਿਲਮ ਬਣਾਈ ਜੋ ਕਿ ਬਹੁਤ ਹੀ ਵਧੀਆ ਬਣੀ ਸੀ। ਇਹ ਫਿਲਮ ਦੇਸ਼ ਭਰ ਦੇ ਸਿਨੇਮਾ ਘਰਾਂ ਵਿਚ ਚਲੀ। ਉਸ ਫਿਲਮ ਦੇ ਥਾਂ ਥਾਂ ਚਰਚੇ ਹੋਣ ਲੱਗੇ ਤੇ ਸਰਕਾਰ ਨੂੰ ਕਰੋੜਾਂ ਦਾ ਮੁਨਾਫ਼ਾ ਹੋਇਆ। ਮਨਪ੍ਰੀਤ ਦਾ ਇਹ ਸਾਰਾ ਕੰਮ ਤੇ ਚਾਲ-ਚਲਣ ਵੇਖ ਕੇ ਸਰਕਾਰ ਨੇ ਵਕਤ ਤੋਂ ਪਹਿਲਾਂ ਉਸ ਦੀ ਰਿਹਾਈ ਦਾ ਹੁਕਮ ਦੇ ਦਿੱਤਾ।

ਮਨਪ੍ਰੀਤ ਨੇ ਜੇਲ੍ਹਰ ਨੂੰ ਬੜੇ ਤਰਲੇ ਮਾਰੇ ਕਿ ਉਹ ਉੱਥੇ ਬਹੁਤ ਖੁਸ਼ ਹੈ, ਉਸ ਨੂੰ ਜੇਲ੍ਹ ਵਿਚ ਹੀ ਰਹਿਣ ਦਿੱਤਾ ਜਾਵੇ ਪਰ ਜੇਲ੍ਹਰ ਨੇ ਆਪਣੀ ਮਜਬੂਰੀ ਜ਼ਾਹਿਰ ਕੀਤੀ ਅਤੇ ਆਖਿਆ, ਉਹ ਰਿਹਾਈ ਦੇ ਹੁਕਮਾਂ ਤੋਂ ਬਾਅਦ ਉਸ ਨੂੰ ਇਕ ਮਿੰਟ ਵੀ ਜੇਲ੍ਹ ਵਿਚ ਨਹੀਂ ਰੱਖ ਸਕਦਾ। ਸਾਰੇ ਕੈਦੀ ਅਤੇ ਜੇਲ੍ਹ ਦਾ ਸਟਾਫ਼ ਉਸ ਨੂੰ ਜੇਲ੍ਹ ਦੇ ਗੇਟ ਤਕ ਛੱਡਣ ਆਇਆ। ਉਹ ਜੇਲ੍ਹ ਤੋਂ ਬਾਹਰ ਨਿਕਲਿਆ। ਦਿਨ ਚੜ੍ਹ ਆਇਆ ਸੀ। ਹਰ ਪਾਸੇ ਚਾਨਣ ਸੀ ਪਰ ਮਨਪ੍ਰੀਤ ਦੇ ਜੀਵਨ ਵਿਚ ਅਜੇ ਵੀ ਹਨ੍ਹੇਰਾ ਹੀ ਹਨ੍ਹੇਰਾ ਸੀ। •

ਪੰਜਾਬੀ ਸਾਹਿਤ ਦਾ ਰੋਸ਼ਨ ਚਿਰਾਗ ਸੀ ਗੁਰਚਰਨ ਸਿੰਘ ਔਲਖ

ਜਸਬੀਰ ਕਲਸੀ ਧਰਮਕੋਟ

ਆਪਣੀ ਵਿਲੱਖਣ ਰੋਸ਼ਨੀ ਦੇਣ ਵਾਲਾ ਡਾ. ਗੁਰਚਰਨ ਸਿੰਘ ਔਲਖ ਵੰਨ-ਸੁਵੰਨੀ ਜੀਵਨ-ਯਾਤਰਾ ਦੇ 85 ਵਰ੍ਹੇ ਤਕ ਪਹੁੰਚ, ਆਖਰੀ ਪੜਾਅ ਦੀ ਉਦਾਸੀ ਦੇ ਗਿਆ। ਇਕ ਖਾਲੀਪਣ ਉਸਰ ਆਇਆ ਹੈ ਡਾ. ਔਲਖ ਦੀ ਮੌਤ ਸੁਣ ਕੇ।

ਦਿਵਾਲੀ ਦੇ ਦਿਨ ਬੜੀ ਦੁੱਖ-ਭਰੀ ਖ਼ਬਰ ਹੈ ਜ਼ੀਰੇ ਦੇ ਉੱਘੇ ਵਿਦਿਵਾਨ, ਨਾਮਵਰ ਲੇਖਕ ਤੇ ਪੰਜਾਬੀ ਸਾਹਿਤ ਸਭਾ (ਰਜਿ.) ਜ਼ੀਰਾ ਦੇ ਸਰਪ੍ਰਸਤ ਡਾ. ਗੁਰਚਰਨ ਸਿੰਘ ਔਲਖ ਜੀ ਜਿਨ੍ਹਾਂ ਲਗਪਗ 70-75 ਕਿਤਾਬਾਂ ਸਾਹਿਤ ਦੀ ਝੋਲੀ ਪਾਈਆਂ ਸਿਰਫ਼ ਜ਼ੀਰਾ ਹੀ ਨਹੀਂ ਪੰਜਾਬ ਦੇ ਚੋਟੀ ਦੇ ਵਿਦਵਾਨਾਂ ਵਿੱਚੋਂ ਇਕ ਸਨ ਨਹੀਂ ਰਹੇ।

ਜੁਲਾਈ 2017 ਦੇ ਇਕ ਦਿਨ ਵੀਰ ਗੁਰਮੀਤ ਕੜਿਆਲਵੀ ਤੇ ਮੈਂ ਰਾਗ ਮੈਗਜ਼ੀਨ ਦੀ ਘੁੰਡ-ਚੁਕਾਈ ਰਸਮ ਵਿਚ ਮਿਲੇ ਤਾਂ ਉਸ ਦਿਨ ਵਾਪਸ ਮੁੜ ਧਰਮਕੋਟ ਮੈਨੂੰ ਛੱਡਦਿਆਂ ਕੜਿਆਲਵੀ ਨੇ ਡਾ. ਔਲਖ ਤੇ ਉਨ੍ਹਾਂ ਦੀ ਪਤਨੀ ਨੂੰ ਮਿਲ ਕੇ ਆਉਣ ਤੇ ਉਨ੍ਹਾਂ ਦੇ ਪਹਿਲਾਂ ਨਾਲੋਂ ਵਾਹਵਾਂ ਬੀਮਾਰ ਬਾਰੇ ਦੱਸਿਆ। ਡਾ. ਸਹਿਬ ਦੀਆਂ ਨਵੀਆਂ ਪੁਸਤਕਾਂ ਵਿਸ਼ਵ ਪ੍ਰਸਿੱਧ ਜੀਵਨੀਆਂ ਮੈਨੂੰ ਫੜਾਉਂਦਿਆਂ ਕਿਹਾ, ਡਾ. ਔਲਖ ਨੇ ਤੇਰੇ ਲਈ ਭੇਜੀਆਂ। ਉਸ ਮੌਕੇ ਵੀਰ ਕੜਿਆਲਵੀ ਨੇ ਇਹ ਵੀ ਮੈਨੂੰ ਕਿਹਾ, 'ਫੋਨ ਕਰ ਲੀ, ਇਨ੍ਹਾਂ ਪੁਸਤਕਾਂ ਬਾਰੇ ਕੁਝ ਲਿਖ ਕੇ ਛਪਵਾ ਦੇਈਂ'।

ਡਾ. ਔਲਖ ਨਾਲ ਫੋਨ ਜ਼ਰੀਏ ਮੇਰੇ ਤੇ ਉਨ੍ਹਾਂ ਦੇ ਵਿਚਾਰਾਂ ਦਾ ਲੈਣ-ਦੇਣ ਹੋਇਆ ਤਾਂ ਉਨ੍ਹਾਂ ਦੀ ਆਵਾਜ਼ ਉਵੇਂ ਹੀ ਗੜਕੇ ਵਾਲੀ ਸੀ ਜਿਵੇਂ ਉਹ ਪਹਿਲਾਂ ਤੋਂ ਹੀ ਬੋਲਦੇ ਹੁੰਦੇ ਸਨ। ਉਨ੍ਹਾਂ ਨੇ ਮੈਨੂੰ ਛੇਤੀ ਛੇਤੀ ਨਾ ਮਿਲਣ ਤੇ ਨਾ ਫੋਨ ਕਰਨ ਦੇ ਨਿਹੋਰੇ ਦਿੱਤੇ ਸੀ।

ਡਾ. ਔਲਖ ਸਪੱਸ਼ਟ ਸੱਚ ਮੂੰਹ 'ਤੇ ਕਹਿੰਦੇ ਸਨ। ਉਹ ਚਾਪਲੂਸੀਆਂ, ਗਿੜ-ਗੜਾਉਣ, ਝੁੱਕਣਾ ਆਦਿ ਦੇ ਉਲਟ ਮੂੰਹ-ਫੱਟ, ਤਣ ਕੇ ਖੜ੍ਹਣ ਵਾਲੇ ਤੇ ਹੱਕ ਲਈ ਲੜਣ ਵਾਲੇ ਯੋਧੇ ਲੇਖਕ ਸਨ।

ਡਾ. ਗੁਰਚਰਨ ਸਿੰਘ ਔਲਖ ਨਾਲ ਸਾਹਿਤ ਸਭਾਵਾਂ ਦੇ ਪ੍ਰੋਗਰਾਮਾਂ ਵਿਚ ਅਨੇਕਾਂ ਮਿਲਣੀਆਂ ਹੋਈਆਂ। ਉਨ੍ਹਾਂ ਦੇ ਘਰ, ਮੇਰੇ ਘਰ ਮਿਲਣੀਆਂ ਹੋਈਆਂ। ਸਾਡੇ ਇਲਾਕੇ ਧਰਮਕੋਟ ਤੇ ਜ਼ੀਰੇ ਨੂੰ ਉਨ੍ਹਾਂ ਉੱਤੇ ਮਾਣ ਹੈ ਜੋ ਹੁਣ ਸੀ ਕਹਿੰਦਿਆਂ ਇਹ ਸ਼ਬਦ ਮੇਰੇ ਹੰਝੂਆਂ ਦੇ ਪਾਣੀ ਵਿਚ ਗੁੱਝ ਕੇ ਬਣ ਰਿਹਾ। ਸਾਡੇ ਇਲਾਕੇ ਦੇ ਉਹ ਮੋਢੀ ਵਿਦਿਵਾਨਾਂ ਵਿੱਚੋਂ ਹਨ। ਉਨ੍ਹਾਂ ਦਾ ਕੀਤਾ ਲਿਖਤੀ ਕੰਮ ਉਨ੍ਹਾਂ ਨੂੰ ਲੰਮਾ ਸਮਾਂ ਜਿਊਂਦਾ ਰੱਖੀ ਰੱਖੇਗਾ।

ਇਕ ਵਾਰ ਮੇਰਾ ਰੂਬਰੂ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਕਾਰ ਸੀ। ਮੇਰੀ ਕਹਾਣੀ ਦੇ ਬਹਾਨੇ ਵਿਦਿਆਰਥੀਆਂ ਨੂੰ ਕਹਾਣੀ ਬਾਰੇ ਜਾਣਕਾਰੀ ਦੇਣ ਲਈ ਡਾ. ਗੁਰਚਰਨ ਸਿੰਘ ਔਲਖ ਜੀ ਵੀ ਪ੍ਰੋਗਰਾਮ ਵਿਚ ਸ਼ਾਮਿਲ ਸਨ। ਮੇਰੀ ਸਿਰਜਣਾ ਵਿੱਚੋਂ ਫੁੱਟੀ, ਉਸਰੀ ਅਤੇ ਪ੍ਰਕਾਸ਼ਿਤ ਹੋਈ ਕਹਾਣੀ 'ਅੰਨ ਦਾਤਾ' ਮੈਂ ਸੁਣਾਈ। ਡਾ. ਔਲਖ ਜੀ ਨੇ ਮੌਕੇ ਉੱਤੇ ਜ਼ਬਾਨੀ ਮੇਰੀ ਇਸ ਕਹਾਣੀ ਨੂੰ ਤਿੰਨ ਸ਼ਬਦਾਂ ਰਬਾਬ, ਸ਼ਰਾਬ ਤੇ ਸਬਾਬ ਉੱਤੇ ਕੇਂਦਰ ਕਰਕੇ ਬੇਸ਼ਕੀਮਤੀ ਵਿਚਾਰ ਪ੍ਰਗਟ ਕਰਕੇ ਉਹ ਸਮਾਂ ਇਕ ਯਾਦਗਾਰੀ ਮੋਤੀ ਬਣਾ ਦਿੱਤਾ ਸੀ।

ਡਾ. ਗੁਰਚਰਨ ਸਿੰਘ ਔਲਖ ਦਾ ਜਨਮ ਜ਼ੀਰਾ-ਫ਼ਿਰੋਜ਼ਪੁਰ ਵਿਚਕਾਰ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਦੇ ਉਰਲੇ ਪਾਸੇ ਪਿੰਡ ਕੋਹਾਲਾ (ਨੇੜੇ ਭੜਾਣਾ) ਵਿਖੇ ਇਕ ਚੰਗੇ ਖਾਂਦੇ-ਪੀਂਦੇ ਜ਼ਿਮੀਦਾਰ ਦੇ ਘਰ ਹੋਇਆ ਸੀ। ਉਨ੍ਹਾਂ ਦਾ ਸਾਰਾ ਪਰਿਵਾਰ ਰਲ਼-ਮਿਲ ਕੇ ਰਹਿੰਦਾ ਹੋਇਆ ਪਿੰਡ ਵਿਚ ਅਗਾਂਹਵਧੂ ਪਹਿਲ-ਕਦਮੀਆਂ ਵਾਲੇ ਕੰਮ ਕਰਦਾ ਰਿਹਾ। ਡਾ. ਔਲਖ ਉੱਚ-ਵਿਦਿਆ ਪੀਐਚਡੀ ਤਕ ਕਰ ਗਿਆ ਸੀ। ਉਨ੍ਹਾਂ ਦਾ ਛੋਟਾ ਭਰਾ ਵੀ ਅਧਿਆਪਕ ਬਣ ਗਿਆ ਤੇ ਪਤਨੀਆਂ ਵੀ। ਉਨ੍ਹਾਂ ਨੂੰ ਨੌਕਰੀ ਕਾਰਨ ਜ਼ੀਰਾ ਸ਼ਹਿਰ ਵਿਖੇ ਰਿਹਾਇਸ਼ ਕਰਨੀ ਪੈ ਪਈ। ਜ਼ੀਰਾ ਸ਼ਹਿਰ ਦੇ ਬੱਸ ਅੱਡੇ ਵਿੱਚੋਂ ਇਕ ਕੰਧ ਦਰਮਿਆਨ ਬਣੇ ਤੰਗ ਰਸਤੇ ਨੂੰ ਪਾਰ ਕਰ ਕੇ ਅੱਗੇ ਨੇੜੇ ਈ ਦੋਵੇਂ ਭਰਾਵਾਂ ਕੋਠੀ ਦੀ ਸ਼ਕਲ ਵਾਲੇ ਖੁੱਲ੍ਹੇ-ਡੁੱਲ੍ਹੇ, ਫੁੱਲਦਾਰ, ਫਲਦਾਰ ਤੇ ਜੀ ਆਇਆਂ ਨੂੰ ਕਹਿਣ ਵਾਲੇ ਘਰ 'ਚ ਰਹਿੰਦੇ।

ਡਾ. ਔਲਖ ਪਲੇਟ ਸਮੇਤ ਕੱਪ ਨੂੰ ਪਹਿਲ-ਕਦਮੀ ਕਰ ਚੁੱਕਦੇ ਤੇ ਮੈਨੂੰ ਫੜਾਉਂਦੇ ਸਨ। ਧੀਆਂ ਦੇ ਮਾਣ ਜ਼ਰੀਏ, ਜਵਾਈਆਂ ਦੇ ਸੰਗ-ਸਾਥ ਭਾਰਤ ਵਿਚ ਸੈਰਾਂ ਕਰਦਿਆਂ ਗੋਆ ਦਾ ਸਫ਼ਰਨਾਮਾ ਲਿਖ ਦਿੱਤਾ। ਪਰ ਆਖਰੀ ਪੜਾਅ ਅੰਦਰ ਉਨ੍ਹਾਂ ਦੇ ਘਰ ਰਹਿਣਾ ਉਨ੍ਹਾਂ ਦੀ ਮਜ਼ਬੂਰ ਸੀ। ਭਰ-ਜੁਆਨ, ਕੜੀ ਵਰਗਾ ਤੇ ਤਾਜ਼ਾ-ਤਾਜ਼ਾ ਫ਼ੌਜੀ ਅਫ਼ਸਰ ਬਣਿਆ ਇਕਲੌਤਾ ਸਪੁੱਤਰ ਹੱਥਾਂ ਵਿਚ ਈ ਸਦਾ ਲਈ ਅੱਖਾਂ ਮੀਚ ਗਿਆ ਸੀ।

ਇਸ ਅ-ਸਹਿ ਤੇ ਅ-ਕਹਿ ਦੁੱਖ ਵਿੱਚੋਂ ਉੱਭਰ ਕੇ ਬਾਹਰ ਆਇਆ ਡਾ. ਔਲਖ ਤੇ ਨਾਲ ਹੀ ਪੁਸਤਕ 'ਫੁੱਲ ਦੀ ਉਮਰ ਨਾ ਕੋਈ' ਸਪੁੱਤਰ ਦੇ ਬੇ-ਟਾਇਮੇ ਵਿਯੋਗ ਨੂੰ ਸ਼ਬਦ ਰਾਹੀਂ ਬੋਲੀ।

ਇਸ ਤਰ੍ਹਾਂ ਡਾ. ਔਲਖ ਨੇ ਆਪਣੀ ਸਮਰੱਥ ਬੌਧਿਕ ਤਾਕਤ ਨੂੰ ਪ੍ਰੇਰਣਾਸ੍ਰੋਤ ਬਣਾ ਲਿਆ ਤੇ ਹੋਰਨਾਂ ਨਿਕੜਮਣਿਆਂ ਵਾਸਤੇ ਰਾਹ-ਦਸੇਰਾ ਬਣ ਗਏ ਸਨ।

ਡਾ. ਔਲਖ ਨੂੰ ਜ਼ਿੰਦਗੀ ਵਿਚ ਵੱਡੀਆਂ-ਵੱਡੀਆਂ ਪ੍ਰਾਪਤੀਆਂ ਵਿਚ ਕਾਲਜ ਦਾ ਪ੍ਰਿੰਸੀਪਲੀ, ਮੈਕਾਲਿਫ਼, ਮਾਰਕ ਟੱਲੀ, ਖੁਸ਼ਵੰਤ ਸਿੰਘ ਤੇ ਕੁਲਦੀਪ ਨਈਅਰ ਵਰਗਿਆਂ ਦੀਆਂ ਪੁਸਤਕਾਂ ਦਾ ਅਨੁਵਾਦਕ ਅਖਵਾਉਣਾ ਅਤੇ ਮੌਲਿਕ ਸਿਰਜਣਾਤਮਿਕਤਾ ਦੇ ਨਾਲ ਨਾਲ ਵੱਖ-ਵੱਖ ਵਿਧਾਵਾਂ ਵਿਚ ਲਿਖਦਿਆਂ ਘਰ-ਪਰਿਵਾਰ ਤੇ ਧੀਆਂ ਵੱਲੋਂ ਵੱਡੇ ਰੁਤਬਿਆਂ ਵਾਲੇ ਪਤੀ ਪ੍ਰਾਪਤ ਕਰਨ ਅਤੇ ਸਪੁੱਤਰ ਦੀ ਲਾਸ਼ ਨੂੰ ਆਪਣੇ ਮੋਢੇ ਢੋਣ ਦਾ ਵੱਡੇ ਤੋਂ ਵੱਡਾ ਦੁੱਖ ਵੀ ਅੰਤਿਮ ਸਾਹ ਤਕ ਅੰਗ-ਸੰਗ ਰਿਹਾ। ਅਜਿਹੀ ਉੱਚ-ਦੁਮਾਲੜੀ ਸ਼ਖ਼ਸੀਅਤ ਦਾ ਸਰੀਰਕ ਕਸ਼ਟ ਭਰਿਆ ਵਿਛੋੜਾ ਉਨ੍ਹਾਂ ਦੇ ਅਜੀਜ਼ਾਂ ਭਾਵ ਪਿਆਰਿਆਂ ਨੂੰ ਬਹੁਤ ਹੈ।

ਉਹ ਜ਼ੀਰੇ ਤੋਂ ਕਿਲੋਮੀਟਰਾਂ ਵਿਚ ਦੂਰ ਸੀ ਪਰ ਮੇਰੀ ਘੌਲ ਕਰਕੇ ਆਹਮੋ-ਸਾਹਮਣੇ ਦੀਆਂ ਮੁਲਾਕਾਤਾਂ ਘੱਟ ਗਈਆਂ ਸਨ। ਫੋਨ ਵੀ ਬਹੁਤ ਘੱਟ ਸੀ। ਪਰ ਰੂਹਾਂ ਮਿਲਦੀਆਂ ਰਹਿੰਦੀਆਂ ਸਨ।

ਵੱਖ-ਵੱਖ ਰੌਸ਼ਨੀਆਂ ਦੇ ਰਹੇ ਇਕ, ਦੋ ਜਾਂ ਚੌਮੁਖੀਏ ਦੀਵੇ ਅਤੇ ਪਟਾਕਿਆਂ ਦੇ ਧਮਾਕੇ/ ਉਨ੍ਹਾਂ ਦੀਆਂ ਵੰਨ-ਸੁਵੰਨੀਆਂ ਪੇਸ਼ਕਾਰੀਆਂ ਤਰ੍ਹਾਂ ਹੀ ਮਨੁੱਖ ਹੈ, ਉਸ ਦਾ ਜੀਵਨ ਹੈ। ਆਪਣੀ ਵਿਲੱਖਣ ਰੋਸ਼ਨੀ ਦੇਣ ਵਾਲਾ ਡਾ. ਗੁਰਚਰਨ ਸਿੰਘ ਔਲਖ ਆਪਣੀ ਵੰਨ-ਸੁਵੰਨੀ ਜੀਵਨ-ਯਾਤਰਾ ਦੀ ਲੰਮੀ ਉਮਰ 85 ਵਰ੍ਹੇ ਤਕ ਪਹੁੰਚ ਆਖਰੀ ਪੜਾਅ ਦੀ ਉਦਾਸੀ ਦੇ ਗਿਆ ਹੈ। ਇਕ ਖਾਲੀਪਣ ਉਸਰ ਆਇਆ ਹੈ ਡਾ. ਔਲਖ ਦੀ ਮੌਤ ਸੁਣ ਕੇ।

ਡਾ. ਗੁਰਚਰਨ ਸਿੰਘ ਔਲਖ ਦਾ ਜੀਵਨ, ਯਾਦਾਂ/ ਪ੍ਰੇਰਣਾਵਾਂ ਦੀ ਚੰਗੀ ਊਰਜਾ ਵਾਲਾ ਹੈ। ਉਨ੍ਹਾਂ ਦਾ ਸਾਹਿਤ ਦੇ ਇਤਿਹਾਸ ਵਿਚ ਦਰਜ ਨਾਂ ਲੰਮਾ ਸਮਾਂ ਜਿਉਂਦਾ ਰਹੇਗਾ, ਮੇਰਾ ਦਿਲ ਮੰਨਦਾ ਹੈ। ਡਾ. ਗੁਰਚਰਨ ਸਿੰਘ ਔਲਖ ਜੀ ਦੇ ਸਰੀਰ ਨੂੰ ਆਖਰੀ ਪ੍ਰਣਾਮ, ਪਰ ਅੱਜ ਆਪਣੇ ਡਾ. ਔਲਖ ਜੀ ਦੇ ਸਰੀਰਕ ਵਿਛੋੜੇ ਉੱਤੇ ਬਹੁਤ ਉਦਾਸ ਹੈ ਸਾਡਾ ਆ ਸੰਸਾਰ। ਬੇਸ਼ਕ ਪੰਜਾਬੀ ਸਾਹਿਤ ਦਾ ਇਹ ਚਿਰਾਗ ਬੁਝ ਗਿਆ ਪਰ ਡਾ. ਔਲਖ ਵੱਲੋਂ ਸਿਰਜੇ ਸਾਹਿਤ ਦੀ ਲੋ ਰਹਿੰਦੀ ਦੁਨੀਆ ਤਕ ਰਹੇਗੀ। •

ਦੋਹੇ

ਜਗਮਗ ਕਰਦੀ ਜ਼ਿੰਦਗੀ, ਹੋਈ ਹੈ ਬੇਨੂਰ,
ਹੋਠਾਂ ਕੋਲੋਂ ਹੋ ਗਏ, ਹਾਸੇ ਕੋਹਾਂ ਦੂਰ।

ਪੈਸਾ ਬਣਿਆਂ ਚੌਧਰੀ, ਹੋਈ ਸੋਚ ਗੁਲਾਮ,
ਅਕਲਾਂ ਵਾਲੇ ਸੋਚਦੇ, ਬਦਲੂ ਕਿਵੇਂ ਨਿਜ਼ਾਮ।

ਰਿਮਝਿਮ ਵਰ੍ਹਿਆ ਮੇਘਲਾ, ਹੋਈ ਹੈ ਬਰਸਾਤ,
ਕੋਠਾ ਰਿਹਾ ਗ਼ਰੀਬ ਦਾ, ਚੋਂਦਾ ਸਾਰੀ ਰਾਤ।

ਕੀਤਾ ਬੜਾ ਵਿਕਾਸ ਹੈ, ਖੁਸ਼ ਹੈ ਬੜਾ ਮਨੁੱਖ,
ਪੱਕੀ ਸੜਕ ਬਣਾ ਲਈ, ਵੱਢਕੇ ਸਾਵੇ ਰੁੱਖ।

ਜ਼ਾਲਿਮ ਜੰਗਲ ਬੜਾ ਹੈ, ਪੰਛੀ ਬੜਾ ਨਾਦਾਨ,
ਰਹਿੰਦੀ ਹਰਦਮ ਓਸ ਦੀ, ਮੁੱਠੀ ਦੇ ਵਿਚ ਜਾਨ।

ਦੂਜੇ ਦੇ ਜਜ਼ਬਾਤ ਦੀ, ਕਰਦਾ ਨਾ ਪਰਵਾਹ,
ਹੁੰਦਾ ਬੜਾ ਕਠੋਰ ਹੈ, ਬੰਦਾ ਤਾਨਾਸ਼ਾਹ।

ਤੁਰਦਾ ਗੁਨਾਹਗਾਰ ਜਦ, ਪੱਲੇ ਬੰਨ੍ਹ ਗੁਨਾਹ,
ਵਿਛਦੇ ਪੈਰਾਂ ਹੇਠ ਨੇ, ਵਿੰਗੇ-ਟੇਢੇ ਰਾਹ।

ਪਾ ਕੇ ਪਰਦਾ ਰੱਖਿਆ, ਕੀਤੇ ਯਤਨ ਹਜ਼ਾਰ,
ਆਖਿਰ ਨੰਗਾ ਹੋ ਗਿਆ, ਬੰਦੇ ਦਾ ਕਿਰਦਾਰ।

• **ਡਾ. ਹਰਨੇਕ ਸਿੰਘ ਕੋਮਲ**, *ਮੋਬਾਈਲ : 98177-61414*

ਗ਼ਜ਼ਲਾਂ

ਉਠਣਗੇ ਜ਼ਲਜਲੇ ਲੱਖਾਂ, ਅਗਰ ਇਹ ਰਾਜ਼ ਖੋਲ੍ਹਾਂ ਤਾਂ।
ਮੈਂ ਤੈਨੂੰ ਪਿਆਰ ਕਰਦਾ ਹਾਂ, ਆਗਰ ਇਹ ਬੋਲ ਬੋਲਾਂ ਤਾਂ।

ਅਗਰ ਕੋਈ ਕਰੇ ਹਿੰਮਤ ਕਿ ਤਰਨਾ ਅੱਗ ਦਾ ਦਰਿਆ,
ਬੜੇ ਚਿਰ ਤੋਂ ਕੋਈ ਐਸਾ ਕਿ ਮੈਂ ਵੀ ਸਾਥ ਟੋਲ੍ਹਾਂ ਤਾਂ।

ਨਹੀਂ ਪਛਾਣ ਤੈਨੂੰ ਜਾਪਦੈ ਉਡਣੇ ਪੰਖੇਰੂ ਦੀ,
ਕਿ ਹੈ ਅਸਮਾਨ ਵੀ ਨੀਵਾਂ ਮੈਂ ਅਪਣੇ ਖੰਭ ਤੋਲਾਂ ਤਾਂ।

ਇਹ ਧਰਤੀ ਕੰਬ ਜੂ 'ਕੇਰਾਂ, ਸਮੁੰਦਰ ਸੁੱਖ ਜੂ ਸੜ ਕੇ,
ਇਹ ਅੰਬਰ ਪਾਟ ਜੂ ਸਾਰਾ, ਅਗਰ ਮੈਂ ਦੁੱਖ ਫੋਲਾਂ ਤਾਂ।

ਨਹੀਂ ਤਾਰੀਫ਼ ਤੇਰੇ ਹੁਸਨ ਦੀ ਮੈਂ ਲਿਖ ਨਹੀਂ ਸਕਦਾ,
ਕਰਾਂ ਇਸ ਧਰਤ ਦੀ ਸਿਆਹੀ, ਸਮੁੰਦਰ ਵਿਚ ਘੋਲਾਂ ਤਾਂ।

ਕਹਿਰ ਵਰਤਾ ਕੇ ਤੂੰ ਵੀ ਵੇਖ ਲੈ ਸਰਕਾਰ ਐ ਮੇਰੀ,
ਕਹੀਂ ਨਾ 'ਮੂਰਤੀ' ਫੜ ਕੇ ਪਿਆਲਾ ਜ਼ਹਿਰ ਡੋਲਾਂ ਤਾਂ।

• **ਡਾ. ਰਾਮ ਮੂਰਤੀ**, *ਮੋਬਾਈਲ : 9417449665*

ਕਿਸੇ ਦੀ ਯਾਦ ਨੂੰ ਉਸ ਨੇ ਕਲੇਜੇ ਲਾ ਲਿਆ ਲਗਦੈ।
ਗ਼ਮਾਂ ਦੇ ਸਾਜ਼ 'ਤੇ ਫਿਰ ਗੀਤ ਕੋਈ ਗਾ ਲਿਆ ਲਗਦੈ।

ਬੜਾ ਬੇਚੈਨ ਰਹਿੰਦਾ ਹੈ, ਬੜਾ ਗੁੰਮ-ਸੁੰਮ ਹੈ ਅੱਜ-ਕੱਲ੍ਹ ਉਹ,
ਉਦੇ ਤੇ ਜਾਲ਼-ਜੁਲਫਾਂ ਦਾ, ਕਿਸੇ ਨੇ ਪਾ ਲਿਆ ਲਗਦੈ।

ਉਡਾਰੀ ਲਾਉਂਦਾ ਲਾਉਂਦਾ ਆਣ ਬੈਠਾ ਹੈ ਉਹ ਫਿਰ ਫੁੱਲ 'ਤੇ,
ਕਿਸੇ ਤਿੱਤਲੀ ਨੇ ਫਿਰ ਸ਼ਾਇਦ, ਉਨ੍ਹੂੰ ਭਰਮਾ ਲਿਆ ਲਗਦੈ।

ਨਾ ਦਿਨ ਨੂੰ ਚੈਨ ਹੈ ਉਸ ਨੂੰ, ਨਾ ਰਾਤੀਂ ਨੀਂਦ ਹੀ ਆਵੇ,
ਮਿਲਾ ਕੇ ਨੈਣ ਫਿਰ ਉਸ ਨੇ, ਖਸਾਰਾ ਪਾ ਲਿਆ ਲਗਦੈ।

ਕਦੇ ਉਹ ਗੀਤ ਗਾਉਂਦਾ ਹੈ, ਕਦੇ ਰੋਂਦਾ ਹੈ ਫੁੱਟ ਫੁੱਟ ਕੇ,
ਕਿਸੇ ਬੇਦਰਦ ਸੰਗ ਸ਼ਾਇਦ, ਉਨ੍ਹੇ ਦਿਲ ਲਾ ਲਿਆ ਲਗਦੈ।

ਬੜਾ ਬੇਦਰਦ ਹੈ 'ਜੱਸੀ', ਕਦੇ ਵੀ ਹਾਲ ਨਾ ਪੁੱਛੇ,
ਅਸਾਂ ਨੂੰ ਦੇ ਕੇ ਉਸ ਅੱਥਰੂ, ਕਿਤੇ ਦਿਲ ਲਾ ਲਿਆ ਲਗਦੈ।

ਤੂੰ ਜਿਸ ਨੂੰ ਯਾਦ ਕਰਦਾਂ ਏਂ, ਨਹੀਂ ਆਏਗਾ ਉਹ 'ਜੱਸੀ',
ਕਿ ਉਸ ਨੇ ਆਲ੍ਹਣਾ ਗ਼ੈਰਾਂ ਦੇ ਘਰ ਵਿਚ ਪਾ ਲਿਆ ਲਗਦੈ।

• **ਜਸਵਿੰਦਰ ਸਿੰਘ ਜੱਸੀ**, *ਮੋਬਾਈਲ : 98143-96472*

ਕਵਿਤਾਵਾਂ

ਰਿਸ਼ਤਾ

ਏਹ ਰਿਸ਼ਤਾ ਫੁੱਲ ਤੇ ਖ਼ੁਸ਼ਬੂ ਵਾਲਾ।
ਦੋ ਜਿਸਮ ਅਤੇ ਇਕ ਹੈ ਰੂਹ ਵਾਲਾ।

ਇਸ ਰਿਸ਼ਤੇ ਦਾ ਕੋਈ ਨਾਂ ਹੋਵੇ।
ਬਿਨਾਂ ਨਾਂ ਦੇ ਨਾ ਬਦਨਾਮ ਹੋਵੇ।

ਜਦ ਜਗ ਹੱਸਦੈ ਇਸ ਰਿਸ਼ਤੇ 'ਤੇ
ਰੂਹ ਦਾ ਰਿਸ਼ਤਾ ਧਾਹਾਂ ਮਾਰ ਰੋਵੇ।

ਤੂੰ ਹੁਣ ਇਸ ਨੂੰ ਪੱਕਾ ਕਰ ਸੱਜਣਾ।
ਜਿਹੜਾ ਦਿਨ ਤੇ ਦਿਨ ਜਵਾਨ ਹੋਵੇ।

ਆਹ ਵਿਚ ਵਿਚਾਲਾ ਕਿਸ ਕੰਮ ਦਾ,
ਉਹ ਕੀ ਰਿਸ਼ਤਾ ਜੋ ਗੁਮਨਾਮ ਹੋਵੇ।

ਕਿਉਂ ਹਾਸਾ ਬਣਦੈ ਜਗ ਦਾ ਇਹ,
ਜਿਹੜਾ ਹਰ ਪਲ ਹੀ ਕੁਰਬਾਨ ਹੋਵੇ।

ਸੁਰਜੀਤ ਸੱਚ ਨਿਭਾਵੇ ਘੋਲੀਏ ਕਲਾਂ
ਯੂ ਐਸ ਏ ਵਿਚ ਰਹਿ ਪ੍ਰਵਾਨ ਹੋਵੇ।

• **ਸੁਰਜੀਤ ਗਿੱਲ**, *(ਯੂਐਸਏ),*
ਮੋਬਾਈਲ : +1516-270-7190

ਖ਼ੁਦਕੁਸ਼ੀਆਂ ਬਨਾਮ ਸਰਕਾਰਾਂ

ਖ਼ੁਦਕੁਸ਼ੀਆਂ ਦੀ ਖੋਜ ਕਰਨ ਲਈ, ਖੋਜੀਆਂ ਜ਼ੋਰ ਲਗਾਇਆ ਹੈ,
ਸੱਚ-ਮੁੱਚ ਹੀ ਸਰਕਾਰਾਂ ਨੂੰ, ਕੀ ਸਾਡਾ ਚੇਤਾ ਆਇਆ ਹੈ?

ਪਹਿਲਾਂ ਨੇਤਾਵਾਂ ਨੇ ਸਾਨੂੰ ,ਐੱਸਵਾਈਐੱਲ ਵਿਚ ਦੱਬ ਦਿੱਤਾ,
ਸਾਡੀਆਂ ਲਾਸ਼ਾਂ ਉੱਤੇ ਖੜ੍ਹਕੇ, ਏਨ੍ਹਾ ਭੰਗੜਾ ਪਾਇਆ ਹੈ ।

ਪੰਥ ਪੰਜਾਬ ਦੇ ਰਾਖੇ ਯਾਰੋ, ਗਿਟ-ਮਿਟ ਕਰ ਕੇ ਘੁਲ਼ ਦੇ ਨੇ,
ਜਿਹੜਾ ਪਿੱਛਲੀ ਵਾਰੀਂ ਢੱਠਿਆ, ਹੁਣ ਉਹ ਉੱਤੇ ਆਇਆ ਹੈ।

ਭੁੱਖ, ਬੀਮਾਰੀ, ਬੇਕਾਰੀ ਤੇ ਬਦਨੀਤੀ ਬੇਈਮਾਨੀ ਨੇ,
ਲੋਕਾਂ ਦਾ ਦਮ ਨੱਕ ਵਿਚ ਕੀਤਾ, ਜੀਣਾ ਨਰਕ ਬਣਾਇਆ ਹੈ।

ਸੱਭਿਆਚਾਰ ਬਚਾਉਣ ਦੀ ਖਾਤਿਰ, ਮਸਖਰਿਆਂ ਸੌਂਹ ਚੁੱਕੀ ਏ,
ਹਾ ਹਾ, ਹੀ ਹੀ ਹੂ ਹੂ ਕਰਕੇ, ਵਾਹਵਾ ਰੰਗ ਜਮਾਇਆ ਹੈ ।

• **ਅਮਰਜੀਤ ਸਿੰਘ ਵੜੈਚ**, *ਮੋਬਾਈਲ : 9417801988*

ਗੀਤ

ਸਾਂਝਾ ਪਰਿਵਾਰ

ਕੱਲੇ-ਕੱਲੇ ਘਰ ਵਿਚ ਪਈਆਂ ਵੰਡੀਆਂ
ਹੁਣ ਕੋਈ ਸਾਂਝਾ ਪਰਵਾਰ ਨਾ ਦਿਸੇ...

ਸਾਫ਼ ਸੀ ਦਿਲਾਂ ਦੇ ਲੋਕ ਕੱਚੇ ਘਰ ਸੀ
ਛੋਟਿਆਂ ਨੂੰ ਵੱਡਿਆਂ ਦਾ ਹੁੰਦਾ ਡਰ ਸੀ
ਹੁਣ ਕੋਈ ਡਰਦਾ ਨਾ ਚਾਚੇ ਤਾਏ ਤੋਂ
ਮਾਪਿਆਂ ਦਾ ਹੁੰਦਾ ਸਤਿਕਾਰ ਨਾ ਦਿਸੇ...

ਇੱਕੋ ਚੁਲ੍ਹੇ ਉਤੇ 'ਕੱਠਾ ਅੰਨ ਪੱਕਣਾ
ਸਾਰਿਆਂ ਨੇ ਰਲ਼-ਮਿਲ ਬਹਿ ਕੇ ਛੱਕਣਾ
ਹਰ ਕੋਈ ਹੁੰਦਾ ਸੀ ਕੰਮਾਂ 'ਚ ਰੁੱਝਿਆਂ,
ਪਹਿਲਾਂ ਜਿਹਾ ਲੋਕਾਂ 'ਚ ਪਿਆਰ ਨਾ ਦਿਸੇ...

ਔਖੇ ਵੇਲੇ ਯਾਰਾਂ ਨਾ ਸੀ ਯਾਰ ਖੜ੍ਹਦੇ
ਹੱਕ ਸੱਚ ਲਈ ਸੀ ਲੜਾਈਆਂ ਲੜਦੇ
ਧੀਆਂ ਭੈਣਾਂ ਦਾ ਸੀ ਸਤਿਕਾਰ ਕਰਦੇ
ਅੱਜ ਕਲ੍ਹ ਪੱਗ ਵੱਟ ਯਾਰ ਨਾ ਦਿਸੇ...

ਵਿਰਸਾ ਪੰਜਾਬ ਦਾ ਹੈ ਜਾਂਦਾ ਖੁਸਦਾ
ਹੁਣ ਨਾ ਗੁਆਂਢੀ ਨੂੰ ਗੁਆਂਢੀ ਪੁੱਛਦਾ
ਚਰਨਜੀਤ ਧਾਲੀਵਾਲ ਸੱਚ ਲਿਖਦੀ
ਹੁਣ ਓਹ ਪੰਜਾਬ ਦੀ ਨੁਹਾਰ ਨਾ ਦਿਸੇ...

• **ਚਰਨਜੀਤ ਕੌਰ ਧਾਲੀਵਾਲ (ਜਰਮਨੀ)**,
ਮੋਬਾਈਲ : +4915224333737

ਸੰਪਾਦਕੀ

ਹਿਮਾਚਲ ਪ੍ਰਦੇਸ਼ ਦਾ 5,000 ਕਰੋੜ ਰੁਪਏ ਦਾ ਸੇਬ ਅਰਥਚਾਰਾ ਆਪਣੇ ਸਭ ਤੋਂ ਮਾੜੇ ਦੌਰ

ਹਿਮਾਚਲ ਪ੍ਰਦੇਸ਼ ਦੇ ਸੇਬ ਉਤਪਾਦਕ ਬਦਲਦੇ ਮੌਸਮ ਦੀ ਵੱਡੀ ਕੀਮਤ ਤਾਰ ਰਹੇ ਹਨ। ਸੂਬੇ ਦਾ 5,000 ਕਰੋੜ ਰੁਪਏ ਦਾ ਸੇਬ ਅਰਥਚਾਰਾ ਆਪਣੇ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਵਿੱਚ ਉਤਪਾਦਨ ਸਾਲ 2025 ਦੇ 6.99 ਲੱਖ ਮੀਟਰਿਕ ਟਨ ਤੋਂ ਘਟ ਕੇ ਸਾਲ 2026 ਵਿੱਚ 4.36 ਲੱਖ ਮੀਟਰਿਕ ਟਨ ਰਹਿਣ ਦਾ ਅਨੁਮਾਨ ਹੈ। ਸਰਦੀਆਂ ਵਿੱਚ ਨਾਕਾਫ਼ੀ ਬਰਫ਼ਬਾਰੀ, ਬਸੰਤ ਰੁੱਤ ਵਿੱਚ ਬੇਮੌਸਮੀ ਮੀਂਹ, ਗੜੇਮਾਰੀ ਅਤੇ ਮੌਸਮ ਦੇ ਉਤਰਾਅ-ਚੜ੍ਹਾਅ ਨੇ ਫੁੱਲ ਪੈਣ, ਪਰਾਗਣ (ਪੋਲੀਨੇਸ਼ਨ) ਅਤੇ ਫਲ ਬਣਨ ਦੀ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਦੇ ਨਤੀਜੇ ਸਿਰਫ਼ ਬਾਗ਼ਾਂ ਤੱਕ ਹੀ ਸੀਮਿਤ ਨਹੀਂ ਹਨ। ਸੇਬ ਦੀ ਖੇਤੀ ਲਗਪਗ 2.5 ਲੱਖ ਪਰਿਵਾਰਾਂ ਦੀ ਰੋਜ਼ੀ-ਰੋਟੀ ਦਾ ਆਧਾਰ ਹੈ ਅਤੇ ਇਹ ਕਾਮਿਆਂ, ਟਰਾਂਸਪੋਰਟਰਾਂ, ਵਪਾਰੀਆਂ ਅਤੇ ਪੈਕਿੰਗ ਦੇ ਕੰਮਾਂ ਨੂੰ ਵੀ ਸਹਾਰਾ ਦਿੰਦੀ ਹੈ। ਫ਼ਸਲ ਦਾ ਮਾੜਾ ਹੋਣਾ ਪੇਂਡੂ ਆਮਦਨ, ਰੁਜ਼ਗਾਰ ਅਤੇ ਸਥਾਨਕ ਬਾਜ਼ਾਰਾਂ ਲਈ ਖ਼ਤਰਾ ਬਣ ਰਿਹਾ ਹੈ। ਛੋਟੇ ਬਾਗ਼ਬਾਨ ਪਹਿਲਾਂ ਹੀ ਖੇਤੀ ਦੇ ਵਧਦੇ ਖ਼ਰਚਿਆਂ ਨਾਲ ਜੂਝ ਰਹੇ ਹਨ। ਮੌਸਮ ਦੀਆਂ ਲਗਾਤਾਰ ਮਾਰਾਂ ਉਨ੍ਹਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਸਕਦੀਆਂ ਹਨ।

ਇਹ ਸੰਕਟ ਉਸ ਬਾਗ਼ਬਾਨੀ ਅਰਥਚਾਰੇ ਦੀ ਕਮਜ਼ੋਰੀ ਨੂੰ ਬੇਪਰਦ ਕਰਦਾ ਹੈ, ਜੋ ਲਗਾਤਾਰ ਮੌਸਮ ਦੀ ਅਨਿਸ਼ਚਿਤਤਾ ਨਾਲ ਜੂਝ ਰਿਹਾ ਹੈ। ਸੇਬ ਦੇ ਰੁੱਖਾਂ ਨੂੰ ਸਰਦੀਆਂ ਵਿੱਚ ਲੋੜੀਂਦੀ ਠੰਢ (ਚਿਲਿੰਗ ਆਵਰਜ਼) ਦੀ ਲੋੜ ਹੁੰਦੀ ਹੈ ਜਦੋਂਕਿ ਫੁੱਲ ਪੈਣ ਅਤੇ ਫਲ ਬਣਨ ਲਈ ਢੁਕਵੇਂ ਹਾਲਾਤ ਜ਼ਰੂਰੀ ਹੁੰਦੇ ਹਨ। ਵਧਦਾ ਤਾਪਮਾਨ ਅਤੇ ਮੌਸਮ ਦਾ ਬਦਲਦਾ ਮਿਜ਼ਾਜ ਇਸ ਚੱਕਰ ਨੂੰ ਵਿਗਾੜ ਰਿਹਾ ਹੈ। ਜਦੋਂ ਮੌਸਮੀ ਹਾਲਾਤ ਮਾੜੇ ਹੋ ਜਾਣ ਤਾਂ ਸਿਰਫ਼ ਬਾਗ਼ਾਂ ਦਾ ਰਕਬਾ ਵਧਾਉਣਾ ਹੀ ਖ਼ੁਸ਼ਹਾਲੀ ਦੀ ਗਾਰੰਟੀ ਨਹੀਂ ਦੇ ਸਕਦਾ। ਇਸ ਦਾ ਹੱਲ ਹਰ ਫ਼ਸਲ ਦੇ ਨੁਕਸਾਨ ਤੋਂ ਬਾਅਦ ਸਿਰਫ਼ ਮੁਆਵਜ਼ੇ ਦਾ ਐਲਾਨ ਕਰਨ ਤੋਂ ਅੱਗੇ ਦਾ ਹੋਣਾ ਚਾਹੀਦਾ ਹੈ। ਮੀਂਹ ’ਤੇ ਨਿਰਭਰਤਾ ਘਟਾਉਣ ਲਈ ਸਿੰਜਾਈ ਸਹੂਲਤਾਂ, ਵਰਖਾ ਦਾ ਪਾਣੀ ਇਕੱਠਾ ਕਰਨ ਅਤੇ ਮਾਈਕਰੋ-ਸਿੰਜਾਈ ਪ੍ਰਣਾਲੀਆਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਗੜੇਮਾਰੀ ਤੋਂ ਬਚਾਉਣ ਵਾਲੇ ਜਾਲ ਆਸਾਨੀ ਨਾਲ ਉਪਲਬਧ ਹੋਣੇ ਚਾਹੀਦੇ ਹਨ, ਖ਼ਾਸ ਕਰਕੇ ਛੋਟੇ ਬਾਗ਼ਬਾਨਾਂ ਲਈ। ਫ਼ਸਲ ਦਾ ਬੀਮਾ ਸਮਝਣ ਵਿੱਚ ਆਸਾਨ, ਵਿਆਪਕ ਤੌਰ ’ਤੇ ਪ੍ਰਚਾਰਿਆ ਗਿਆ ਅਤੇ ਸਮੇਂ ਸਿਰ ਮੁਆਵਜ਼ਾ ਦੇਣ ਵਿੱਚ ਅਸਰਦਾਰ ਹੋਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਜਲਵਾਯੂ ਦਾ ਮੁਕਾਬਲਾ ਕਰਨ ਵਾਲੀਆਂ ਕਿਸਮਾਂ ਦੀ ਭਾਲ, ਬਾਗ਼ਬਾਨੀ ਦੇ ਇਲਾਕਿਆਂ ਵਿੱਚ ਬਦਲਾਅ ਅਤੇ ਬਿਹਤਰ ਪਰਾਗਣ ਬਾਰੇ ਲਗਾਤਾਰ ਖੋਜ ਵੀ ਓਨੀ ਹੀ ਲਾਜ਼ਮੀ ਹੈ। ਕਿਸਾਨਾਂ ਨੂੰ ਆਪਣੇ ਬਾਗ਼ਾਂ ਵਿੱਚ ਮਹਿੰਗੇ ਬਦਲਾਅ ਕਰਨ ਤੋਂ ਪਹਿਲਾਂ ਭਰੋਸੇਯੋਗ ਵਿਗਿਆਨਕ ਸਲਾਹ ਲੈਣੀ ਚਾਹੀਦੀ ਹੈ। ਢੁਕਵੇਂ ਫਲਾਂ ਵੱਲ ਰੁਖ਼ ਕਰਨਾ ਅਤੇ ਫਲਾਂ ਦੀ ਸਾਂਭ-ਸੰਭਾਲ, ਪ੍ਰੋਸੈਸਿੰਗ ਤੇ ਮੁੱਲ ਵਾਧੇ ਵਿੱਚ ਵੱਡਾ ਨਿਵੇਸ਼ ਵੀ ਸਾਨੂੰ ਕਿਸੇ ਇੱਕ ਫ਼ਸਲ ’ਤੇ ਨਿਰਭਰਤਾ ਤੋਂ ਬਚਾ ਸਕਦਾ ਹੈ। ਸੂਬੇ ਦੀ ਬਾਗ਼ਬਾਨੀ ਦੀ ਇਸ ਰੀੜ੍ਹ ਦੀ ਹੱਡੀ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਇਹ ਸਾਰੇ ਸੁਧਾਰ ਜਲਦੀ ਤੋਂ ਜਲਦੀ ਜ਼ਮੀਨੀ ਪੱਧਰ ’ਤੇ ਲਾਗੂ ਹੋਣ।

ਕੌਂਸਲਰਾਂ ਨੂੰ ਭੱਤਿਆਂ ਦੀ ਵਸੂਲੀ ਦਾ ਕਰਨਾ ਪੈ ਸਕਦਾ ਹੈ ਸਾਹਮਣਾ

ਪਟਿਆਲਾ, 31 ਅਕਤੂਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਦੇ 30 ਕੌਂਸਲਰਾਂ, ਜਿਨ੍ਹਾਂ ਦੀਆਂ ਚੋਣਾਂ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ, ਨੂੰ ਪਿਛਲੇ 18 ਮਹੀਨਿਆਂ ਦੌਰਾਨ ਪ੍ਰਾਪਤ ਕੀਤੇ ਗਏ ਮਿਹਨਤਾਨੇ ਅਤੇ ਚੋਣ ਹਲਕੇ ਭੱਤੇ ਵਾਪਸ ਕਰਨੇ ਪੈ ਸਕਦੇ ਹਨ।ਪ੍ਰਭਾਵਿਤ ਕੌਂਸਲਰਾਂ, ਜਿਨ੍ਹਾਂ ਵਿੱਚ ਬਰਖਾਸਤ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਸ਼ਾਮਲ ਹਨ, ਨੂੰ 15 ਅਕਤੂਬਰ ਨੂੰ ਹੋਈ ਜਨਰਲ ਹਾਊਸ ਮੀਟਿੰਗ ਵਿੱਚ ਸੱਦਾ ਨਹੀਂ ਦਿੱਤਾ ਗਿਆ ਸੀ।

ਉਨ੍ਹਾਂ ਦੀ ਚੋਣ ਸਥਿਤੀ ਦੇ ਨਾਲ, ਪ੍ਰਭਾਵਤ ਸੰਸਥਾ ਨੇ ਅਦਾਲਤ ਦੇ ਆਦੇਸ਼ਾਂ ਦੁਆਰਾ ਪ੍ਰਬੰਧਿਤ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ, ਉਨ੍ਹਾਂ ਦੇ ਦਫਤਰਾਂ ਸੰਬੰਧੀ ਨਾਗਰਿਕ ਤਬਦੀਲੀਆਂ। ਨਗਰ ਨਿਗਮ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਨੇ ਬਰਖਾਸਤ ਸੀਨੀਅਰ ਡਿਪਟੀ ਮੇਅਰ ਨਾਲ ਜੁੜੇ ਸਟਾਫ ਦਾ ਤਬਾਦਲਾ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਹੈ।ਡਿਪਟੀ ਮੇਅਰ ਨੂੰ ਨਗਰ ਨਿਗਮ ਦੀਆਂ ਹੋਰ ਸ਼ਾਖਾਵਾਂ ਨੂੰ ਐਡ। ਦੋਵਾਂ ਨੂੰ ਉਨ੍ਹਾਂ ਨੂੰ ਅਲਾਟ ਕੀਤੇ ਗਏ ਸਰਕਾਰੀ ਵਾਹਨਾਂ ਨੂੰ ਵਾਪਸ ਕਰਨ ਲਈ ਨੋਟਿਸ ਵੀ ਜਾਰੀ ਕੀਤੇ ਜਾ ਰਹੇ ਹਨ। ਦੱਸਣਯੋਗ ਹੈ ਕੀ 18,750 ਪ੍ਰਤੀ ਮਹੀਨਾ ਅਤੇ ਉਸੇ ਭੱਤੇ ਦੇ ਨਾਲ।

ਮੇਅਰ ਨੂੰ ਸਾਡੇ ਲਈ ਮਾਸਿਕ ਸਨਮਾਨ ਵਜੋਂ 30,000 ਰੁਪਏ ਅਤੇ ਹਲਕੇ ਦੇ ਭੱਤੇ ਵਜੋਂ 15,000 ਰੁਪਏ ਮਿਲਦੇ ਹਨ। ਦਾ ਇੱਕ ਡਿਵੀਜ਼ਨ ਬੈਂਚ ਬਰਖਾਸਤ ਕੀਤੇ ਗਏ ਮਾਣਭੱਤੇ ਅਤੇ ਹਲਕੇ ਦੇ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਕੌਂਸਲਰਾਂ ਨੂੰ ਦਿੱਤੇ ਗਏ ਭੱਤਿਆਂ ਦੀ ਵਸੂਲੀ ਦੇ ਸੰਬੰਧ ਵਿੱਚ, ਕਮਿਸ਼ਨ ਸੁਪਰੀਮ ਕੋਰਟ ਦੇ ਹੁਕਮਾਂ ਦੀ ਰੌਸ਼ਨੀ ਵਿੱਚ ਰਾਜ ਸਰਕਾਰ ਤੋਂ ਪਿਛਲੇ 18 ਮਹੀਨਿਆਂ ਤੋਂ ਸਪੱਸ਼ਟੀਕਰਨ ਮੰਗੇਗਾ। ਮੌਜੂਦਾ ਤਨਖਾਹ ਢਾਂਚੇ ਦੇ ਤਹਿਤ, ਕੌਂਸਲਰਾਂ ਨੂੰ ਪ੍ਰਤੀ ਮਹੀਨਾ 15,000 ਰੁਪਏ ਪ੍ਰਾਪਤ ਹੁੰਦੇ ਹਨ ਕਿਉਂਕਿ ਸੀਨੀਅਰ ਡਿਪਟੀ ਮੇਅਰ ਨੂੰ ਹਲਕਾ ਭੱਤਾ ਮਿਲਦਾ ਹੈ।

15,000 ਰੁਪਏ ਦੇ ਮਹੀਨਾਵਾਰ ਹਲਕਾ ਭੱਤੇ ਤੋਂ ਇਲਾਵਾ 24,000 ਰੁਪਏ ਦਾ ਮਹੀਨਾਵਾਰ ਮਾਣਭੱਤਾ, ਜਦੋਂ ਕਿ ਡਿਪਟੀ ਮੇਅਰ ਨੂੰ ਰੁਪਏ ਦਾ ਮਾਣਭੱਤਾ ਮਿਲਦਾ ਹੈ। ਚੀਫ਼ ਜਸਟਿਸ ਅਤੇ ਦੋ ਹੋਰ ਸੁਪਰੀਮ ਕੋਰਟ, ਜਿਨ੍ਹਾਂ ਵਿੱਚ ਜੱਜ ਸ਼ਾਮਲ ਸਨ, ਨੇ 7 ਅਕਤੂਬਰ ਨੂੰ ਨਗਰ ਨਿਗਮ ਦੇ 28 ਵਾਰਡਾਂ ਵਿੱਚ ਨਵੇਂ ਸਿਰਿਓਂ ਚੋਣਾਂ ਕਰਵਾਉਣ ਦਾ ਹੁਕਮ ਦਿੱਤਾ ਗਿਆ ਹੈ ਜਿਸ ਤੋਂ ਬਾਅਦ ਸੂਚੀ ਵਿੱਚ ਦੋ ਹੋਰ ਵਾਰਡ ਸ਼ਾਮਲ ਕੀਤੇ ਗਏ। 2024 ਦੀਆਂ ਆਮ ਚੋਣਾਂ ਵਿੱਚ ਬੇਨਿਯਮੀਆਂ ਇੱਕ ਤੱਥ-ਖੋਜ ਨਿਆਂਇਕ ਕਮਿਸ਼ਨ ਦੁਆਰਾ ਸਥਾਪਿਤ ਕੀਤੀਆਂ ਗਈਆਂ ਸਨ, ਜਿਨ੍ਹਾਂ ਦੇ ਨਤੀਜਿਆਂ ਨੂੰ ਸੁਪਰੀਮ ਕੋਰਟ ਨੇ ਵਿਵਾਦਿਤ ਵਾਰਡਾਂ ਦੌਰਾਨ ਸਵੀਕਾਰ ਕਰ ਲਿਆ ਸੀ।

ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਇਨ੍ਹਾਂ 30 ਵਾਰਡਾਂ ਵਿੱਚ ਹੋਈਆਂ ਚੋਣਾਂ ਘੋਸ਼ਿਤ ਅਤੇ ਨਵੇਂ ਸਿਰਿਓਂ ਚੋਣਾਂ ਕਰਵਾਉਣ ਦਾ ਨਿਰਦੇਸ਼ ਦੇ ਰਹੀਆਂ ਸਨ ਅਦਾਲਤ ਦੇ ਫੈਸਲੇ ਅਤੇ ਤਨਖਾਹ-ਕਾਰਜਕਾਲ ਨੂੰ ਨਿਯੰਤਰਿਤ ਕਰਨ ਵਾਲੇ ਵਿਵਾਦਿਤ ਲਾਗੂ ਨਿਯਮਾਂ ਦੌਰਾਨ ਕੀਤੇ ਗਏ ਆਦੇਸ਼ਾਂ ਦਾ।

ਜਦੋਂ ਕਿ ਰੱਦ ਕਰਨ ਦਾ ਸਿਧਾਂਤ ਸ਼ੁਰੂ ਤੋਂ ਹੀ ਰੱਦ ਕਰਨ ਦਾ ਅਰਥ ਹੈ, ਇਸ ਮੁੱਦੇ ’ਤੇ ਬਰਖਾਸਤ ਕੀਤੇ ਗਏ ਕੌਂਸਲਰਾਂ ਨੂੰ ਇਹ ਕਰਨ ਦੀ ਲੋੜ ਹੈ, ਕੀ ਇਹ ਪਹਿਲਾਂ ਤੋਂ ਪ੍ਰਾਪਤ ਰਕਮਾਂ ਵਾਪਸ ਕਰੇਗਾ, ਇਹ ਨਿਰਧਾਰਤ ਕਰਨ ਦੀ ਜ਼ਰੂਰਤ ਹੈ ਕਿ ਕੀ ਇਹ ਪਹਿਲਾਂ ਤੋਂ ਪ੍ਰਾਪਤ ਰਕਮਾਂ ਨੂੰ ਲਾਗੂ ਕਾਨੂੰਨ ਦੇ ਤਹਿਤ ਮਿਉਂਸਪਲ ਕਮਿਸ਼ਨਰ ਦੇ ਨਿਰਦੇਸ਼ਾਂ ਅਧੀਨ ਕੀਤਾ ਗਿਆ ਹੈ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਅਤੇ ਅਦਾਲਤ ਦੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 382 ਦੇ ਦਾਇਰੇ ਵਿੱਚ, ਧਾਰਾ 35 ਅਤੇ 37 ਦੇ ਤਹਿਤ, ਵਿਵਾਦਿਤ ਕਾਰਜਕਾਲ ਦੌਰਾਨ ਗੈਰ-ਬੈਠਕ ਪ੍ਰਤੀਨਿਧੀਆਂ ਤੋਂ ਵਿੱਤੀ ਲਾਭ ਪ੍ਰਾਪਤ ਕਰਨ ਲਈ ਨੋਟਿਸਾਂ ਦੁਆਰਾ ਖਿੱਚੇ ਗਏ ਭੱਤੇ ਅਤੇ ਮਾਣ ਭੱਤੇ ਜਾਰੀ ਕਰਨ ਦੀ ਸ਼ਕਤੀ ਹੈ ਐਕਟ, ਜੋ ਉਹਨਾਂ ਦੁਆਰਾ ਪ੍ਰਾਪਤ ਕੀਤੇ ਵਿੱਤੀ ਲਾਭਾਂ ਨੂੰ ਪਰਿਭਾਸ਼ਿਤ ਕਰਦਾ ਹੈ।

ਪਰਿਵਾਰ ਵਿਛੋੜਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਸਕਾਈ ਜੰਪਰ ਟਰੈਮਪੋਲੀਨ ਪਾਰਕ, ਮੋਹਾਲੀ ਵਿਖੇ ਵਿੱਦਿਅਕ ਟੂਰ

ਰੂਪਨਗਰ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ, ਪਟਿਆਲਾ ਦੀ ਰਹਿਨੁਮਾਈ ਹੇਠ ਚੱਲ ਰਹੇ ਪਰਿਵਾਰ ਵਿਛੋੜਾ ਪਬਲਿਕ ਸਕੂਲ, ਸਰਸਾ ਨੰਗਲ, ਰੋਪੜ ਦੇ ਐਲ.ਕੇ.ਜੀ. ਤੋਂ ਚੌਥੀ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਸਕਾਈ ਜੰਪਰ ਟਰੈਮਪੋਲੀਨ ਪਾਰਕ, ਮੋਹਾਲੀ ਵਿਖੇ ਵਿੱਦਿਅਕ ਅਤੇ ਮਨੋਰੰਜਕ ਟੂਰ ਲਈ ਲਿਜਾਇਆ ਗਿਆ।

ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਮਨੋਰੰਜਕ ਗਤੀਵਿਧੀਆਂ ਵਿੱਚ ਭਾਗ ਲਿਆ ਅਤੇ ਖ਼ੂਬ ਆਨੰਦ ਮਾਣਿਆ। ਇਸ ਟੂਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਮਨੋਰੰਜਨ ਦੇ ਮੌਕੇ ਪ੍ਰਦਾਨ ਕਰਨਾ, ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਵਿੱਚ ਆਪਸੀ ਸਾਂਝ, ਸਹਿਯੋਗ ਅਤੇ ਮਿਲਵਰਤਣ ਦੀ ਭਾਵਨਾ ਪੈਦਾ ਕਰਨਾ ਸੀ।

ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਦੇਖ-ਰੇਖ ਹੇਠ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਂਦਿਆਂ ਯਾਦਗਾਰੀ ਪਲ ਬਿਤਾਏ।

ਇਸ ਤਰ੍ਹਾਂ ਦੇ ਟੂਰ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਉਨ੍ਹਾਂ ਨੂੰ ਕਲਾਸਰੂਮ ਤੋਂ ਬਾਹਰ ਨਵੀਆਂ ਚੀਜ਼ਾਂ ਸਿੱਖਣ ਅਤੇ ਨਵੇਂ ਤਜਰਬੇ ਹਾਸਲ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।

ਸਕੂਲ ਦੇ ਪ੍ਰਿੰਸੀਪਲ ਸਰਦਾਰ ਸਰਬਜੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਮਨੋਰੰਜਕ ਅਤੇ ਗਿਆਨਵਰਧਕ ਗਤੀਵਿਧੀਆਂ ਕਰਵਾਉਣਾ ਬਹੁਤ ਜ਼ਰੂਰੀ ਹੈ।

ਇਸ ਨਾਲ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਸਹਿਯੋਗ ਅਤੇ ਸਮਾਜਿਕ ਸਾਂਝ ਦੀ ਭਾਵਨਾ ਵਿਕਸਿਤ ਹੁੰਦੀ ਹੈ ਅਤੇ ਉਹ ਸਿੱਖਿਆ ਦੇ ਨਾਲ-ਨਾਲ ਆਪਣੇ ਬਚਪਨ ਦਾ ਵੀ ਭਰਪੂਰ ਆਨੰਦ ਮਾਣਦੇ ਹਨ।

ਇਸ ਟੂਰ ਦੌਰਾਨ ਵਿਦਿਆਰਥੀਆਂ ਦੇ ਨਾਲ ਅਧਿਆਪਕ ਸ੍ਰੀਮਤੀ ਮਨਦੀਪ ਕੌਰ, ਸ੍ਰੀਮਤੀ ਸਤਵੀਰ ਕੌਰ, ਸ੍ਰੀਮਤੀ ਕੁਲਵਿੰਦਰ ਕੌਰ ਬਾਜਵਾ, ਸ੍ਰੀਮਤੀ ਕੁਲਵਿੰਦਰ ਕੌਰ ਢਾਡੀ, ਸਰਦਾਰ ਜਸਵਿੰਦਰ ਸਿੰਘ, ਸ੍ਰੀਮਤੀ ਰੁਪਿੰਦਰ ਕੌਰ ਅਤੇ ਸ੍ਰੀਮਤੀ ਸੰਤੋਸ਼ ਕੌਰ ਮੌਜੂਦ ਸਨ।

ਅਧਿਆਪਕਾਂ ਨੇ ਵਿਦਿਆਰਥੀਆਂ ਦੀ ਦੇਖ-ਰੇਖ ਕਰਦਿਆਂ ਟੂਰ ਨੂੰ ਸੁਚੱਜੇ ਅਤੇ ਯਾਦਗਾਰੀ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਈ।

ਲੜਕੀਆਂ ਵੱਲੋਂ ਭਾਗ ਲੈਣਾ ਸ਼ਲਾਘਾਯੋਗ ਕਦਮ : ਡਾ. ਅਨਹਦ ਗਿੱਲ

ਪਟਿਆਲਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ ਕਰਹਾਲੀ ਸਾਹਿਬ ਵਿਖੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਸੱਤ ਰੋਜ਼ਾ ਵਿਸ਼ੇਸ਼ ਕੈਂਪ ਦਾ ਆਗਾਜ਼ ਬੜੇ ਉਤਸ਼ਾਹ ਨਾਲ ਪ੍ਰਿੰਸੀਪਲ ਡਾ. ਰਮਨਜੀਤ ਕੌਰ ਦੀ ਅਗਵਾਈ ਹੇਠ ਕੀਤਾ ਗਿਆ।

ਇਸ ਉਦਘਾਟਨੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਾ. ਅਨਹਦ ਗਿੱਲ, ਪ੍ਰੋਗਰਾਮ ਕੋਆਰਡੀਨੇਟਰ, ਐੱਨ.ਐੱਸ.ਐੱਸ. ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਐੱਨ.ਐੱਸ.ਐੱਸ. ਦਾ ਮੁੱਖ ਮੰਤਵ ਮੈਂ ਨਹੀਂ, ਤੂੰ ਹੈ। ਐੱਨ.ਐੱਸ.ਐੱਸ. ਸਿਰਫ਼ ਇੱਕ ਸਕੀਮ ਨਹੀਂ, ਸਗੋਂ ਸੇਵਾ ਭਾਵਨਾ ਦਾ ਪ੍ਰਤੀਕ ਹੈ।

ਇਸ ਨਾਲ ਵਿਦਿਆਰਥੀਆਂ ਵਿੱਚ ਸਮਾਜ ਸੇਵਾ ਪ੍ਰਤੀ ਜ਼ਿੰਮੇਵਾਰੀ, ਅਨੁਸ਼ਾਸਨ ਅਤੇ ਮਾਨਵਤਾ ਦੀ ਭਾਵਨਾ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਕੈਂਪ ਰਾਹੀਂ ਲੜਕੀਆਂ ਨੂੰ ਸਮਾਜ ਦੀਆਂ ਅਸਲ ਸਮੱਸਿਆਵਾਂ ਨੂੰ ਨੇੜਿਓਂ ਸਮਝਣ ਦਾ ਮੌਕਾ ਮਿਲੇਗਾ ਅਤੇ ਉਹ ਚੰਗੇ ਨਾਗਰਿਕ ਬਣ ਕੇ ਸਮਾਜ ਦੀ ਸੇਵਾ ਕਰ ਸਕਣਗੀਆਂ। ਉਨ੍ਹਾਂ ਨੇ ਕੈਂਪ ਦੀ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਾਲਜ ਪ੍ਰਬੰਧਕਾਂ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋਫ਼ੈਸਰ ਅਰਸ਼ਪ੍ਰੀਤ ਕੌਰ, ਪ੍ਰੋਗਰਾਮ ਅਫ਼ਸਰ, ਐੱਨ.ਐੱਸ.ਐੱਸ. ਵਿਭਾਗ ਨੇ ਕੀਤੀ। ਉਨ੍ਹਾਂ ਨੇ ਕੈਂਪ ਦੇ ਸੱਤ ਦਿਨਾਂ ਦੇ ਪ੍ਰੋਗਰਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ 50 ਤੋਂ ਵੱਧ ਲੜਕੀਆਂ ਭਾਗ ਲੈ ਰਹੀਆਂ ਹਨ। ਇਸ ਦੌਰਾਨ ਵੱਖ-ਵੱਖ ਵਿਸ਼ਿਆਂ ’ਤੇ ਸੈਮੀਨਾਰ, ਰੈਲੀਆਂ, ਸਫ਼ਾਈ ਮੁਹਿੰਮਾਂ, ਸੱਭਿਆਚਾਰਕ ਪ੍ਰੋਗਰਾਮ ਅਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣਗੀਆਂ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਵੀ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਨੂੰ ਘਰ-ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਨੂੰ ਹੀ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਤਬਾਹ ਕਰ ਦਿੰਦਾ ਹੈ। ਇਸ ਲਈ ਨੌਜਵਾਨਾਂ ਨੂੰ ਖੇਡਾਂ ਅਤੇ ਪੜ੍ਹਾਈ ਨਾਲ ਜੁੜ ਕੇ ਆਪਣੇ ਭਵਿੱਖ ਨੂੰ ਉੱਜਵਲ ਬਣਾਉਣਾ ਚਾਹੀਦਾ ਹੈ।

ਸੱਤ ਰੋਜ਼ਾ ਕੈਂਪ ਦੌਰਾਨ ਨਸ਼ਿਆਂ ਦੀ ਰੋਕਥਾਮ, ਦੂਸ਼ਿਤ ਹੁੰਦੇ ਵਾਤਾਵਰਨ ਦੀ ਸੰਭਾਲ, ਔਰਤਾਂ ਉੱਪਰ ਹੁੰਦੀ ਹਿੰਸਾ ਦੀ ਰੋਕਥਾਮ, ਪੰਜਾਬ ਪੁਲਿਸ ਵੱਲੋਂ ਦਿੱਤੀਆਂ ਜਾ ਰਹੀਆਂ ਸਾਂਝ ਸੁਵਿਧਾਵਾਂ ਬਾਰੇ ਜਾਣਕਾਰੀ, ਟ੍ਰੈਫ਼ਿਕ ਨਿਯਮਾਂ ਦੀ ਪਾਲਣਾ, ਸਿਹਤ ਅਤੇ ਸਫ਼ਾਈ, ਬੇਟੀ ਬਚਾਓ ਬੇਟੀ ਪੜ੍ਹਾਓ ਵਰਗੇ ਅਹਿਮ ਵਿਸ਼ਿਆਂ ’ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਪਿੰਡ ਵਿੱਚ ਸਫ਼ਾਈ ਮੁਹਿੰਮ, ਪੌਦੇ ਲਗਾਉਣ, ਲੋਕਾਂ ਨੂੰ ਵੋਟ ਦੇ ਅਧਿਕਾਰ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨ ਵਰਗੇ ਕਾਰਜ ਵੀ ਕੀਤੇ ਜਾਣਗੇ।

ਕੈਂਪ ਦੇ ਪਹਿਲੇ ਦਿਨ ਵਿਦਿਆਰਥਣਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਨੇ ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਅੰਤ ਵਿੱਚ ਪ੍ਰੋਫ਼ੈਸਰ ਅਰਸ਼ਪ੍ਰੀਤ ਕੌਰ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਖੰਨਾ ਵੇਖੇ ਹੋਈਆਂ ਪ੍ਰਾਇਮਰੀ ਸਕੂਲ ਵਿਦਿਆਰਥੀਆਂ ਦੀਆਂ ਖੇਡਾਂ ਵਿੱਚ ਮਾਛੀਵਾੜਾ ਬਲਾਕ ਦੇ ਵਿਦਿਆਰਥੀ ਛਾਏ

ਮਾਛੀਵਾੜਾ ਸਾਹਿਬ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨੀ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਨਾ ਪੈਂਦਾ ਜ਼ਿਲ੍ਹਾ ਸਿੱਖਿਆ ਅਫਸਰ ਡਿੰਪਲ ਮਦਾਨ, ਉਪਜਲਾ ਸਿੱਖਿਆ ਅਫਸਰ ਮਨੋਜ ਕੁਮਾਰ, ਬਲਾਕ ਪ੍ਰਾਇਮਰੀ ਅਫਸਰ ਰਾਮ ਕੁਮਾਰ ਦੀ ਯੋਗ ਅਗਵਾਈ ਵਿੱਚ ਏ.ਐਮ.ਐਸ.ਐਸ. ਸਕੂਲ ਖੰਨਾ ਵਿਖੇ ਪ੍ਰਾਇਮਰੀ ਸਕੂਲ ਵਿਦਿਆਰਥੀਆਂ ਦੀਆਂ ਖੇਡਾਂ ਕਰਵਾਈਆਂ ਗਈਆਂ। ਜੀ ਇਹਨਾਂ ਖੇਡਾਂ ਵਿੱਚ ਬਲਾਕ ਮਾਛੀਵਾੜਾ ਇੱਕ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਬਲਾਕ, ਸਕੂਲ ਅਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਬਲਾਕ ਮਾਛੀਵਾੜਾ ਇੱਕ ਦੇ ਸੈਂਟਰ ਉਧਵਾਲ ਕਲਾ ਦੇ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਪੰਜਗਰਾਈਆਂ ਦੇ ਤਿੰਨ ਵਿਦਿਆਰਥੀਆਂ ਨੇ ਕੁੱਲ ਪੰਜ ਤਮਗੇ ਜਿੱਤ ਕੇ ਰਿਕਾਰਡ ਬਣਾਇਆ। ਇਹਨਾਂ ਖੇਡਾਂ ਵਿੱਚ ਗਗਨਦੀਪ ਸਿੰਘ ਨੇ ਕੁਸ਼ਤੀ 30 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤਿਆ, ਕੁਸ਼ਤੀ ਭਾਰ ਵਰਗ 25 ਕਿਲੋ ਵਿੱਚ ਹਰਮਨ ਜੋਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਦਿਆਂ ਕਾਂਸੀ ਦਾ ਤਮਗਾ ਜਿੱਤਿਆ ਅਤੇ ਲੰਬੀ ਛਾਲ ਮੁਕਾਬਲੇ ਵਿੱਚ ਵੀ ਪਹਿਲਾ ਸਥਾਨ ਹਾਸਿਲ ਕਰਕੇ ਗੋਲਡ ਮੈਡਲ ਜਿੱਤ ਕੇ ਆਪਣੇ ਸਕੂਲ ਅਤੇ ਬਲਾਕ ਦਾ ਨਾਮ ਰੌਸ਼ਨ ਕੀਤਾ।

ਬਲਾਕ ਦੇ ਵਿਦਿਆਰਥੀ ਰੌਣਕ ਸ਼ਾਹ ਨੇ 100 ਮੀਟਰ ਰੇਸ ਵਿੱਚ ਤੀਜਾ ਸਥਾਨ ਹਾਸਿਲ ਕਰਦਿਆਂ ਜਿੱਤ ਪ੍ਰਾਪਤ ਕੀਤੀ। ਸੈਂਟਰ ਮੁੱਖ ਅਧਿਆਪਕ ਰਕੇਸ਼ ਕੁਮਾਰ ਨੇ ਵਿਦਿਆਰਥੀਆਂ ਦੀ ਇਸ ਜਿੱਤ ਦਾ ਸਿਹਰਾ ਸਕੂਲ ਮੁਖੀ ਛਿੰਦਰਪਾਲ , ਵਰਿੰਦਰ ਅਗਨੀਹੋਤਰੀ, ਮੈਡਮ ਦਲਵਿੰਦਰ ਕੌਰ, ਹੈੱਡ ਟੀਚਰ ਮੀਨੂ ਰਾਣੀ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਦਿੰਦਿਆਂ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸੀ.ਐਚ.ਸੀ. ਪ੍ਰਦੀਪ ਕੁਮਾਰ ਕੁੰਦਰਾ, ਸੀ.ਐਚ.ਸੀ. ਲਖਵਿੰਦਰ ਸਿੰਘ, ਸੰਦੀਪ ਕੁਮਾਰ, ਪਲਿਕਾ ਵਰਮਾ, ਗੁਰਸੇਵਕ ਸਿੰਘ ਅਤੇ ਕ੍ਰਿਸ਼ਨ ਲਾਲ ਵੀ ਮੌਜੂਦ ਸਨ।

ਝੋਟਾ ਕਤਲ ਮਾਮਲੇ ’ਚ ਇਨਸਾਫ਼ ਦੀ ਗੂੰਜ, ਗੋਰਾ ਮੱਤਾ ਨੇ ਸਰਕਾਰ ਨੂੰ ਘੇਰਿਆ

ਜੈਤੋ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਅੱਜ ਪਿੰਡ ਮੱਤਾ ਅਤੇ ਪਿੰਡ ਬਿਸ਼ਨੰਦੀ ਵਿਖੇ ਪੰਜਾਬ ਸਰਕਾਰ ਵਿਰੁੱਧ ਝਾੜੂ ਫੂਕ ਪ੍ਰਦਰਸ਼ਨ ਕੀਤਾ ਗਿਆ।

ਐਕਸ਼ਨ ਕਮੇਟੀ ਦੇ ਮੈਂਬਰ ਅਤੇ ਮਜ਼ਦੂਰ ਆਗੂ ਅੰਗਰੇਜ ਸਿੰਘ ਗੋਰਾ ਮੱਤਾ ਅਤੇ ਵੀਰਪਾਲ ਕੌਰ ਪਿੰਡ ਬਿਸ਼ਨੰਦੀ ਦੀ ਅਗਵਾਈ ਹੇਠ ਹੋਏ ਇਸ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਝਾੜੂ ਸਾੜ ਕੇ ਆਪਣਾ ਰੋਸ ਪ੍ਰਗਟਾਇਆ।

ਜ਼ਿਕਰਯੋਗ ਹੈ ਕਿ ਪਰਵਿੰਦਰ ਸਿੰਘ ਝੋਟਾ ਦੀ ਮਾਨਸਾ ਸ਼ਹਿਰ ਵਿੱਚ ਇੱਕ ਮੈਡੀਕਲ ਸਟੋਰ ਦੇ ਮਾਲਕ ਵੱਲੋਂ ਕਥਿਤ ਤੌਰ ’ਤੇ ਪਿਸਤੌਲ ਨਾਲ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਨੂੰ ਸੱਤ ਦਿਨ ਬੀਤ ਜਾਣ ਦੇ ਬਾਵਜੂਦ ਪਰਿਵਾਰ ਇਨਸਾਫ਼ ਦੀ ਮੰਗ ਨੂੰ ਲੈ ਕੇ ਮਾਨਸਾ ਵਿੱਚ ਧਰਨੇ ’ਤੇ ਬੈਠਾ ਹੈ। ਪਰਿਵਾਰ ਵੱਲੋਂ ਇਨਸਾਫ਼ ਮਿਲਣ ਤੱਕ ਮ੍ਰਿਤਕ ਦਾ ਸੰਸਕਾਰ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਪੁਲਿਸ ਦੇ ਡੀਜੀਪੀ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਕਤਲ ਮਾਮਲੇ ਵਿੱਚ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੀ ਮੰਗ ਉਠਾਈ।

ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਸੰਘਰਸ਼ ਕਰਨ ਵਾਲਿਆਂ ਦੀ ਆਵਾਜ਼ ਨੂੰ ਦਬਾਉਣ ਦੀ ਬਜਾਏ ਨਸ਼ਾ ਤਸਕਰੀ ਦੇ ਖ਼ਾਤਮੇ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸ ਮੌਕੇ ਨਸ਼ਿਆਂ ਵਿਰੁੱਧ ਇਕਜੁੱਟ ਹੋ ਕੇ ਸੰਘਰਸ਼ ਜਾਰੀ ਰੱਖਣ ਦਾ ਸੱਦਾ ਵੀ ਦਿੱਤਾ ਗਿਆ।

ਨੇਤਰਾਂ ਦੀ ਜੋਤ ਜਗਾਉਣ ਲਈ ਲੱਗੇਗਾ ਮੁਫ਼ਤ ਲੈਂਜ਼ ਕੈਂਪ

ਜੈਤੋ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੋਸਾਇਟੀ (ਰਜਿ.) ਵੱਲੋਂ ਮਾਤਾ ਅਮਰ ਕੌਰ ਜੀ ਦੀ ਯਾਦ ਵਿੱਚ 33ਵਾਂ ਮੁਫ਼ਤ ਅੱਖਾਂ ਦਾ ਲੈਂਜ਼ ਕੈਂਪ ਚੈਨਾ ਰੋਡ, ਜੈਤੋ ਸਥਿਤ ਸੋਸਾਇਟੀ ਦੇ ਕੇਂਦਰ ਵਿਖੇ ਲਗਾਇਆ ਜਾਵੇਗਾ।

ਕੈਂਪ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਚੱਲੇਗਾ।

ਪੂਜਨੀਕ ਬ੍ਰਹਮਲੀਨ 108 ਸੰਤ ਬਾਬਾ ਕਰਨੈਲ ਦਾਸ ਜੀ ਜਲਾਲ ਵਾਲਿਆਂ ਦੇ ਆਸ਼ੀਰਵਾਦ ਅਤੇ ਸਵਾਮੀ ਬ੍ਰਹਮ ਮੁਨੀ ਜੀ ਸ਼ਾਸਤਰੀ ਦੀ ਰਹਿਨੁਮਾਈ ਹੇਠ ਲੱਗਣ ਵਾਲੇ ਇਸ ਕੈਂਪ ਲਈ ਵਿਦੇਸ਼ ਵਸਦੇ ਸਹਿਯੋਗੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ. ਦੀਪਕ ਅਰੋੜਾ, ਡਾ. ਭੁਪਿੰਦਰਪਾਲ ਕੌਰ ਅਤੇ ਡਾ. ਮੋਨਿਕਾ ਬਲਿਆਨ ਮਰੀਜ਼ਾਂ ਦੀ ਜਾਂਚ ਕਰਨਗੇ। ਲੋੜਵੰਦ ਮਰੀਜ਼ਾਂ ਦੇ ਮੁਫ਼ਤ ਲੈਂਜ਼ ਪਾਏ ਜਾਣਗੇ।

ਸੋਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਜੀ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਪ੍ਰਭੂ ਦੀ ਸੱਚੀ ਸੇਵਾ ਹੈ। ਉਨ੍ਹਾਂ ਦੱਸਿਆ ਕਿ ਸ਼ੂਗਰ ਅਤੇ ਦਿਲ ਦੇ ਮਰੀਜ਼ਾਂ ਨੂੰ ਸਿਰਫ਼ ਅੱਖਾਂ ਦੀ ਦਵਾਈ ਮੁਫ਼ਤ ਦਿੱਤੀ ਜਾਵੇਗੀ, ਪਰ ਉਨ੍ਹਾਂ ਨੂੰ ਆਪ੍ਰੇਸ਼ਨ ਲਈ ਦਾਖ਼ਲ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਅਪੀਲ ਕੀਤੀ ਕਿ ਮਰੀਜ਼ ਆਪਣੇ ਨਾਲ ਇੱਕ ਵਾਰਸ ਜ਼ਰੂਰ ਲਿਆਉਣ ਅਤੇ ਆਧਾਰ ਕਾਰਡ ਦੀਆਂ ਦੋ ਫੋਟੋ ਕਾਪੀਆਂ ਨਾਲ ਲਿਆਉਣ। ਇਨ੍ਹਾਂ ਤੋਂ ਬਿਨਾਂ ਆਪ੍ਰੇਸ਼ਨ ਨਹੀਂ ਕੀਤਾ ਜਾਵੇਗਾ।

ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਦੇ ਰਹਿਣ ਤੇ ਲੰਗਰ ਦਾ ਪ੍ਰਬੰਧ ਸੋਸਾਇਟੀ ਵੱਲੋਂ ਕੀਤਾ ਜਾਵੇਗਾ।

ਲੋਕ ਮਿਲਣੀ ਲਈ ਸੁਖਬੀਰ ਸਿੰਘ ਪਹੁੰਚ ਰਹੇ ਹਨ ਸਮਾਣਾ : ਜਗਮੀਤ ਹਰਿਆਊ

ਪਟਿਆਲਾ, 31 ਅਕਤੂਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸਮਾਣਾ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ ਨੇ ਦੱਸਿਆ ਕਿ ਹਲਕਾ ਸਮਾਣਾ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਲੋਕ ਮਿਲਣੀ ਸਮਾਗਮ ਵਿਚ ਸਮਾਣਾ ਪਹੁੰਚ ਰਹੇ ਹਨ। ਉਹ ਬਾਅਦ ਦੁਪਿਹਰ 2 ਵਜੇ ਸਮਾਣਾ ਪਹੁੰਚਣਗੇ ਅਤੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ। ਆਮ ਆਦਮੀ ਪਾਰਟੀ ਵਲੋਂ ਠੱਪ ਕੀਤੇ ਗਏ ਵਿਕਾਸ ਕਾਰਜ ਅਤੇ ਲੋਕਾਂ ’ਤੇ ਕੀਤੇ ਜਾ ਰਹੇ ਝੂਠੇ ਪਰਚਿਆਂ ਖਿਲਾਫ ਆਵਾਜ਼ ਬੁਲੰਦ ਕੀਤੀ ਜਾਵੇਗੀ। ਸਮਾਣਾ ਦੇ ਲੋਕ ਸੁਖਬੀਰ ਸਿੰਘ ਬਾਦਲ ਨੂੰ ਆਮ ਆਦਮੀ ਪਾਰਟੀ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਜਾਣਕਾਰੀ ਦੇਣਗੇ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਆਮਦ ਪ੍ਰਤੀ ਸਮਾਣਾ ਦੇ ਲੋਕਾਂ ਵਿਚ ਭਾਰੀ ਉਤਸ਼ਾਹ ਹੈ। ਉਹਨਾਂ ਕਿਹਾ ਕਿ ਆਪ ਸਰਕਾਰ ਖਿਲਾਫ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵੀ ਸਮੇਂ ਸਮੇਂ ਸਿਰ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਦਾ ਰਿਹਾ ਅਤੇ ਹੁਣ ਵੀ ਕਰਦਾ ਰਹੇਗਾ ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਕਾਂਗਰਸ ਅਤੇ ਆਪ ਨੂੰ ਸੂਬੇ ਅੰਦਰੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਚੱਲਦਾ ਕਰਕੇ ਮੁੜ ਤੋਂ ਪੰਜਾਬ ਦੇ ਭਲੇ ਲਈ ਹਰ ਸਮੇਂ ਕੰਮ ਕਰਨ ਵਾਲੀ ਇੱਕੋ ਇੱਕ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਅਤੇ ਪੰਜਾਬ ਦੀ ਵਾਗਡੋਰ ਪਾਰਟੀ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੂੰ ਸੌਂਪਣ ਤਾਂ ਜੋ ਪੰਜਾਬ ਦੇ ਭਲੇ ਦੀ ਗੱਲ ਕੀਤੀ ਜਾ ਸਕੇ ਉਹਨਾਂ ਕਿਹਾ ਕਿ ਹੋਣ ਵਾਲੀ ਲੋਕ ਮਿਲਣੀ ਵਿੱਚ ਜਿਹੜੇ ਲੋਕਾਂ ਦੀਆਂ ਦੁੱਖ ਤਕਲੀਫਾਂ ਹੋਣਗੀਆਂ ਉਹਨਾਂ ਨੂੰ ਹੱਲ ਕਰਵਾਉਣ ਦੇ ਨਾਲ ਨਾਲ ਇੱਕ ਸੂਚੀ ਵੀ ਤਿਆਰ ਕੀਤੀ ਜਾਵੇਗੀ ਤਾਂ ਜੋ 202 ਅੰਦਰ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਉਪਰੰਤ ਇਹਨਾਂ ਮੁਸ਼ਕਿਲਾਂ ਦਾ ਨਿਪਟਾਰਾ ਕਰਾਇਆ ਜਾ ਸਕੇ ਅਤੇ ਲੋਕਾਂ ਨੂੰ ਇਨਸਾਫ ਦਵਾ ਕੇ ਮੁੜ ਪੈਰਾਂ ਸਿਰ ਕੀਤਾ ਜਾ ਸਕੇ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਯੂਥ ਆਗੂ ਅਜੈਬ ਸਿੰਘ ਮੱਲੀ ਨੇ ਕਿਹਾ ਕਿ ਪਾਰਟੀ ਵਿਚ ਸ਼ਾਮਲ ਹੋਣ ਵਾਲੀਆਂ ਸਖਸ਼ੀਅਤਾਂ ਦਾ ਮਾਣ-ਸਤਿਕਾਰ ਜਾਰੀ ਰਹੇਗਾ ਅਤੇ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਹਰ ਸਮੇਂ ਸਮਾਣਾ ਹਲਕੇ ਦੇ ਲੋਕਾਂ ਦੇ ਨਾਲ ਡਟ ਕੇ ਖੜ੍ਹਾ ਹਾਂ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਨੱਸੂਪੁਰ, ਅਜੈਬ ਸਿੰਘ ਮੱਲ੍ਹੀ, ਮਲਕੀਤ ਸਿੰਘ ਲਾਡੀ ਚੀਮਾ ਧਰਮਹੇੜੀ, ਗੋਪਾਲ ਸ਼ਰਮਾ, ਅਮਰਜੀਤ ਸਿੰਘ ਟੋਡਰਪੁਰ, ਨਿਸ਼ਾਨ ਸਿੰਘ ਸੰਧੂ, ਸਤੀਸ਼ ਪੱਪੀ ਆਦਿ ਵੀ ਹਾਜ਼ਰ ਸਨ।

ਬਰਗਾੜੀ ’ਚ ਭਾਜਪਾ ਦੀ ਜਥੇਬੰਦਕ ਤਾਕਤ ਨੂੰ ਮਿਲੀ ਨਵੀਂ ਧਾਰ, ਅਹੁਦੇਦਾਰਾਂ ਨੂੰ ਸੌਂਪੇ ਨਿਯੁਕਤੀ ਪੱਤਰ

ਜੈਤੋ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਮੰਡਲ ਬਰਗਾੜੀ ਵੱਲੋਂ ਮੰਡਲ ਪ੍ਰਧਾਨ ਹਰਮੇਲ ਸਿੰਘ ਚਾਹਲ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਪ੍ਰਧਾਨ ਸੰਦੀਪ ਸਿੰਘ ਸ਼ਨੀ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਮੰਡਲ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ। ਇਹ ਸਮਾਗਮ ਭਾਜਪਾ ਦੇ ਸੀਨੀਅਰ ਆਗੂ ਡਾ. ਬਲਵਿੰਦਰ ਸਿੰਘ ਬਰਗਾੜੀ ਦੇ ਗ੍ਰਹਿ ਵਿਖੇ ਕਰਵਾਇਆ ਗਿਆ।

ਇਸ ਮੌਕੇ ਵਿਸ਼ੇਸ਼ ਤੌਰ ’ਤੇ ਭਾਜਪਾ ਵਿਧਾਨ ਸਭਾ ਹਲਕਾ ਜੈਤੋ ਦੇ ਮੁੱਖ ਸੇਵਾਦਾਰ ਜਸਪਾਲ ਸਿੰਘ ਪੰਜਗਰਾਈਂ ਅਤੇ ਸੀਨੀਅਰ ਆਗੂ ਡਾ. ਬਲਵਿੰਦਰ ਸਿੰਘ ਬਰਗਾੜੀ ਪਹੁੰਚੇ। ਜਸਪਾਲ ਸਿੰਘ ਪੰਜਗਰਾਈਂ ਨੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਬੂਥ ਪੱਧਰ ’ਤੇ ਸਰਗਰਮੀਆਂ ਤੇਜ਼ ਕਰਨੀਆਂ ਜ਼ਰੂਰੀ ਹਨ।

ਉਨ੍ਹਾਂ ਕਿਹਾ ਕਿ ਹਰ ਬੂਥ ’ਤੇ ਦਸ ਮੈਂਬਰਾਂ ਦੀ ਟੀਮ ਬਣਾਉਣ ਦਾ ਟੀਚਾ ਪੂਰਾ ਕੀਤਾ ਜਾਵੇ, ਤਾਂ ਜੋ ਪਾਰਟੀ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਅੱਗੇ ਵਧਾਇਆ ਜਾ ਸਕੇ। ਉਨ੍ਹਾਂ ਮੰਡਲ ਅਹੁਦੇਦਾਰਾਂ ਨੂੰ ਆਪਸੀ ਤਾਲਮੇਲ ਅਤੇ ਸਮਰਪਣ ਨਾਲ ਕੰਮ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਮੰਡਲ ਕਾਰਜਕਾਰਨੀ ਦੀ ਬੈਠਕ ਦੌਰਾਨ ਪਾਰਟੀ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਸਮਾਗਮ ਵਿੱਚ ਆਤਮਾ ਸਿੰਘ ਬਰਗਾੜੀ, ਜੱਗਾ ਸਿੰਘ ਇਸ ਮੌਕੇ ਵਿਸ਼ੇਸ਼ ਤੌਰ ’ਤੇ ਭਾਜਪਾ ਵਿਧਾਨ ਸਭਾ ਹਲਕਾ ਜੈਤੋ ਦੇ ਮੁੱਖ ਸੇਵਾਦਾਰ ਜਸਪਾਲ ਸਿੰਘ ਪੰਜਗਰਾਈਂ ਅਤੇ ਸੀਨੀਅਰ ਆਗੂ ਡਾ. ਬਲਵਿੰਦਰ ਸਿੰਘ ਬਰਗਾੜੀ ਪਹੁੰਚੇ। ਜਸਪਾਲ ਸਿੰਘ ਪੰਜਗਰਾਈਂ ਨੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਦੇ ਬਰਗਾੜੀ, ਜਸਪਾਲ ਸਿੰਘ ਝੱਖੜਵਾਲਾ, ਜਸਵਿੰਦਰ ਕੌਰ ਬਰਗਾੜੀ, ਸੰਤੋਸ਼ ਕੁਮਾਰੀ ਸਮੇਤ ਹੋਰ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ

ਪਟਿਆਲਾ, 31 ਅਕਤੂਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਕੀਤੇ ਗਏ. ਇਸ ਮੌਕੇ ਭਾਈ ਗੁਲਵਿੰਦਰ ਸਿੰਘ ਨੇ ਮੁੱਖਵਾਕ ਲੈਣ ਉਪਰੰਤ ਅਰਦਾਸ ਕੀਤੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ. ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੀ ਪੁੱਜੇ ਹੋਏ ਸਨ. ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ 31 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਹਜ਼ੂਰੀ ਰਾਗੀ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ. ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡੀਸ਼ਨਲ ਇਸ ਮੌਕੇ ਭਾਈ ਗੁਲਵਿੰਦਰ ਸਿੰਘ ਨੇ ਮੁੱਖਵਾਕ ਲੈਣ ਉਪਰੰਤ ਅਰਦਾਸ ਕੀਤੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ. ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੀ ਪੁੱਜੇ ਹੋਏ ਸਨ. ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬ ਮੈਨੇਜਰ ਮਨਦੀਪ ਸਿੰਘ ਭਲਵਾਨ, ਹਜ਼ੂਰ ਸਿੰਘ ਆਦਿ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਆਦਿ ਸ਼ਾਮਲ ਸਨ.

ਖੇਡਾਂ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਦਾ ਸਾਧਨ: ਸੁਖਵੀਰ ਸਿੰਘ

ਓ.ਐਸ.ਡੀ. ਸੁਖਵੀਰ ਸਿੰਘ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ

ਧੂਰੀ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਧੂਰੀ ਹਲਕੇ ਦੇ ਪਿੰਡ ਰੁਲਦੂ ਸਿੰਘ ਵਾਲਾ ਵਿਖੇ ਧੰਨ-ਧੰਨ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਪਹਿਲਾ ਕਬੱਡੀ ਟੂਰਨਾਮੈਂਟ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਇਸ ਖੇਡ ਮੇਲੇ ਵਿੱਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਖੇਡ ਮੁਕਾਬਲਿਆਂ ਦਾ ਆਨੰਦ ਮਾਣਿਆ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ ਅਤੇ ਨੌਜਵਾਨ ਆਗੂ ਗਗਨ ਜਵੰਧਾ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰਬਪੱਖੀ ਵਿਕਾਸ, ਸਰੀਰਕ ਤੰਦਰੁਸਤੀ ਅਤੇ ਅਨੁਸ਼ਾਸਨ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਕਬੱਡੀ ਪੰਜਾਬ ਦੀ ਅਮੀਰ ਵਿਰਾਸਤ ਅਤੇ ਪੇਂਡੂ ਸੱਭਿਆਚਾਰ ਦਾ ਅਹਿਮ ਹਿੱਸਾ ਹੈ, ਜਿਸ ਨੇ ਪੰਜਾਬ ਦੇ ਖਿਡਾਰੀਆਂ ਨੂੰ ਦੇਸ਼-ਵਿਦੇਸ਼ ਵਿੱਚ ਵਿਸ਼ੇਸ਼ ਪਛਾਣ ਦਿਵਾਈ ਹੈ। ਅਜਿਹੇ ਖੇਡ ਟੂਰਨਾਮੈਂਟ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਵਿੱਚ ਟੀਮ ਭਾਵਨਾ, ਮਿਹਨਤ ਅਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਅਤੇ ਆਪਣੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਸੰਗਰੂਰ ਦੇ ਮੈਂਬਰ ਹਰਜਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਪਿੰਡ ਪੱਧਰ 'ਤੇ ਅਜਿਹੇ ਖੇਡ ਮੇਲਿਆਂ ਦਾ ਆਯੋਜਨ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਲਈ ਵਧੀਆ ਮੰਚ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਪੇਂਡੂ ਖੇਤਰਾਂ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਸਾਧਨ ਹਨ।

ਇਹ ਖੇਡ ਮੇਲਾ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ, ਸਮੂਹ ਨਗਰ ਪੰਚਾਇਤ ਅਤੇ ਪਿੰਡ ਰੁਲਦੂ ਸਿੰਘ ਵਾਲਾ ਦੇ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਪੂਰੇ ਜੋਸ਼ ਅਤੇ ਖੇਡ ਭਾਵਨਾ ਨਾਲ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਪਿੰਡ ਵਾਸੀਆਂ ਅਤੇ ਖੇਡ ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਤੇਜ਼ ਵਾਢੀ ਦੇ ਵਿਚਕਾਰ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਧੀਆਂ, ਕਈ ਥਾਵਾਂ ਤੇ ਐਫ ਆਈ ਆਰ ਦਰਜ

ਪਟਿਆਲਾ, 31 ਅਕਤੂਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਅੰਕੜਿਆਂ ਅਨੁਸਾਰ, ਇਸ ਸੀਜ਼ਨ ਵਿੱਚ ਕਿਸਾਨਾਂ ਵਿਰੁੱਧ ਦਰਜ ਐਫ ਆਈ ਆਰਜ਼ ਦੀ ਗਿਣਤੀ ਵਿੱਚ ਲਗਭਗ ਦੋ-ਤਿਹਾਈ ਦੀ ਕਮੀ ਆਈ ਹੈ, ਹਾਲਾਂਕਿ ਝੋਨੇ ਦੀ ਕਟਾਈ ਤੇਜ਼ ਹੋਣ ਦੇ ਬਾਵਜੂਦ ਪੰਜਾਬ ਵਿੱਚ ਸੈਟੇਲਾਈਟ ਦੁਆਰਾ ਖੋਜੇ ਗਏ ਪਰਾਲੀ ਸਾੜਨ ਦੀਆਂ ਘਟਨਾਵਾਂ ਵਧੇਰੇ ਦਰਜ ਕੀਤੀਆਂ ਗਈਆਂ ਹਨ।

21 ਅਕਤੂਬਰ, 2025 ਅਤੇ 21 ਅਕਤੂਬਰ, 2026 ਲਈ ਕਮਿਸ਼ਨ-ਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਸੀਏਕਿਊਐਮ) ਦੇ ਅੰਕੜਿਆਂ ਦੀ ਤੁਲਨਾ ਦਰਸਾਉਂਦੀ ਹੈ ਕਿ ਸੈਟੇਲਾਈਟ-ਖੋਜੀਆਂ ਗਈਆਂ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ 9.4 ਪ੍ਰਤੀਸ਼ਤ ਵਧੀਆਂ ਹਨ, ਜੋ ਕਿ 415 ਤੋਂ 454 ਹੋ ਗਈਆਂ ਹਨ। ਇਸੇ ਸਮੇਂ ਦੌਰਾਨ, ਜਾਨ ਜਾਂ ਨਿੱਜੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੇ ਕੰਮ ਦੁਆਰਾ ਜ਼ਖਮੀ ਕਰਨ ਦੇ ਦੋਸ਼ ਵਿੱਚ ਦਰਜ ਐਫਆਈਆਰ 170 ਤੋਂ ਘਟ ਕੇ 62 ਹੋ ਗਈਆਂ, ਜੋ ਕਿ 63.5 ਦੀ ਗਿਰਾਵਟ ਨਾਲ ਅੰਕੜੇ ਇਕ ਚਿੰਨਿਤ ਦਿਖਾਉਂਦੇ ਹਨ ਲਿਹਾਜਾ ਸੈਟੇਲਾਈਟ ਖੋਜਾਂ ਵਿੱਚ ਵਾਧੇ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਦਰਜ ਕੀਤੇ ਗਏ ਅਪਰਾਧਿਕ ਮਾਮਲਿਆਂ ਵਿੱਚ ਅੰਤਰ। ਜ਼ਮੀਨੀ ਮਾਲੀਆ ਰਿਕਾਰਡਾਂ ਵਿੱਚ ਉਲੰਘਣਾ ਕਰਨ ਵਾਲਿਆਂ ਵਿਰੁੱਧ ਲਾਲ ਮੁਕੱਦਮਾ ਵੀ ਘਟਿਆ ਹੈ, ਜਦੋਂ ਕਿ ਚੇਤਾਵਨੀ ਅਤੇ ਕਾਰਨ ਦੱਸੋ ਨੋਟਿਸਾਂ ਦੀ ਗਿਣਤੀ ਫੀਲਡ-ਪੱਧਰੀ ਨੋਡਲ ਅਧਿਕਾਰੀਆਂ ਨੂੰ ਦਾਇਰ ਕੀਤੀ ਜਾਂਦੀ ਹੈ।

ਪਿਛਲੇ ਸਾਲ 120 ਘਟਨਾਵਾਂ ਦੇ ਮੁਕਾਬਲੇ। ਦੋਵਾਂ ਜ਼ਿਲ੍ਹਿਆਂ ਵਿੱਚ ਰਾਜ ਭਰ ਵਿੱਚ ਦਰਜ 454 ਘਟਨਾਵਾਂ ਵਿੱਚੋਂ 343 ਘਟਨਾਵਾਂ ਹੋਈਆਂ। ਐਫਆਈਆਰਜ਼ ਵਿੱਚ ਇਹ ਗਿਰਾਵਟ ਇਸਦੇ ਨਾਲ ਹੈ ਦੱਸਣਯੋਗ ਹੈ ਕੀ ਜ਼ਮੀਨੀ ਮਾਲੀਆ ਰਿਕਾਰਡਾਂ ਵਿੱਚ ਉਲੰਘਣਾ ਕਰਨ ਵਾਲਿਆਂ ਵਿਰੁੱਧ ਲਾਲ ਐਂਟਰੀਆਂ ਘਟੀਆਂ ਹਨ, ਜਦੋਂ ਕਿ ਫੀਲਡ-ਪੱਧਰੀ ਨੋਡਲ ਅਫਸਰਾਂ ਨੂੰ ਜਾਰੀ ਕੀਤੇ ਗਏ ਚੇਤਾਵਨੀ ਅਤੇ ਕਾਰਨ ਦੱਸੋ ਨੋਟਿਸਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।

ਹਾਲਾਂਕਿ, ਵਾਢੀ ਦੀ ਤੇਜ਼ ਰਫ਼ਤਾਰ ਸੈਟੇਲਾਈਟ-ਖੋਜੀਆਂ ਗਈਆਂ ਅੱਗਾਂ ਵਿੱਚ ਵਾਧੇ ਦੇ ਨਾਲ-ਨਾਲ ਹੋਈ ਹੈ।

ਤਰਨਤਾਰਨ ਸਭ ਤੋਂ ਵੱਡਾ ਹੌਟਸਪੌਟ ਰਿਹਾ, ਜਿੱਥੇ ਪਿਛਲੇ ਸਾਲ ਇਸੇ ਸਮੇਂ ਦੌਰਾਨ 136 ਘਟਨਾਵਾਂ ਦੇ ਮੁਕਾਬਲੇ 218 ਘਟਨਾਵਾਂ ਦਰਜ ਕੀਤੀਆਂ ਗਈਆਂ। ਅੰਮ੍ਰਿਤਸਰ ਵਿੱਚ 125 ਘਟਨਾਵਾਂ ਦਰਜ ਕੀਤੀਆਂ ਗਈਆਂ।

ਉਲੰਘਣਾ ਕਰਨ ਵਾਲਿਆਂ 'ਤੇ ਲਗਾਏ ਗਏ ਵਾਤਾਵਰਣ-ਮੁਆਵਜ਼ੇ ਵਿੱਚ ਗਿਰਾਵਟ ਕਾਰਨ। 21 ਅਕਤੂਬਰ, 2025 ਤੱਕ 189 ਮਾਮਲਿਆਂ ਵਿੱਚ ਸੰਚਤ ਮੁਆਵਜ਼ਾ 9.60 ਲੱਖ ਰੁਪਏ ਤੋਂ ਘੱਟ ਕੇ ਇਸ ਸਾਲ 164 ਮਾਮਲਿਆਂ ਵਿੱਚ 8.30 ਲੱਖ ਰੁਪਏ ਹੋ ਗਿਆ।

ਵਸੂਲੀ ਗਈ ਰਕਮ ਵੀ ਘਟ ਗਈ, ਪਿਛਲੇ ਸਾਲ 6.25 ਲੱਖ ਰੁਪਏ ਤੋਂ ਇਸ ਸਾਲ 4.30 ਲੱਖ ਰੁਪਏ ਰਹਿ ਗਈ। ਜ਼ਮੀਨੀ ਮਾਲੀਆ ਰਿਕਾਰਡਾਂ ਵਿੱਚ ਲਾਲ ਐਂਟਰੀਆਂ 165 ਤੋਂ ਘਟ ਕੇ 130 ਰਹਿ ਗਈਆਂ।

ਫੀਲਡ ਟੀਮਾਂ ਨੇ 21 ਅਕਤੂਬਰ ਤੱਕ ਸੈਟੇਲਾਈਟ ਅਲਰਟ ਤੋਂ ਬਾਅਦ 401 ਥਾਵਾਂ ਦਾ ਨਿਰੀਖਣ ਕੀਤਾ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 347 ਸੀ। ਫਿਰ ਵੀ ਸਰਗਰਮ ਪਰਾਲੀ ਸਾੜਨ ਦੀ ਪੁਸ਼ਟੀ ਸਿਰਫ਼ 168 ਥਾਵਾਂ 'ਤੇ ਹੋਈ, ਜਦੋਂ ਕਿ ਪਿਛਲੇ ਸਾਲ ਇਹ ਗਿਣਤੀ 210 ਸੀ।

ਰਾਜ ਨੇ ਇਸ ਸਾਲ ਫੀਲਡ ਨੋਡਲ ਅਫਸਰਾਂ ਨੂੰ 192 ਚੇਤਾਵਨੀ ਅਤੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 191 ਸੀ। ਦਿੱਤੇ ਗਏ ਅੰਕੜੇ ਦਰਸਾਉਂਦੇ ਹਨ ਕਿ (ਸੀਏਕਿਊਐਮ) ਦੁਆਰਾ ਦੋਵਾਂ ਸਮੇਂ ਦੌਰਾਨ ਅਧਿਕਾਰੀਆਂ ਵਿਰੁੱਧ ਕੋਈ ਚਾਰਜਸ਼ੀਟ, ਮੁਅੱਤਲੀ ਜਾਂ ਮੁਕੱਦਮਾ ਸ਼ੁਰੂ ਨਹੀਂ ਕੀਤਾ ਗਿਆ।

ਵਾਢੀ ਦੇ ਸੀਜ਼ਨ ਦੇ ਅੱਗੇ ਵਧਣ ਦੇ ਨਾਲ-ਨਾਲ ਇਹ ਉਲਟ ਰੁਝਾਨ ਲਾਗੂ ਕਰਨ ਦੀ ਇਕਸਾਰਤਾ ਬਾਰੇ ਸਵਾਲ ਖੜ੍ਹੇ ਕਰਦੇ ਹਨ।

ਇਸ ਸੀਜ਼ਨ ਦੀ ਨਿਗਰਾਨੀ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਸੈਟੇਲਾਈਟ ਅਲਰਟ ਅਤੇ ਭੌਤਿਕ ਤਸਦੀਕ ਵਿਚਕਾਰ ਨਤੀਜੇ ਵਜੋਂ ਪੁਸ਼ਟੀ ਦਰ 2025 ਵਿੱਚ 60.5 ਪ੍ਰਤੀਸ਼ਤ ਤੋਂ ਘਟ ਕੇ 2026 ਵਿੱਚ 41.8 ਪ੍ਰਤੀਸ਼ਤ ਹੋ ਗਈ, ਭਾਵੇਂ ਸੈਟੇਲਾਈਟ ਖੋਜਾਂ ਅਤੇ ਫੀਲਡ ਨਿਰੀਖਣਾਂ ਵਿੱਚ ਵਾਧਾ ਹੋਇਆ।

ਝੋਨੇ ਦੀ ਕਟਾਈ ਅਕਤੂਬਰ ਦੇ ਅਖੀਰ ਤੱਕ ਜਾਰੀ ਰਹਿਣ ਕਾਰਨ, ਪੰਜਾਬ ਸਾਹਮਣੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਤੋਂ ਰੋਕਣ ਦੀ ਚੁਣੌਤੀ ਹੈ।

'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ 350 ਪਰਿਵਾਰਾਂ ਨੂੰ ਮਾਲਕੀ ਦੇ ਸਰਟੀਫਿਕੇਟ ਵੰਡੇ

ਪਾਤੜਾਂ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਹਲਕੇ ਦੇ ਪਿੰਡ ਰਸੌਲੀ ਵਿਖੇ ਪੰਜਾਬ ਸਰਕਾਰ ਦੁਆਰਾ ਚਲਾਈ ਗਈ ਸਕੀਮ 'ਮੇਰਾ ਘਰ ਮੇਰੇ ਨਾਮ ' ਤਹਿਤ 350 ਲੋੜਵੰਦ ਪਰਿਵਾਰਾਂ ਨੂੰ ਮਾਲਕਾਨਾ ਦੇ ਹੱਕ ਦੇਣ ਲਈ ਸਰਟੀਫਿਕੇਟ ਵੰਡੇ ਗਏ । ਇਸ ਮੌਕੇ ਪਿੰਡ ਰਸੌਲੀ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਜਿਸ ਭਰੋਸੇ ਨਾਲ ਉਹਨਾਂ ਨੂੰ ਵਿਧਾਨ ਸਭਾ ਵਿੱਚ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ ਗਿਆ ਹੈ ਉਸ ਭਰੋਸੇ ਨੂੰ ਕਾਇਮ ਰੱਖਦਿਆਂ ਉਹਨਾਂ ਨੇ ਹਲਕਾ ਸੁਤਰਾਣਾ ਦੇ ਮੁੱਖ ਮੁੱਦਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਸਰਕਾਰ ਕੋਲ ਮੁੱਦਾ ਉਠਾਇਆ ਹੈ ਜਿਸ ਵਿੱਚ ਘੱਗਰ ਦੀ ਮਾਰ ਨੂੰ ਠੱਲ੍ਹ ਪਾਉਣ ਲਈ ਉਸਦਾ ਸਥਾਈ ਹੱਲ, ਪਾਤੜਾਂ ਸ਼ਹਿਰ ਨੂੰ ਨਵੀਂ ਅਨਾਜ ਮੰਡੀ , ਜ਼ਿਮੀਦਾਰਾਂ ਭਰਾਵਾਂ ਨੂੰ ਨਹਿਰੀ ਪਾਣੀ , ਹਲਕੇ ਅੰਦਰ ਸੜਕਾਂ ਦਾ ਜਾਲ ਵਿਛਾਉਣਾ ,ਪਿੰਡਾਂ ਦੇ ਨੌਜਵਾਨ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਸਟੇਡੀਅਮ ਆਦਿ ਬਣਾਉਣ ਲਈ ਯਤਨ ਕੀਤੇ ਗਏ ਹਨ । ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਹਲਕਾ ਸੁਤਰਾਣਾ ਅੰਦਰ ਬਹੁਤੇ ਪਰਿਵਾਰਾਂ ਦੇ ਮਕਾਨ ਅਜੇ ਵੀ ਖਸਤਾ ਹਾਲਤ ਵਿੱਚ ਹਨ ਜਿਹਨਾਂ ਨੂੰ ਜਲਦੀ ਹੀ ਪੱਕੇ ਮਕਾਨ ਬਣਾਉਣ ਦੀ ਸਹੂਲਤ ਦਿੱਤੀ ਜਾਵੇਗੀ ਤਾਂ ਜੋ ਪਿੰਡਾਂ ਦੇ ਲੋਕ ਆਪਣੇ ਘਰਾਂ ਨੂੰ ਪੱਕਾ ਕਰ ਸਕਣ । ਇਸ ਮੌਕੇ ਪਿੰਡ ਰਸੌਲੀ ਦੇ ਸਰਪੰਚ ਜਗਸੀਰ ਸਿੰਘ ,ਈਸ਼ਵਰ ਰਾਣਾ ਚੇਅਰਮੈਨ ਰਾਜਪੂਤ ਬੋਰਡ ਹਲਕਾ ਸੁਤਰਾਣਾ , ਜਗਸੀਰ ਸਿੰਘ ਧਾਲੀਵਾਲ ਬਲਾਕ ਪ੍ਰਧਾਨ , ਯੁਵਰਾਜ ਸਿੰਘ ਬਾਠ ,ਨਰਿੰਦਰ ਸਿੰਘ,ਫੌਜੀ ਰਾਮ, ਪੰਕਜ ਸਿੰਘ ,ਸੁਨੀਲ ਕੁਮਾਰ,ਗੁਰਤੇਜ ਸਿੰਘ, ਕਪੂਰ ਚੰਦ ,ਸੰਤੋਖ ਸਿੰਘ ,ਜਸਵੰਤ ਸਿੰਘ ਸੁਰਜੀਤ ਸਿੰਘ ,ਗੁਰਮੀਤ ਸਿੰਘ ,ਹਰਦੀਪ ਸਿੰਘ ,ਨਿਰਮਲ ਸਿੰਘ ,ਗੁਰਪਾਲ ਸਿੰਘ ,ਨਾਜਰ ਸਿੰਘ ,ਨਫ਼ੇ ਸਿੰਘ ,ਜਸਕਰਨ ਸਿੰਘ ,ਮਨਜੀਤ ਸਿੰਘ ,ਦਰਸ਼ਨ ਸਿੰਘ ,ਅਮਰੀਕ ਸਿੰਘ ,ਨਿਰਭੈਅ ਸਿੰਘ ਅਤੇ ਸੁਖਪਾਲ ਸਿੰਘ ਤੋਂ ਸਮੂਹ ਪਿੰਡ ਵਾਸੀ ਹਾਜ਼ਰ ਸਨ ।

ਪਾਤੜਾਂ ਸੰਗਰੂਰ ਰੋਡ ਕੈਂਚੀਆਂ ਵਿਖੇ ਪਟਿਆਲਾ ਰੋਡ ਉੱਪਰ ਟਰੱਕ ਟਰਾਲਾ ਹੋਇਆ ਹਾਦਸਾਗ੍ਰਸਤ

ਪਾਤੜਾਂ, 31 ਅਕਤੂਬਰ
-ਅਮਰਜੀਤ ਸਿੰਘ ਮੂੰਧੜ-
-ਕੌਮੀ ਪੱਤ੍ਰਿਕਾ ਬਿਊਰੋ-

ਪਾਤੜਾਂ ਸ਼ਹਿਰ ਦੇ ਸੰਗਰੂਰ ਰੋਡ ਕੈਂਚੀਆਂ ਵਿਖੇ ਰੋਡ ਉੱਪਰ ਟਰੱਕ ਲਾਉਣ ਕਾਰਨ ਹੋ ਰਹੇ ਸੜਕੀ ਹਾਦਸੇ ਰੁਕਣ ਦਾ ਨਾਮ ਨਹੀਂ ਲੈ ਰਹੇ ਜਿੱਥੇ ਰੇਤ ਦੇ ਭਰੇ ਹੋਏ ਟਰੱਕ ਟਰਾਲੇ ਪਟਿਆਲਾ ਰੋਡ ਉਪਰ ਹਰ ਰੋਜ਼ ਖੜੇ ਰਹਿੰਦੇ ਹਨ ਉਥੇ ਹੁਣ ਤੱਕ ਕਈ ਸੜਕੀ ਹਾਦਸੇ ਵਾਪਰ ਚੁੱਕੇ ਹਨ। ਜਦੋਂ ਕਿ ਇਸ ਸਬੰਧੀ ਲੋਕਾਂ ਨੇ ਪੁਲਿਸ ਨੂੰ ਕਈ ਵਾਰ ਰੋਡ ਉੱਪਰ ਟਰੱਕ ਰੋਕਣ ਲਈ ਸਹਾਇਤਾ ਕੀਤੀਆਂ ਗਈਆਂ ਹਨ ਪਰ ਪਰਨਾਲਾ ਜਿਉਂ ਦਾ ਤਿਉਂ ਹੋਣ ਕਾਰਨ ਅੱਜ ਸਵੇਰ ਸਮੇਂ ਫਿਰ ਇੱਕ ਲੋਡ ਹੋਇਆ ਟਰਾਲਾ ਹਾਦਸੇ ਦਾ ਸ਼ਿਕਾਰ ਹੋ ਗਿਆ ।

ਟਰਾਲੇ ਵਿੱਚ ਭਰਿਆ ਹੋਇਆ ਭਾਰੀ ਸਮਾਨ ਦੁਬਾਰਾ ਦੂਸਰੇ ਟਰਾਲੇ ਵਿੱਚ ਭਰ ਕੇ ਲਿਜਾਣ ਕਾਰਨ ਰੋਡ ਉੱਪਰ ਆਵਾਜਾਈ ਕਾਫੀ ਸਮਾਂ ਪ੍ਰਭਾਵਿਤ ਰਹੀ । ਹੁਣ ਦੇਖਣਾ ਹੋਵੇਗਾ ਕਿ ਸੰਗਰੂਰ ਰੋਡ ਕੈਂਚੀਆਂ ਵਿਖੇ ਪਟਿਆਲਾ ਰੋਡ ਉੱਪਰ ਰੇਤਾ ਬਜਰੀ ਨਾਲ ਭਰੇ ਹੋਏ ਟਰੱਕ ਟਰਾਲੇ ਖੜੇ ਹੋਣ ਕਾਰਨ ਕਿੰਨਾ ਸਮਾਂ ਹੋਰ ਐਸੇ ਤਰ੍ਹਾਂ ਸੜਕੀ ਹਾਥਸਿਆਂ ਨੂੰ ਅੰਜਾਮ ਦਿੰਦੇ ਰਹਿਣਗੇ ਜਾਂ ਕੋਈ ਪੁਲਿਸ ਪ੍ਰਸ਼ਾਸਨ ਵੱਲੋਂ ਇਹਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਂਦੀ ਹੈ।

ਰਾਜਸ੍ਰੀ ਲਾਟਰੀ ਵੱਲੋਂ 100 ਰੁਪਏ ਵਾਲੀ ਨਵੀਂ ਲੈਟਰੀ ਦੀ ਕੀਤੀ ਗਈ ਸ਼ੁਰੂਆਤ

ਮੋਰਿੰਡਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

100 ਰੁਪਏ ਪ੍ਰਤੀ ਮਹੀਨਾ ਦੀ ਰਾਜਸ਼੍ਰੀ ਲਾਟਰੀ ਸ਼੍ਰੀ ਸ਼ਿਆਮ ਲਾਟਰੀ ਏਜੰਸੀ, ਮੋਰਿੰਡਾ ਵਿਖੇ ਸ਼ੁਰੂ ਕੀਤੀ ਗਈ।

ਜਾਣਕਾਰੀ ਦਿੰਦੇ ਹੋਏ ਅਸ਼ੋਕਾ ਲਾਟਰੀ ਏਜੰਸੀ ਦੇ ਮਾਲਿਕ ਰੋਪੜ ਅਤੇ ਪੰਜਾਬ ਲਾਟਰੀ ਆਰਗੇਨਾਈਜ਼ੇਸ਼ਨ ਦੇ ਮੁਖੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਰਾਜਸ਼੍ਰੀ ਲਾਟਰੀ 1980 ਤੋਂ ਗੋਆ ਸਰਕਾਰ ਵੱਲੋਂ ਪੰਜਾਬ ਵਿੱਚ ਲਗਾਤਾਰ ਆਪਣਾ ਕਾਰੋਬਾਰ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ 100 ਰੁਪਏ ਦੀ ਲਾਟਰੀ ਦਾ ਪਹਿਲਾ ਇਨਾਮ 31 ਲੱਖ ਰੁਪਏ ਹੈ, ਜੋ ਕਿ ਵੇਚੀਆਂ ਗਈਆਂ ਟਿਕਟਾਂ ਤੋਂ ਕੱਢਿਆ ਜਾਵੇਗਾ। ਰਾਜਸ਼੍ਰੀ ਲਾਟਰੀ ਨੇ ਕਈ ਲੋਕਾਂ ਨੂੰ ਕਰੋੜਪਤੀ ਬਣਾਇਆ ਹੈ।

ਰਾਜਸ਼੍ਰੀ ਨੇ ਇਹ ਲਾਟਰੀ ਜਨਤਕ ਮੰਗ 'ਤੇ ਸ਼ੁਰੂ ਕੀਤੀ ਹੈ। ਇਸ ਮੌਕੇ ਰਾਜਸ਼੍ਰੀ ਲਾਟਰੀ ਮੈਨੇਜਰ ਰਾਜਕੁਮਾਰ ਵਰਮਾ, ਬਾਲਾਜੀ ਤਿਵਾੜੀ, ਵਿਕਰਮ ਪਾਠਕ, ਵਿਨੋਦ ਤਿਵਾੜੀ, ਸੰਤੋਸ਼ ਪਾਂਡੇ, ਸ਼ੰਭੂ ਪਾਠਕ, ਦੀਪਕ ਮਿਸ਼ਰਾ, ਅਰਵਿੰਦ, ਸੰਜੇ ਤਿਵਾੜੀ ਆਦਿ ਵੀ ਮੌਜੂਦ ਸਨ।

ਹਰਜੋਤ ਸਿੰਘ ਬੈਂਸ ਨੇ ਪਿੰਡ ਮਜ਼ਾਰਾ ਵਿਖੇ ਸ੍ਰੀਮਦ ਭਾਗਵਤ ਕਥਾ ਸਮਾਗਮ ਵਿੱਚ ਕੀਤੀ ਸ਼ਿਰਕਤ

➢ ਮੰਤਰੀ ਨੇ ਸ਼੍ਰੀ ਬਾਬਾ ਬਾਲਕ ਨਾਥ ਮੰਦਿਰ ਵਿਖੇ ਨਤਮਸਤਕ ਹੋ ਕੇ ਕੀਤਾ ਆਸ਼ੀਰਵਾਦ ਪ੍ਰਾਪਤ ➢ਧਾਰਮਿਕ ਸਮਾਗਮ ਸਾਨੂੰ ਆਪਣੇ ਅਮੀਰ ਵਿਰਸੇ ਅਤੇ ਸੰਸਕਾਰਾਂ ਨਾਲ ਜੋੜਦੇ ਹਨ

ਸ੍ਰੀ ਅਨੰਦਪੁਰ ਸਾਹਿਬ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪਿੰਡ ਮਜ਼ਾਰਾ ਵਿਖੇ ਸਥਿਤ ਸ਼੍ਰੀ ਬਾਬਾ ਬਾਲਕ ਨਾਥ ਮੰਦਿਰ ਵਿਖੇ ਕਰਵਾਏ ਜਾ ਰਹੇ ਸ੍ਰੀਮਦ ਭਾਗਵਤ ਕਥਾ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਮੰਦਿਰ ਵਿਖੇ ਨਤਮਸਤਕ ਹੋ ਕੇ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਧਾਰਮਿਕ ਮਾਹੌਲ ਵਿੱਚ ਕਰਵਾਏ ਗਏ ਇਸ ਸਮਾਗਮ ਦੌਰਾਨ ਸ਼ਰਧਾਲੂਆਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਅਤੇ ਸੰਗਤਾਂ ਨਾਲ ਸਮਾਂ ਬਿਤਾਇਆ।

ਇਸ ਮੌਕੇ ਸ੍ਰੀਮਦ ਭਾਗਵਤ ਕਥਾ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਇਹ ਸੰਦੇਸ਼ ਉਭਰ ਕੇ ਸਾਹਮਣੇ ਆਇਆ ਕਿ ਧਾਰਮਿਕ ਕਥਾਵਾਂ ਮਨੁੱਖ ਨੂੰ ਸੱਚਾਈ, ਨੇਕੀ, ਸੇਵਾ ਅਤੇ ਆਪਸੀ ਸਦਭਾਵਨਾ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦੀਆਂ ਹਨ। ਅਜਿਹੇ ਸਮਾਗਮ ਮਨੁੱਖ ਨੂੰ ਆਪਣੇ ਜੀਵਨ ਵਿੱਚ ਚੰਗੇ ਆਚਰਣ ਨੂੰ ਅਪਣਾਉਣ ਅਤੇ ਸਮਾਜ ਵਿੱਚ ਪਿਆਰ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਸੁਨੇਹਾ ਦਿੰਦੇ ਹਨ। ਧਾਰਮਿਕ ਸਮਾਗਮਾਂ ਰਾਹੀਂ ਲੋਕਾਂ ਨੂੰ ਅਧਿਆਤਮਿਕ ਵਿਚਾਰਾਂ ਨਾਲ ਜੁੜਨ ਦਾ ਮੌਕਾ ਮਿਲਦਾ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਇਸ ਸਮਾਗਮ ਵਿੱਚ ਸ਼ਮੂਲੀਅਤ ਨੂੰ ਇਲਾਕੇ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਨਾਲ ਜੁੜਨ ਦੇ ਉਪਰਾਲੇ ਵਜੋਂ ਦੇਖਿਆ ਗਿਆ। ਪੰਜਾਬ ਦੀ ਧਰਤੀ ਗੁਰੂਆਂ, ਸੰਤਾਂ, ਮਹਾਂਪੁਰਖਾਂ ਅਤੇ ਪੀਰਾਂ ਦੀ ਧਰਤੀ ਹੈ, ਜਿੱਥੇ ਵੱਖ-ਵੱਖ ਧਾਰਮਿਕ ਸਮਾਗਮਾਂ ਰਾਹੀਂ ਲੋਕਾਂ ਨੂੰ ਸੇਵਾ, ਨਿਮਰਤਾ, ਸੱਚਾਈ ਅਤੇ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਅਜਿਹੇ ਸਮਾਗਮ ਸਮਾਜ ਵਿੱਚ ਆਪਸੀ ਸਤਿਕਾਰ ਅਤੇ ਸਾਂਝ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ।

ਪਿੰਡ ਮਜ਼ਾਰਾ ਵਿਖੇ ਸਥਿਤ ਸ਼੍ਰੀ ਬਾਬਾ ਬਾਲਕ ਨਾਥ ਮੰਦਿਰ ਸ਼ਰਧਾਲੂਆਂ ਦੀ ਆਸਥਾ ਦਾ ਕੇਂਦਰ ਹੈ। ਇੱਥੇ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਵਿੱਚ ਸ਼ਰਧਾਲੂ ਵੱਡੀ ਸ਼ਰਧਾ ਨਾਲ ਸ਼ਾਮਲ ਹੁੰਦੇ ਹਨ ਅਤੇ ਧਾਰਮਿਕ ਕਥਾਵਾਂ ਦਾ ਸਰਵਣ ਕਰਦੇ ਹਨ। ਸ੍ਰੀਮਦ ਭਾਗਵਤ ਕਥਾ ਵਰਗੇ ਸਮਾਗਮ ਲੋਕਾਂ ਨੂੰ ਅਧਿਆਤਮਿਕਤਾ ਨਾਲ ਜੋੜਨ ਦੇ ਨਾਲ-ਨਾਲ ਪਰਿਵਾਰਕ ਅਤੇ ਸਮਾਜਿਕ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ। ਇਸ ਮੌਕੇ ਕੈਬਨਿਟ ਮੰਤਰੀ ਨੇ ਮੰਦਿਰ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕੀਤੀ।

ਆਮ ਆਦਮੀ ਕਲੀਨਿਕ ਲੋਕਾਂ ਦੀਆਂ ਬਰੂਹਾਂ ਤੱਕ ਮਿਆਰੀ ਸਿਹਤ ਸਹੂਲਤਾਂ ਦੇਣ ਵਿੱਚ ਹੋਏ ਸਹਾਈ ਸਿੱਧ

ਸ੍ਰੀ ਅਨੰਦਪੁਰ ਸਾਹਿਬ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਲੋਕਾਂ ਨੂੰ ਮੁਫਤ ਮਿਆਰੀ ਸਿਹਤ ਸਹੂਲਤ ਘਰਾਂ ਨੇੜੇ ਬਰੂਹਾਂ ਤੱਕ ਪਹੁੰਚਾਉਣ ਲਈ ਖੋਲ੍ਹੇ ਆਮ ਆਦਮੀ ਕਲੀਨਿਕ ਸਫਲਤਾਪੂਰਵਕ ਸੇਵਾਵਾ ਦੇ ਰਹੇ ਹਨ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਮਿਲ ਰਹੀਆਂ ਸਿਹਤ ਸਹੂਲਤਾਂ ਦੇ ਆਂਕੜੇ ਪ੍ਰਭਾਵਿਤ ਕਰਨ ਵਾਲੇ ਹਨ, ਜਿੱਥੇ ਮਰੀਜ਼ ਮੁਫਤ ਇਲਾਜ, ਟੈਸਟ ਤੇ ਦਵਾਈਆਂ ਦੀ ਸਹੂਲਤ ਲੈ ਕੇ ਤੰਦਰੁਸਤ ਹੋ ਘਰ ਪਰਤ ਰਹੇ ਹਨ।

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਵੱਲੋਂ ਇਨ੍ਹਾਂ ਕਲੀਨਿਕਾਂ ਦੀ ਲਗਾਤਾਰ ਮੋਨੀਟਰਿੰਗ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਢੇਰ ਵਿੱਚ ਆਮ ਆਦਮੀ ਕਲੀਨਿਕ ਤੋਂ ਹੁਣ ਤੱਕ ਹਜ਼ਾਰਾਂ ਮਰੀਜ਼ ਮੁਫਤ ਇਲਾਜ ਦੀ ਸਹੂਲਤ ਲੈ ਚੁੱਕੇ ਹਨ, ਇਸ ਕਲੀਨਿਕ ਵਿੱਚ 102 ਤਰਾਂ ਦੀਆ ਦਵਾਈਆ ਤੇ 47 ਤਰਾਂ ਦੇ ਟੈਸਟ ਮੁਫਤ ਕੀਤੇ ਜਾ ਰਹੇ ਹਨ। ਇਸੇ ਤਰਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਜਾਰੀ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਨੇੜੇ ਖੋਲੇ ਆਮ ਆਦਮੀ ਕਲੀਨਿਕ ਵਿੱਚ ਹੁਣ ਤੱਕ ਸੈਂਕੜੇ ਮਰੀਜ਼ਾਂ ਦਾ ਮੁਫਤ ਇਲਾਜ ਹੋਇਆ ਹੈ। ਜਿਸ ਵਿੱਚ ਮੁਫਤ ਟੈਸਟ ਤੇ ਮੁਫਤ ਦਵਾਈਆਂ ਦੀ ਸਹੂਲਤ ਮਿਲ ਰਹੀ ਹੈ। ਢੇਰ ਵਿਖੇ ਤੈਨਾਤ ਡਾਕਟਰ ਨੇ ਦੱਸਿਆ ਕਿ ਰੋਜ਼ਾਨਾ ਮਰੀਜ਼ ਇੱਥੇ ਇਲਾਜ ਕਰਵਾਉਣ ਲਈ ਆਉਦੇ ਹਨ, ਸਰਕਾਰ ਵੱਲੋਂ ਸਾਰੀ ਸਹੂਲਤ ਮੁਫਤ ਉਪਲੱਬਧ ਕਰਵਾਈ ਗਈ ਹੈ। ਆਮ ਲੋਕ ਤੰਦਰੁਸਤ ਹੋ ਘਰਾਂ ਨੂੰ ਪਰਤ ਰਹੇ ਹਨ,ਮਜਾਰੀ ਆਮ ਆਦਮੀ ਕਲੀਨਿਕ ਦੇ ਇੰਚਾਰਜ ਡਾ.ਇਬਾਦਤ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਵਿੱਚ ਆਉਣ ਵਾਲੇ ਮਰੀਜ਼ਾ ਦੇ ਸਾਰੇ ਵੇਰਵੇ ਇਕੱਤਰਿਤ ਕੀਤੇ ਜਾਂਦੇ ਹਨ, ਅਜਿਹਾ ਸਰਕਾਰ ਵੱਲੋਂ ਜਾਣਕਾਰੀ ਇਕੱਤਰਿਤ ਕਰਨ ਦੇ ਮੰਤਵ ਨਾਲ ਕੀਤਾ ਜਾ ਰਿਹਾ ਹੈ ਤਾਂ ਕਿ ਹਰ ਖੇਤਰ ਵਿੱਚ ਕਿਸ ਤਰਾਂ ਤੇ ਮਰੀਜ ਤੇ ਰੋਗ ਵਧੇਰੇ ਹਨ।

ਬਠਿੰਡਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ 2.66 ਲੱਖ ਮੀਟ੍ਰਿਕ ਟਨ ਤੋਂ ਪਾਰ

ਬਠਿੰਡਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 45489 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਤਹਿਤ ਕੁੱਲ ਆਮਦ 2,66,001 ਮੀਟ੍ਰਿਕ ਟਨ ਹੋ ਗਈ ਹੈ। ਜ਼ਿਲ੍ਹੇ ਵਿੱਚ ਝੋਨੇ ਦੀ ਸਰਕਾਰੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਜਾਰੀ ਹੈ ਅਤੇ ਖਰੀਦ ਏਜੰਸੀਆਂ ਵੱਲੋਂ ਝੋਨੇ ਦੀ ਖਰੀਦ ਵਿੱਚ ਆਪਣੀ ਭੂਮਿਕਾ ਨਿਭਾਈ ਜਾ ਰਹੀ ਹੈ। ਰਿਪੋਰਟ ਅਨੁਸਾਰ ਪਨਗ੍ਰੇਨ ਵੱਲੋਂ 1,01, 244 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 44,866 ਮੀਟ੍ਰਿਕ ਟਨ, ਪਨਸਪ ਵੱਲੋਂ 51,199 ਮੀਟ੍ਰਿਕ ਟਨ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ 29,441 ਮੀਟ੍ਰਿਕ ਟਨ ਝੋਨੇ ਦੀ ਕੁੱਲ ਖਰੀਦ ਕੀਤੀ ਗਈ ਹੈ।

ਏਸ਼ੀਅਨ ਪੈਰਾ ਖੇਡਾਂ 'ਚ ਭਾਰਤ ਦੀ ਤੀਹਰੀ ਜਿੱਤ, ਮਾਲੇਰਕੋਟਲਾ ਦੇ ਮੁਹੰਮਦ ਯਾਸਰ ਨੇ ਚਾਂਦੀ ਦਾ ਤਗਮਾ ਜਿੱਤ ਕੇ ਰਚਿਆ ਮਾਣਮੱਤਾ ਇਤਿਹਾਸ: ਵਿਰਾਜ ਐਸ. ਤਿੜਕੇ

ਮਲੇਰਕੋਟਲਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਾਪਾਨ ਦੇ ਆਈਚੀ-ਨਾਗੋਯਾ ਵਿਖੇ ਪਿਛਲੇ ਦਿਨੀਂ ਹੋਈਆਂ ਪੰਜਵੀਆਂ ਏਸ਼ੀਅਨ ਪੈਰਾ ਖੇਡਾਂ-2026 ਵਿੱਚ ਭਾਰਤੀ ਖਿਡਾਰੀਆਂ ਨੇ ਪੁਰਸ਼ਾਂ ਦੇ ਸ਼ਾਟਪੁੱਟ ਐੱਫ-46 ਮੁਕਾਬਲੇ ਵਿੱਚ ਸੋਨੇ, ਚਾਂਦੀ ਅਤੇ ਕਾਂਸੀ ਦੇ ਤਿੰਨੇ ਤਗਮੇ ਜਿੱਤ ਕੇ ਦੇਸ਼ ਨੂੰ ਮਾਣਮੱਤੀ ਪ੍ਰਾਪਤੀ ਦਿਵਾਈ ਹੈ।

ਇਸ ਸ਼ਾਨਦਾਰ ਜਿੱਤ ਵਿੱਚ ਮਾਲੇਰਕੋਟਲਾ ਜ਼ਿਲ੍ਹੇ ਦੇ ਅਮਰਗੜ੍ਹ ਨਾਲ ਸਬੰਧਤ ਮੁਹੰਮਦ ਯਾਸਰ ਨੇ 15.06 ਮੀਟਰ ਗੋਲਾ ਸੁੱਟ ਕੇ ਚਾਂਦੀ ਦਾ ਤਗਮਾ ਜਿੱਤਿਆ। ਇਸ ਇਤਿਹਾਸਕ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਮੁਹੰਮਦ ਯਾਸਰ, ਉਸ ਦੇ ਪਰਿਵਾਰ ਅਤੇ ਕੋਚ ਨੂੰ ਦਿਲੀ ਮੁਬਾਰਕਬਾਦ ਦਿੱਤੀ।

ਉਨ੍ਹਾਂ ਦੱਸਿਆ ਕਿ ਇਸੇ ਮੁਕਾਬਲੇ ਵਿੱਚ ਸਚਿਨ ਖਿਲਾਰੀ ਨੇ ਆਪਣੀ ਆਖਰੀ ਕੋਸ਼ਿਸ਼ ਵਿੱਚ 15.87 ਮੀਟਰ ਗੋਲਾ ਸੁੱਟ ਕੇ ਨਵਾਂ ਗੇਮਜ਼ ਰਿਕਾਰਡ ਬਣਾਉਂਦਿਆਂ ਸੋਨ ਤਗਮਾ ਜਿੱਤਿਆ, ਜਦਕਿ ਮੁਹੰਮਦ ਯਾਸਰ ਨੇ 15.06 ਮੀਟਰ ਨਾਲ ਚਾਂਦੀ ਅਤੇ ਪ੍ਰਵੀਨ ਨੇ 14.94 ਮੀਟਰ ਨਾਲ ਕਾਂਸੀ ਦਾ ਤਗਮਾ ਹਾਸਲ ਕੀਤਾ। ਇਸ ਤਰ੍ਹਾਂ ਜੇਤੂ ਮੰਚ ਦੇ ਤਿੰਨੋਂ ਸਥਾਨਾਂ 'ਤੇ ਭਾਰਤੀ ਖਿਡਾਰੀਆਂ ਦਾ ਕਬਜ਼ਾ ਰਿਹਾ।

ਵਿਰਾਜ ਐਸ.ਤਿੜਕੇ ਨੇ ਕਿਹਾ ਕਿ ਜਦੋਂ ਕੌਮਾਂਤਰੀ ਖੇਡ ਮੰਚ 'ਤੇ ਤਿੰਨੋਂ ਤਗਮੇ ਭਾਰਤ ਦੇ ਹਿੱਸੇ ਆਉਣ ਅਤੇ ਉਨ੍ਹਾਂ ਵਿੱਚ ਮਾਲੇਰਕੋਟਲਾ ਦਾ ਨੌਜਵਾਨ ਵੀ ਸ਼ਾਮਲ ਹੋਵੇ, ਤਾਂ ਇਹ ਖੁਸ਼ੀ ਸ਼ਬਦਾਂ ਵਿੱਚ ਬਿਆਨ ਕਰਨੀ ਮੁਸ਼ਕਲ ਹੈ।

ਉਨ੍ਹਾਂ ਕਿਹਾ ਕਿ ਬਚਪਨ ਵਿੱਚ ਵਾਪਰੇ ਹਾਦਸੇ ਤੋਂ ਬਾਅਦ ਵੀ ਮੁਹੰਮਦ ਯਾਸਰ ਨੇ ਆਪਣੇ ਸੁਪਨਿਆਂ ਦਾ ਪਿੱਛਾ ਨਹੀਂ ਛੱਡਿਆ। ਸਾਲ 2018 ਦੀਆਂ ਏਸ਼ੀਅਨ ਪੈਰਾ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਉਪਰੰਤ ਹੁਣ ਚਾਂਦੀ ਦਾ ਤਗਮਾ ਹਾਸਲ ਕਰਨਾ ਉਸ ਦੀ ਲਗਾਤਾਰ ਮਿਹਨਤ ਅਤੇ ਬੁਲੰਦ ਹੌਸਲੇ ਦਾ ਪ੍ਰਮਾਣ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵੱਲੋਂ ਵੀ ਮੁਹੰਮਦ ਯਾਸਰ ਨੂੰ ਵਧਾਈ ਦੇਣਾ ਸਮੁੱਚੇ ਜ਼ਿਲ੍ਹੇ ਲਈ ਵਿਸ਼ੇਸ਼ ਮਾਣ ਵਾਲੀ ਗੱਲ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣ। ਉਨ੍ਹਾਂ ਕਿਹਾ ਕਿ ਨਸ਼ੇ ਨੌਜਵਾਨੀ ਦੀ ਸਮਰੱਥਾ ਨੂੰ ਕਮਜ਼ੋਰ ਕਰਦੇ ਹਨ, ਜਦਕਿ ਖੇਡਾਂ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਜਜ਼ਬਾ ਪੈਦਾ ਕਰਦੀਆਂ ਹਨ।

ਤਿੜਕੇ ਨੇ ਕਿਹਾ ਕਿ ਮਾਲੇਰਕੋਟਲਾ ਦੀ ਨੌਜਵਾਨੀ ਦੀ ਅਸਲ ਪਛਾਣ ਨਸ਼ਿਆਂ ਨਾਲ ਨਹੀਂ, ਸਗੋਂ ਖੇਡ ਮੈਦਾਨਾਂ ਵਿੱਚ ਜਿੱਤੇ ਤਗਮਿਆਂ ਅਤੇ ਬੁਲੰਦ ਹੌਸਲਿਆਂ ਨਾਲ ਬਣਨੀ ਚਾਹੀਦੀ ਹੈ। ਉਨ੍ਹਾਂ ਮੁਹੰਮਦ ਯਾਸਰ ਦੇ ਕੋਚ ਹਰਮਿੰਦਰਪਾਲ ਸਿੰਘ ਘੁੰਮਣ ਅਤੇ ਪਿਤਾ ਸੌਦਾਗਰ ਖ਼ਾਨ ਸਮੇਤ ਸਮੁੱਚੇ ਪਰਿਵਾਰ ਦੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਜਿੱਤ ਮਾਪਿਆਂ ਦੇ ਵਿਸ਼ਵਾਸ, ਕੋਚ ਦੀ ਅਗਵਾਈ ਅਤੇ ਖਿਡਾਰੀ ਦੀ ਅਣਥੱਕ ਮਿਹਨਤ ਦਾ ਸਾਂਝਾ ਨਤੀਜਾ ਹੈ।

ਉਨ੍ਹਾਂ ਯਾਸਰ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਮੁਹੰਮਦ ਯਾਸਰ ਦੀ ਕਹਾਣੀ ਸਿਰਫ਼ ਤਗਮਾ ਜਿੱਤਣ ਦੀ ਨਹੀਂ, ਸਗੋਂ ਮੁਸ਼ਕਲਾਂ ਨੂੰ ਮਾਤ ਦੇ ਕੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦੀ ਕਹਾਣੀ ਹੈ।

ਜਾਖੜ ਵੱਲੋਂ ਪੰਜਾਬ ਸਰਕਾਰ ਨੂੰ ਨਸ਼ਿਆਂ ਸਬੰਧੀ ਸਰਵੇ ਰਿਪੋਰਟ ਜਨਤਕ ਕਰਨ ਦੀ ਚੁਣੌਤੀ

ਸੀਬੀਆਈ ਨੂੰ ਜਾਂਚ ਦੀ ਸ਼ੁਰੂਆਤ ਦਵਾਈਆਂ ਦੀਆਂ ਦੁਕਾਨਾਂ ਦੀ ਬਜਾਏ ਡਰੱਗ ਕੰਟਰੋਲਰ ਦੇ ਦਫ਼ਤਰ ਤੋਂ ਕਰਨ ਦੀ ਅਪੀਲ; ਹੈਰੀ ਅਤੇ ਕਰਮ ਸਿੰਘ ਨਾਲ ਸਬੰਧਤ ਮਾਮਲਿਆਂ ਦੀ ਐਨਆਈਏ ਜਾਂਚ ਦੀ ਮੰਗ



ਚੰਡੀਗੜ੍ਹ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਸਰਕਾਰ ਨੂੰ ਸੂਬੇ ਭਰ ਵਿੱਚ ਕਰਵਾਏ ਗਏ ਨਸ਼ਿਆਂ ਸਬੰਧੀ ਸਰਵੇ ਦੀ ਰਿਪੋਰਟ ਜਨਤਕ ਕਰਨ ਦੀ ਚੁਣੌਤੀ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦਾ ਅਸਲ ਉਦੇਸ਼ ਪੰਜਾਬ ਦੇ ਨਸ਼ਿਆਂ ਦੇ ਕਾਰੋਬਾਰ ਦਾ ਵਪਾਰਕ ਨਜ਼ਰੀਏ ਤੋਂ ਅਧਿਐਨ ਕਰਨਾ ਸੀ, ਤਾਂ ਜੋ ਇਸ ਗੈਰਕਾਨੂੰਨੀ ਧੰਦੇ 'ਤੇ ਕਬਜ਼ਾ ਕਰਕੇ ਵੱਧ ਤੋਂ ਵੱਧ ਕਮਾਈ ਕੀਤੀ ਜਾ ਸਕੇ।

ਇਹਨਾਂ ਗੱਲਾਂ ਦਾ ਪ੍ਰਗਟਾਵਾ ਸੁਨੀਲ ਜਾਖੜ ਨੇ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਡਰੱਗ ਸਰਵੇ ਕਰਾਉਣ ਲਈ 250 ਕਰੋੜ ਰੁਪਏ ਖਰਚ ਕੀਤੇ ਅਤੇ 28,000 ਮੁਲਾਜ਼ਮ ਤਾਇਨਾਤ ਕੀਤੇ। ਇਸ ਪ੍ਰਕਿਰਿਆ ਦੌਰਾਨ 65 ਲੱਖ ਪਰਿਵਾਰਾਂ ਨੂੰ ਜ਼ਲੀਲ ਕੀਤਾ ਗਿਆ, ਪਰ ਸਰਵੇ ਦੀ ਰਿਪੋਰਟ ਦਾ ਕਿਧਰੇ ਕੋਈ ਪਤਾ ਨਹੀਂ ਹੈ। ਉਨ੍ਹਾਂ ਸਵਾਲ ਕੀਤਾ, ਰਿਪੋਰਟ ਕਿੱਥੇ ਹੈ?

ਉਨ੍ਹਾਂ ਦੋਸ਼ ਲਾਇਆ ਕਿ ਸਰਵੇ ਦਾ ਉਦੇਸ਼ ਨਾ ਤਾਂ ਪੰਜਾਬ ਦਾ ਭਲਾ ਕਰਨਾ ਸੀ ਅਤੇ ਨਾ ਹੀ ਇਸ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ, ਸਗੋਂ ਸੂਬੇ ਦਾ ਅਕਸ ਖ਼ਰਾਬ ਕਰਨਾ ਅਤੇ ਨਸ਼ਿਆਂ ਦੇ ਕਾਰੋਬਾਰ ਦੀ ਕਾਰਜਪ੍ਰਣਾਲੀ ਨੂੰ ਯੋਜਨਾਬੱਧ ਢੰਗ ਨਾਲ ਸਮਝਣਾ ਸੀ, ਤਾਂ ਜੋ ਇਸ ਦੀ ਪੂਰੀ ਸਪਲਾਈ ਲੜੀ—ਖ਼ਰੀਦ ਤੋਂ ਵੰਡ ਤੱਕ ਅਤੇ ਪੰਜਾਬ ਵਿੱਚ ਨਸ਼ਾ ਦਾਖ਼ਲ ਹੋਣ ਤੋਂ ਲੈ ਕੇ ਉਸ ਦੀ ਅੰਤਿਮ ਵਿਕਰੀ ਤੱਕ—'ਤੇ ਕਬਜ਼ਾ ਕੀਤਾ ਜਾ ਸਕੇ।

ਸ੍ਰੀ ਜਾਖੜ ਨੇ ਕਿਹਾ ਕਿ ਜੇ ਮੁੱਖ ਮੰਤਰੀ ਆਪਣੇ ਦਾਅਵੇ ਅਨੁਸਾਰ ਪਿੰਡਾਂ ਵਿੱਚ ਗਏ ਹੁੰਦੇ, ਤਾਂ ਸਰਵੇ ਦੀ ਕੋਈ ਲੋੜ ਹੀ ਨਾ ਪੈਂਦੀ, ਕਿਉਂਕਿ ਲੋਕ ਖ਼ੁਦ ਉਨ੍ਹਾਂ ਨੂੰ ਹਾਲਾਤ ਦੱਸ ਦਿੰਦੇ। ਇਸ ਦੀ ਬਜਾਏ, ਉਨ੍ਹਾਂ ਦੋਸ਼ ਲਾਇਆ ਕਿ ਇਸ ਕਵਾਇਦ ਨੂੰ ਇੱਕ ਵਪਾਰਕ ਮਾਡਲ ਤਿਆਰ ਕਰਨ ਲਈ ਵਰਤਿਆ ਗਿਆ। ਉਨ੍ਹਾਂ ਕਿਹਾ ਕਿ 2023 ਵਿੱਚ ਥਾਣਾ ਨਥਾਣਾ ਦੀ ਪੁਲੀਸ ਨੇ ਚਾਰ ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ। ਜਾਂਚ ਦੌਰਾਨ ਫ਼ਿਰੋਜ਼ਪੁਰ ਜੇਲ੍ਹ ਵਿੱਚ ਬੰਦ ਹੈਰੀ ਮੁੱਖ ਮੁਲਜ਼ਮ ਵਜੋਂ ਸਾਹਮਣੇ ਆਇਆ ਸੀ।

ਜਾਖੜ ਅਨੁਸਾਰ, ਅਬੋਹਰ ਦੇ ਇੱਕ ਬਹੁਚਰਚਿਤ ਕਤਲ ਕੇਸ ਵਿੱਚ ਹੈਰੀ ਨੂੰ 20 ਸਾਲ ਦੀ ਸਜ਼ਾ ਹੋਈ ਸੀ ਅਤੇ ਉਸ ਖ਼ਿਲਾਫ਼ ਸੱਤ ਹੋਰ ਮਾਮਲੇ ਵੀ ਸਨ। ਜਨਵਰੀ 2024 ਵਿੱਚ ਫ਼ਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲੀਸ ਕਪਤਾਨ ਰਾਹੀਂ ਹੈਰੀ ਨੂੰ ਪੈਰੋਲ ਦਿਵਾਉਣ ਵਿੱਚ ਮਦਦ ਕੀਤੀ, ਜਿਸ ਤੋਂ ਬਾਅਦ ਉਹ ਫ਼ਰਾਰ ਹੋ ਕੇ ਦੁਬਈ ਪਹੁੰਚ ਗਿਆ।

ਉਨ੍ਹਾਂ ਦਾਅਵਾ ਕੀਤਾ ਕਿ ਹੈਰੀ ਹੁਣ ਅਬੋਹਰ ਤੋਂ ਲੁਧਿਆਣਾ ਤੱਕ ਨਸ਼ਾ ਤਸਕਰੀ ਅਤੇ ਫਿਰੌਤੀ ਦਾ ਨੈੱਟਵਰਕ ਚਲਾ ਰਿਹਾ ਹੈ, ਜਦਕਿ ਪੁਲਿਸ ਨੇ ਉਸ ਦੀ ਫਾਈਲ ਬੰਦ ਕਰ ਦਿੱਤੀ ਹੈ। ਜਦੋਂ ਕਿ ਦੂਜੇ ਪਾਸੇ ਕੁੱਝ ਦਿਨ ਪਹਿਲਾਂ ਬਾਜ਼ ਐਂਟੀ-ਡਰੋਨ ਪ੍ਰਣਾਲੀ ਨਾਲ ਜੁੜੇ ਕਾਂਸਟੇਬਲ ਕਰਮ ਸਿੰਘ ਕੋਲੋਂ 25 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ ਸੀ ਅਤੇ ਉਸ ਨੇ 24 ਹੋਰ ਖੇਪਾਂ ਦਾ ਪ੍ਰਬੰਧ ਕਰਨ ਦੀ ਗੱਲ ਵੀ ਮੰਨੀ ਸੀ। ਜਾਖੜ ਨੇ ਸਵਾਲ ਕੀਤਾ ਕਿ ਕੀ ਕਾਂਸਟੇਬਲ ਨੇ ਇਹ ਸਭ ਕੁਝ ਇਕੱਲਿਆਂ ਕੀਤਾ ਸੀ ਜਾਂ ਇਸ ਵਿੱਚ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ।

ਉਨ੍ਹਾਂ ਸਰਹੱਦੀ ਖੇਤਰ ਵਿੱਚ ਕਥਿਤ ਤੌਰ 'ਤੇ ਆਮ ਆਦਮੀ ਪਾਰਟੀ ਨਾਲ ਜੁੜੇ ਸਰਪੰਚਾਂ ਅਤੇ ਆਗੂਆਂ ਕੋਲੋਂ ਨਾਰਕੋਟਿਕਸ ਬਿਊਰੋ ਵੱਲੋਂ ਕੀਤੀਆਂ ਨਸ਼ਿਆਂ ਦੀਆਂ ਬਰਾਮਦਗੀਆਂ ਦੇ ਵੇਰਵੇ ਵੀ ਜਨਤਕ ਕੀਤੇ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕੜੀਆਂ ਦਰਸਾਉਂਦੀਆਂ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਖ਼ਰੀਦ, ਢੋਆ-ਢੁਆਈ ਅਤੇ ਵਿਕਰੀ 'ਤੇ ਪਾਰਟੀ ਨਾਲ ਜੁੜੇ ਲੋਕਾਂ ਦਾ ਕੰਟਰੋਲ ਸੀ।

ਜਾਖੜ ਨੇ ਕਿਹਾ ਕਿ ਇਹ ਮਾਮਲੇ ਇੱਕ ਵਿਕਸਿਤ ਕੀਤੇ ਜਾ ਰਹੇ ਵਪਾਰਕ ਮਾਡਲ ਤਹਿਤ ਚੱਲ ਰਹੇ ਵੱਡੇ ਨੈੱਟਵਰਕ ਵੱਲ ਇਸ਼ਾਰਾ ਕਰਦੇ ਹਨ। ਉਨ੍ਹਾਂ ਟਿੱਪਣੀ ਕੀਤੀ ਕਿ ਅੱਜ ਪੰਜਾਬ ਵਿੱਚ ਸਿਰਫ਼ ਗੈਂਗਸਟਰ ਅਤੇ ਅਪਰਾਧੀ ਹੀ ਸੁਰੱਖਿਅਤ ਹਨ। ਉਪਰੋਕਤ ਮਾਮਲਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿੱਚ ਬੰਦ ਲੋਕ ਵੀ ਨਸ਼ਿਆਂ ਅਤੇ ਹਥਿਆਰਾਂ ਦਾ ਕਾਰੋਬਾਰ ਚਲਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਡਰੋਨ ਰੂਟਾਂ ਰਾਹੀਂ ਨਸ਼ੇ ਲਿਆਂਦੇ ਜਾ ਰਹੇ ਹਨ, ਉਨ੍ਹਾਂ ਰਾਹੀਂ ਹੀ ਉਹ ਹਥਿਆਰ ਵੀ ਪਹੁੰਚਾਏ ਜਾ ਰਹੇ ਹਨ, ਜੋ ਪੰਜਾਬ ਦੇ ਨੌਜਵਾਨਾਂ ਦੀਆਂ ਜਾਨਾਂ ਲੈ ਰਹੇ ਹਨ। ਉਨ੍ਹਾਂ ਸੀਬੀਆਈ ਨੂੰ ਅਪੀਲ ਕੀਤੀ ਕਿ ਮਾਨਸਾ ਦੇ ਪਰਵਿੰਦਰ ਝੋਟਾ ਮਾਮਲੇ ਦੀ ਜਾਂਚ ਦਾ ਦਾਇਰਾ ਚੰਡੀਗੜ੍ਹ ਸਥਿਤ ਡਰੱਗ ਕੰਟਰੋਲਰ ਦੇ ਦਫ਼ਤਰ ਤੱਕ ਵਧਾਇਆ ਜਾਵੇ। ਜਾਂਚ ਦੀ ਸ਼ੁਰੂਆਤ ਦਵਾਈਆਂ ਦੀਆਂ ਦੁਕਾਨਾਂ ਤੋਂ ਕਰਨ ਦੀ ਬਜਾਏ ਪਹਿਲਾਂ ਨੈੱਟਵਰਕ ਨੂੰ ਚਲਾਉਣ ਵਾਲਿਆਂ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਫਿਰ ਜਿੱਥੇ-ਜਿੱਥੇ ਕੜੀਆਂ ਜੁੜਦੀਆਂ ਜਾਣ, ਉੱਥੇ ਤੱਕ ਪਹੁੰਚਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਸੀਬੀਆਈ ਉਨ੍ਹਾਂ ਲੋਕਾਂ ਤੱਕ ਪਹੁੰਚ ਸਕੇਗੀ, ਜਿਨ੍ਹਾਂ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਇੱਕ ਵਪਾਰਕ ਮਾਡਲ ਦਾ ਰੂਪ ਦਿੱਤਾ ਹੈ।

ਜਾਖੜ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਕਾਂਸਟੇਬਲ ਕਰਮ ਸਿੰਘ ਅਤੇ ਹੈਰੀ ਨਾਲ ਜੁੜੇ ਮਾਮਲਿਆਂ ਦੀ ਸੀਬੀਆਈ ਜਾਂ ਐਨ ਆਈ ਏ ਤੋਂ ਕਰਾਉਣ ਦੀ ਮੰਗ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਹੈਰੀ ਨੂੰ ਦੁਬਈ ਭੱਜਣ ਵਿੱਚ ਸਰਕਾਰ ਨੇ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ਵਿੱਚ ਨਸ਼ਿਆਂ ਅਤੇ ਹਥਿਆਰਾਂ ਦੀ ਕੌਮਾਂਤਰੀ ਤਸਕਰੀ ਸ਼ਾਮਲ ਹੈ ਅਤੇ ਐਨਆਈਏ ਕੋਲ ਇਨ੍ਹਾਂ ਦੀ ਨਿਰਪੱਖ ਅਤੇ ਪ੍ਰਭਾਵਸ਼ਾਲੀ ਜਾਂਚ ਕਰਨ ਦੀ ਸਮਰੱਥਾ ਹੈ।

ਜਾਖੜ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਗੁਰੀ ਚਾਹਲ ਮਾਮਲੇ ਦੀ ਜਾਂਚ ਸ਼ੁਰੂ ਨਹੀਂ ਹੋਈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਪੰਜਾਬ ਵਿੱਚ ਚੱਲ ਰਹੇ ਸੰਗਠਿਤ ਨਸ਼ਾ ਨੈੱਟਵਰਕ ਦਾ ਪਰਦਾਫ਼ਾਸ਼ ਕਰਨਗੇ।

ਸ਼ਰਧਾ ਦਾ ਸਾਗਰ – ਗੁਰਦੁਆਰਾ ਭਾਈ ਸਾਲੋ ਜੀ

ਸਤਨਾਮ ਸਿੰਘ ਮੂਧਲ

ਇਤਹਾਸਕ ਕਸਬਾ ਵੇਰਕਾ ਤੇ ਪਿੰਡ ਪੰਡੋਰੀ ਨੂੰ ਜੋੜਣ ਵਾਲੀ ਸੜਕ ’ਤੇ ਸਥਿਤ ਗੁਰਦੁਆਰਾ ਭਾਈ ਸਾਲੋ ਜੀ ਸੁਸ਼ੋਭਿਤ ਹੈ, ਜਿੱਥੇ ਦੂਰੋਂ-ਦੂਰੋਂ ਸੰਗਤਾਂ ਰੋਜ਼ ਆਉਂਦੀਆਂ ਹਨ।

ਗੁਰੂਦੁਆਰਾ ਸਾਹਿਬ ਦਾ ਪ੍ਰਬੰਧ ਚਲਾ ਰਹੇ ਬਾਬਾ ਮੋਹਨ ਸਿੰਘ ਨੇ ਇਸ ਸਥਾਨ ਦੇ ਇਤਿਹਾਸ ਬਾਰੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿਨ ਭਗਤ ਭਾਈ ਸਾਲੋ ਜੀ, ਗੁਰੂ ਘਰ ਦੇ ਲੰਗਰ ਲਈ ਬਾਲਣ ਇਕੱਠਾ ਕਰਿਆ ਕਰਦੇ ਸਨ। ਉਹ ਇਸ ਇਲਾਕੇ ’ਚ ਵੀ ਬਾਲਣ ਇਕੱਠਾ ਕਰਨ ਲਈ ਆਉਂਦੇ। ਭਾਈ ਸਾਲੋ ਜੀ ਪਿੰਡ ਪੰਡੋਰੀ ਵੜੈਚ ਦੀਆਂ ਸੰਗਤਾਂ ਕੋਲੋਂ ਗੁਰੂ ਘਰ ਲਈ ਪਾਥੀਆਂ ਦਾ ਬਾਲਣ ਇਕੱਠਾ ਕਰਨ ਸਮੇਂ ਜਿਸ ਬੇਰੀ ਹੇਠ ਥੜ੍ਹੇ ’ਤੇ ਬੈਠਿਆ ਕਰਦੇ ਸਨ, ਉਹ ਬੇਰੀ ਅੱਜ ਵੀ ਮੌਜੂਦ ਹੈ। ਇਸੇ ਸਥਾਨ ’ਤੇ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਭਾਈ ਸਾਲੋ ਜੀ ਵੱਲੋਂ ਸੰਗਤਾਂ ਲਈ ਗੁਰੂ ਘਰ ਦੇ ਲੰਗਰਾਂ ਵਾਸਤੇ ਪੂਰੀ ਲਗਨ ਨਾਲ ਕੀਤੀ ਜਾਂਦੀ ਸੇਵਾ ਤੋਂ ਖ਼ੁਸ਼ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਵਰ ਦਿੱਤਾ ਸੀ ਕਿ ਉਹ ਲੰਗਰ ਲਈ ਪਾਥੀਆਂ ਦੇਣ ਵਾਲੇ ਸ਼ਰਧਾਲੂਆਂ ਨੂੰ ਸੰਤਾਨ ਦੀ ਆਸੀਸ ਦੇ ਸਕਦੇ ਹਨ। ਅੱਜ ਵੀ ਸ਼ਰਧਾਲੂ ਗੁਰਦੁਆਰਾ ਸਾਹਿਬ ਵਿਖੇ ਲੰਗਰ ਲਈ ਪਾਥੀਆਂ ਚੜ੍ਹਾਉਂਦੇ ਹਨ।

ਬਾਬਾ ਮੋਹਨ ਸਿੰਘ ਨੇ ਰੁੱਖਾਂ ਦੇ ਇਕ ਝੁੰਡ ਤੇ ਥੇਹ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਸ ਸਮੇ ਪਿੰਡ ਪੰਡੋਰੀ ਇਥੇ ਮੌਜੂਦ ਹੁੰਦਾ ਸੀ ਪਰ ਕੁਝ ਸਮੇਂ ਬਾਅਦ ਕਰੀਬ ਇਕ ਕਿਲੋਮੀਟਰ ਦੂਰ ਜਾ ਵਸਿਆ, ਜਿਸ ਕਾਰਨ ਇਸ ਸਥਾਨ ਵੱਲ ਲੋਕਾਂ ਦਾ ਧਿਆਨ ਨਾ ਗਿਆ ਪਰ ਕੁਝ ਪੁਰਾਣੇ ਬਜ਼ੁਰਗ ਇਸ ਸਥਾਨ ਨੂੰ ਨਮਸਕਾਰ ਕਰਦੇ ਰਹੇ। ਜਿਨ੍ਹਾਂ ਦੀਆਂ ਆਸਾਂ-ਮੁਰਾਦਾਂ ਪੂਰੀਆਂ ਹੁੰਦੀਆਂ

ਰਹੀਆਂ, ਉਹ ਲਗਾਤਾਰ ਇਸ ਸਥਾਨ ਨਾਲ ਜੁੜੇ ਰਹੇ।

ਬਾਬਾ ਮੋਹਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮੁਰਾਦ ਪੂਰੀ ਹੋਣ ’ਤੇ ਉਨ੍ਹਾਂ ਨੇ ਇਸ ਸਥਾਨ ਦੀ ਸੇਵਾ ਸੰਭਾਲ ਕਰਨੀ ਸ਼ੁਰੂ ਕੀਤੀ। 1991 ’ਚ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵੀ ਕੀਤੇ ਜਾਂਦੇ ਹਨ। ਭਾਈ ਸਾਲੋ ਜੀ ਦੀ ਯਾਦ ਵਿਚ ਹਰ ਸਾਲ ਦੇਸੀ ਮਹੀਨਾ ਕੱਤੇ ਦੀ 13 ਤਰੀਕ ਨੂੰ ਜੋੜ ਮੇਲਾ ਕਰਵਾਇਆ ਜਾਂਦਾ ਹੈ। ਇਸ ਜੋੜ ਮੇਲੇ ਵਿਚ ਦੂਰੋਂ-ਦੂਰੋਂ ਸੰਗਤਾਂ ਸ਼ਰਧਾ ਨਾਲ ਆਉਂਦੀਆਂ ਹਨ। •

98722-89191

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ

ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿੱਤਰ ਤੇ ਗੰਭੀਰ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਧਾਰਨ ਪਰਿਵਾਰ ਤੋਂ ਆਰੰਭ ਹੋਇਆ ਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ ’ਤੇ ਬਿਰਾਜਮਾਨ ਹੋਏ। ਆਪ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਸਿੱਖੀ ਦੇ ਬੂਟੇ ਦੀ ਜੜ੍ਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਲਾਈ ਸੀ ਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਜ਼ਿੰਮੇਵਾਰ ਵੀ ਆਪਣੇ ਜੀਵਨ ਕਾਲ ’ਚ ਹੀ ਆਰੰਭ ਕਰ ਗਏ। ਇਸ ਤਰ੍ਹਾਂ ਸਿੱਖੀ ਜੀਵਨ ਜਾਂਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ ਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ ’ਚ ਗੁਰੂ ਜੋਤ ਨੂੰ ਧਾਰਨ ਕੀਤਾ ਤੇ ਲੋਕਾਈ ਨੂੰ ਆਤਮਿਕ, ਧਾਰਮਿਕ, ਸਮਾਜਿਕ ਤੌਰ ’ਤੇ ਰੋਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਦੀ ਧੰਨਤਾ ਨੂੰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਰਾਮਕਲੀ ਵਾਰ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ :

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥

ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ, ’ਜੇਠਾ’ ਕਿਹਾ ਜਾਂਦਾ ਸੀ ਜਿਸ ਕਰਕੇ ਪ੍ਰਾਰੰਭਕ ਰੂਪ ’ਚ ਆਪ ਜੀ ’ਭਾਈ ਜੇਠਾ ਜੀ’

ਭਾਈ ਗੋਬਿੰਦ ਸਿੰਘ ਲੌਂਗੋਵਾਲ

ਦੇ ਨਾਂ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰ ਜੀ ਦੇ ਮੂੰਹੋਂ ਨਿਕਲਿਆ, ‘ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ ’ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੂਲਣ ਦਾ ਨਿਸ਼ਾਨ ਹੈ।’

ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ ’ਤੇ ਸੁਭਾਏਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ, ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫ਼ੇਰੇ ਫ਼ੈਲੀ। ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਆਪ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ ਸੰਤੋਖਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ ‘ਗੁਰੂ ਕਾ ਚੱਕ’ ਵਸਾਇਆ, ਜੋ ਬਾਅਦ ਵਿਚ ‘ਰਾਮਦਾਸਪੁਰ ਜਾਂ ਚੱਕ ਰਾਮਦਾਸ’ ਦੇ ਨਾਂ ਨਾਲ ਜਾਣਿਆ ਗਿਆ ਤੇ ਫਿਰ ‘ਸ੍ਰੀ ਅੰਮ੍ਰਿਤਸਰ’ ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਮਿਸਾਲ ਬਣਿਆ।

‘ਮਸੰਦ’ ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇੱਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।

ਆਪ ਜੀ ਨੇ ਧੁਰ ਕੀ ਬਾਣੀ ਦੀ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗੇ ਜੀਵਨ ਜਿਊਣ ਲਈ ਮਾਰਗ ਦਰਸ਼ਨ ਦਿੰਦੀ ਹੈ। ਆਪ ਜੀ ਦੀ ਸੁਖਦਾਈ ਗੁਰਬਾਣੀ ਦੀ ਵਡਿਆਈ ਕਰਦੇ ਹੋਏ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਅੰਦਰ ਲਿਖਦੇ ਹਨ :

ਗੁਰ ਉਚਰੈਂ ਬਾਨੀ ਅਮ੍ਰਤ ਸਾਂਨੀ ਬੇਦ ਅਧਕਾਨੀ ਸੁਖਦਾਨੀ।
ਜੋ ਸੁਨ ਨਰ ਨਾਰੀ ਕਟੈਂ ਬਿਕਾਰੀ ਲਹਿ ਫਲ ਚਾਰੀ ਮੁਦ ਖਾਨੀ।

ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਮੇਰੀ ਸਮੂਹ ਸੰਗਤ ਨੂੰ ਅਪੀਲ ਹੈ ਕਿ ਆਉ ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ। ਜੇ ਅਸੀਂ ਆਪ ਜੀ ਦੀ ਬਾਣੀ ਦੇ ਸੁਨੇਹੇ ਦਾ ਸਹੀ ਬੋਧ ਪ੍ਰਾਪਤ ਕਰ ਕੇ ਅਮਲ ਵਿਚ ਲਿਆਉਣ ਲਈ ਯਤਨਸ਼ੀਲ ਹੋਵਾਂਗੇ ਤਾਂ ਯਕੀਨਨ ਸਾਡੀ ਜੀਵਨ ਯਾਤਰਾ ਸਫ਼ਲ ਹੋ ਸਕਦੀ ਹੈ। •

(ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)

ਸੰਤ ਜੈਮਲ ਸਿੰਘ ਭੂਰੀ ਵਾਲਿਆਂ ਨੇ ਲਾਇਲਪੁਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਪਰਿਕਰਮਾ ਦੀ ਸਫ਼ਾਈ ਦੀ ਸੇਵਾ ਦੇ ਨਾਲ-ਨਾਲ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਵੀ ਅਹਿਮ ਉਪਰਾਲੇ ਕੀਤੇ...

ਗੁਰੂ ਘਰ ਦੇ ਅਨਿਨ ਸੇਵਕ ਸੰਤ ਜੈਮਲ ਸਿੰਘ

ਗਗਨਦੀਪ ਸਿੰਘ ਬੇਦੀ

ਸੇਵਾ, ਸਿਮਰਨ ਤੇ ਪਰਉਪਕਾਰ ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਲੋੜਵੰਦਾਂ ਦੀ ਸਹਾਇਤਾ ਕਰਨ ਤੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਮਜ਼ਲੂਮਾ ਦੀ ਰੱਖਿਆ ਕਰਨ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ’ਤੇ ਪਹਿਰਾ ਦਿੰਦੇ ਹੋਏ ਐਸੇ ਹੀ ਮਹਾਪੁਰਖ ਸੰਤ ਬਾਬਾ ਜੈਮਲ ਸਿੰਘ ਭੂਰੀਵਾਲੇ ਹੋਏ, ਜਿਨ੍ਹਾਂ ਨੇ ਗੁਰਮਤਿ ਦੇ ਰਾਹ ’ਤੇ ਚੱਲਦਿਆਂ ਸੇਵਾ, ਸਿਮਰਨ, ਕਿਰਤ, ਪਰਉਪਕਾਰ ਤੇ ਬਿਨਾ ਭੇਦ-ਭਾਵ ਲੋਕਾਈ ਦੇ ਭਲੇ ਲਈ ਕਾਰਜ ਕੀਤੇ ਤੇ ਗੁਰੂ ਘਰ ਨਾਲ ਆਪਣੀ ਪ੍ਰੀਤ ਨੂੰ ਤੋੜ ਨਿਭਾਇਆ।

ਬਾਬਾ ਜੈਮਲ ਸਿੰਘ ਦਾ ਜਨਮ 1892 ਵਿਚ ਪਿੰਡ ਗਾਹ ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿਖੇ ਮਾਤਾ ਸਤਭਰਾਈ ਤੇ ਪਿਤਾ ਸ਼ੇਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਬਾਬਾ ਜੀ ਨੂੰ ਉਨ੍ਹਾਂ ਦੇ ਪਿਤਾ ਨੇ ਕਰਿਆਨੇ ਦੀ ਦੁਕਾਨ ਪਾ ਦਿੱਤੀ। ਦਿਆਲੂ ਸੁਭਾਅ ਕਾਰਨ ਆਪ ਲੋੜਵੰਦਾਂ ਨੂੰ ਬਿਨਾ ਪੈਸੇ ਸੌਦਾ ਦੇ ਦਿੰਦੇ। ਇਸ ਲਈ ਦੁਕਾਨ ਜ਼ਿਆਦਾ ਦੇਰ ਨਾ ਚੱਲ ਸਕੀ। ਅੱਠੇ ਪਹਿਰ ਵਾਹਿਗੁਰੂ ਸਿਮਰਨ ਦੇ ਨਾਲ-ਨਾਲ ਆਪ ਮਰਦਾਨ ਵਿਖੇ ਪਾਂਡੀ ਵਜੋਂ ਮਿਹਨਤ ਮੁਸ਼ੱਕਤ ਕਰਦਿਆਂ ਸਮਾਂ ਕੱਢ ਕੇ ਸੰਤਾਂ ਮਹਾਂਪੁਰਖਾਂ ਨਾਲ ਗੁਰਮਤਿ ਦੀ ਸਾਂਝ ਵੀ ਪਾਉਂਦੇ। ਪਿੰਡੋਂ ਬਾਹਰਵਾਰ ਰਹਿੰਦੇ ਉੱਚੇ-ਸੁੱਚੇ ਜੀਵਨ ਦੇ ਧਾਰਨੀ ਨਿਰਮਲੇ ਸੰਤ ਗੋਪਾਲ ਸਿੰਘ ਦੀ ਸ਼ਖ਼ਸੀਅਤ ਦਾ ਆਪ ਦੇ ਜੀਵਨ ’ਤੇ ਗਹਿਰਾ ਪ੍ਰਭਾਵ ਪਿਆ।

ਉਨ੍ਹਾਂ ਕੁਝ ਸਮਾਂ ਲਾਇਲਪੁਰ ’ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਉਨ੍ਹਾਂ ਦੇ ਉੱਚੇ ਆਚਰਣ ਤੇ ਗੁਣਾਂ ਸਦਕਾ ਸੰਗਤਾਂ ’ਚ ਬਹੁਤ ਸਤਿਕਾਰ ਸੀ ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਕਰਨ ਦੀ ਤਾਂਘ ਉਨ੍ਹਾਂ ਨੂੰ ਅੰਮ੍ਰਿਤਸਰ ਲੈ ਆਈ। ਇਥੇ ਉਨ੍ਹਾਂ ਨੇ ਦੋਹਾਂ ਹੱਥਾਂ ’ਚ ਝਾੜੂ ਫੜ ਲਏ ਤੇ ਪਰਿਕਰਮਾ ਵਿਚ ਦਿਨ-ਰਾਤ ਸਫ਼ਾਈ ਦੀ ਸੇਵਾ ’ਚ ਜੁਟੇ ਰਹਿੰਦੇ। ਜੇ ਕਦੇ ਪਰਿਕਰਮਾ ’ਚ ਸਫ਼ਾਈ ਨਾ ਹੋਣੀ ਤਾਂ ਇਹ ਗੱਲ ਆਮ ਪ੍ਰਚਲਿਤ ਹੋ ਗਈ ਸੀ ਕਿ ‘ਬੁਲਾਓ ਭੂਰੀ ਵਾਲੇ ਬਾਬੇ ਨੂੰ।’ ਸਧਾਰਣ ਲਿਬਾਸ, ਸੇਵਾ, ਨਿਮਰਤਾ ਤੇ ਪਰਉਪਕਾਰੀ ਗੁਣਾਂ ਕਰਕੇ ਸੰਗਤਾਂ ਉਨ੍ਹਾਂ ਨੂੰ ‘ਭੂਰੀ ਵਾਲੇ ਬਾਬਾ ਜੀ’ ਆਖਦੀਆਂ ਸਨ।

ਬਾਬਾ ਜੀ ਨੇ ਪਰਿਕਰਮਾ ਦੀ ਸੇਵਾ ਦੌਰਾਨ ਸੰਤ ਅਮੀਰ ਸਿੰਘ, ਗਲੀ ਸੱਤੋ ਵਾਲੀ ਅੰਮ੍ਰਿਤਸਰ ਪਾਸੋਂ ਗੁਰਬਾਣੀ ਦੀ ਸੰਥਿਆ ਲਈ ਤੇ ਸਿੱਖੀ ਦੇ ਪ੍ਰਚਾਰ ’ਚ ਅਹਿਮ ਯੋਗਦਾਨ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਸਮੇਂ ਉਨ੍ਹਾਂ ਵਿਸ਼ਾਲ ਗੁਰਮਤਿ ਸਮਾਗਮ ਕੀਤੇ। ਸਮਾਗਮ ਦੌਰਾਨ ਜਦ ਕੋਈ ਬੁਲਾਰਾ ਉਨ੍ਹਾਂ ਨੂੰ ਵਡਿਆਉਣ ਦਾ ਯਤਨ ਕਰਦਾ ਤਾਂ ਆਪ ਤੁਰੰਤ ਟੋਕ ਦਿੰਦੇ ਤੇ ਆਖਦੇ, ‘ਅਜਿਹੀ ਵਡਿਆਈ ਹੰਕਾਰ ਪੈਦਾ ਕਰਦੀ ਹੈ ਤੇ ਹੰਕਾਰ ਮਨੁੱਖ ਨੂੰ ਵਾਹਿਗੁਰੂ ਤੋਂ ਦੂਰ

ਕਰਦਾ ਹੈ। ਬਾਬਾ ਜੈਮਲ ਸਿੰਘ ਦੀ ਸੇਵਾ ਭਾਵਨਾ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1948 ਵਿਚ ਉਨ੍ਹਾਂ ਨੂੰ ਤੇ ਸੰਤ ਗੁਰਮੁਖ ਸਿੰਘ ਪਟਿਆਲਾ ਵਾਲਿਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦੱਖਣੀ ਬਾਹੀ (ਪਰਿਕਰਮਾ) ਨੂੰ ਖੁਲ੍ਹਿਆਂ ਕਰਨ ਦੀ ਸੇਵਾ ਸੌਂਪੀ, ਜੋ ਦੋਵਾਂ ਮਹਾਂਪੁਰਖਾਂ ਨੇ ਸ਼ਰਧਾ ਪੂਰਵਕ ਨਿਭਾਈ। ਇਸ ਉਪਰੰਤ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਪਾਸੋਂ ਹੋਰਨਾਂ ਗੁਰਧਾਮਾਂ ਦੇ ਸੇਵਾ ਕਾਰਜ ਵੀ ਕਰਵਾਏ।

ਬਿਰਧ ਅਵਸਥਾ ਹੋਣ ਕਾਰਨ ਆਪ ਨੇ 1958 ਵਿਚ ਤਰਨਤਾਰਨ ਰੋਡ ’ਤੇ ਰਿਹਾਇਸ਼ ਲਈ ਡੇਰਾ ਨਿਰਮਲੇ ਤਪੋਬਨ ਸਥਾਪਤ ਕੀਤਾ। 29 ਅਕਤੂਬਰ 1976 ਨੂੰ ਬਾਬਾ ਜੈਮਲ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅੰਤਮ ਅਰਦਾਸ ਸਮਾਗਮ ਸਮੇਂ ਵੱਖ-ਵੱਖ ਸੰਪਰਦਾਵਾਂ ਤੇ ਨਿਰਮਲ ਪੰਥ ਦੇ ਮੁਖੀਆਂ ਨੇ ਬਾਬਾ ਗੁਰਦਿਆਲ ਸਿੰਘ ਨੂੰ ਅਗਲਾ ਮੁਖੀ ਥਾਪਿਆ। ਸੰਤ ਗੁਰਦਿਆਲ ਸਿੰਘ ਨੇ ਇਨ੍ਹਾਂ ਸੇਵਾਵਾਂ ਨੂੰ ਨਿਭਾਉਂਦੇ ਹੋਏ 10 ਅਪ੍ਰੈਲ 1999 ਨੂੰ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਸੰਤ ਬਾਬਾ ਕਸ਼ਮੀਰ ਸਿੰਘ ਨੂੰ ਸੰਪਰਦਾਇ ਦਾ ਅਗਲਾ ਮੁਖੀ ਥਾਪਿਆ। ਸੰਤ ਕਸ਼ਮੀਰ ਸਿੰਘ ਨੇ ਬਾਬਾ ਜੈਲਮ ਸਿੰਘ ਤੇ ਬਾਬਾ ਗੁਰਦਿਆਲ ਸਿੰਘ ਭੂਰੀ ਵਾਲਿਆਂ ਵੱਲੋਂ ਆਰੰਭੇ ਸੇਵਾ ਕਾਰਜਾਂ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਿਆ।

ਸੰਤ ਕਸ਼ਮੀਰ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਬਾਬਾ ਸੁਖਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੌਂਪੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਕਾਰ ਸੇਵਾ, ਸੰਗਤ ਦੀ ਸਹੂਲਤ ਲਈ ਸਰਾਵਾਂ, ਛਬੀਲਾਂ, ਪਾਰਕਾਂ ਆਦਿ ਬਨਾਉਣ ਦੇ ਨਾਲ-ਨਾਲ ਪਟਨਾ ਸਾਹਿਬ ਵਿਖੇ ਅਤਿ ਆਧੁਨਿਕ ਸਰਾਵਾਂ ਦੀ ਉਸਾਰੀ ਕਰ ਕੇ ਸੰਗਤਾਂ ਦੀ ਰਿਹਾਇਸ਼ ਲਈ ਸ਼ਾਨਦਾਰ ਪ੍ਰਬੰਧ ਕੀਤੇ ਹਨ। ਸੇਵਾ ਵਿਚ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਲੰਬੀ ਤਫਸੀਲ ਹੈ।

ਸੰਤ ਬਾਬਾ ਜੈਮਲ ਸਿੰਘ ਤੇ ਬਾਬਾ ਗੁਰਦਿਆਲ ਸਿੰਘ ਦੀ ਯਾਦ ਵਿਚ 29 ਅਕਤੂਬਰ ਨੂੰ ਨਿਰਮਲੇ ਤਪੋਬਨ, ਤਰਨਤਾਰਨ ਰੋਡ, ਅੰਮ੍ਰਿਤਸਰ ਵਿਖੇ ਸ਼ਰਧਾ ਭਾਵਨਾ ਨਾਲ ਸਾਲਾਨਾ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ ਜਥੇ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ, ਉਪਰੰਤ ਢਾਡੀ ਤੇ ਕਵੀਸ਼ਰੀ ਜਥੇ ਵਾਰਾਂ ਗਾਇਨ ਕਰ ਕੇ ਸਿੱਖ ਇਤਿਹਾਸ ’ਤੇ ਚਾਨਣਾ ਪਾਉਣਗੇ ਤੇ ਪ੍ਰਸਿੱਧ ਵਿਦਵਾਨ ਸੰਗਤਾਂ ਨੂੰ ਕਥਾ-ਵਿਚਾਰ ਸਰਵਣ ਕਰਵਾਉਣਗੇ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ। •

88728-70111



ਪਰਮਾਤਮਾ ਦਾ ਚਿੰਤਨ

ਸੰਜੀਵ ਧਰਮਾਣੀ

ਇਕ ਪਰਮ ਪਵਿੱਤਰ ਆਤਮਾ ਪਰਮੇਸ਼ਰ ਦਾ ਚਿੰਤਨ ਕਰਦੀ ਹੈ। ਇਹ ਪਾਕ ਰੂਹ ਬਾਹਰੀ ਭੇਖਾਂ ਤੋਂ ਰਹਿਤ ਹੋ ਕੇ ਪਰਮ ਪਿਤਾ ਨਾਲ ਲਿਵ ਜੋੜਦੀ ਹੈ। ਜਦੋਂ ਮਨ ਦੀ ਮਾਲਾ ਪਰਮਾਤਮਾ ਦੀ ਯਾਦ ਤੇ ਉਸ ਦੇ ਅਟੱਲ ਵਿਸ਼ਵਾਸ ਅਧੀਨ ਜਪੀ ਜਾਂਦੀ ਹੈ ਤਾਂ ਆਤਮਿਕ ਬਲ ਬੁਲੰਦੀ ’ਤੇ ਪਹੁੰਚਦਾ ਹੈ, ਭਾਵ ਅਡੋਲ ਬਣਨ ਲਗਦਾ ਹੈ ਪਰ ‘ਮਨ ਦਾ ਚਿੰਤਨ’ ਹੈ ਬੜਾ ਕਠਿਨ ਤੇ ਅਦਭੁੱਤ। ਜਦੋਂ ਮਨ ਪਰਮਾਤਮਾ ਨਾਲ ਲਿਵ ਜੋੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਰਮਾਤਮਾ ਦਾ ਨਾਮ ਜਪਣ ਸਮੇਂ ਵੀ ਆਪ-ਮੁਹਾਰੇ ਇਧਰ-ਉਧਰ ਚਲਾਏਮਾਨ ਰਹਿੰਦਾ ਹੈ। ਪ੍ਰਭੂ ਨਾਲ ਮਨ ਜੋੜਨਾ ਬੜਾ ਕਠਿਨ ਹੈ ਤੇ ਜਿਸ ਦਾ ਮਨ ਉਸ ਪਰਮ-ਪਿਤਾ ਨਾਲ ਜੁੜ ਜਾਂਦਾ ਹੈ, ਉਹ ਉਸ ਦੇ ਰੰਗ ’ਚ ਰੰਗਿਆ ਜਾਂਦਾ ਹੈ। ਉਸ ਦਾ ਮਨੋਬਲ ਫਿਰ ਸੁਮੇਰ ਪਰਬਤ ਵਰਗਾ ਅਡੋਲ ਹੋ ਜਾਂਦਾ ਹੈ।

ਪ੍ਰਭੂ ਅਸੰਖ ਵਿਰੋਧਾਂ ਨੂੰ ਦੂਰ ਕਰਨ ਵਾਲਾ ਤੇ ਸੰਕਟਾਂ ਦਾ ਹਰਨ ਕਰਨ ਵਾਲਾ ਹੈ। ਚਿੰਤਨ ਉਹੀ ਮਹਾਨ ਵਿਅਕਤੀਤਵ ਕਰ ਸਕਦਾ ਹੈ, ਜਿਸ ਨੂੰ ਪ੍ਰਭੂ ਬੁੱਧੀ, ਵਿਵੇਕ ਤੇ ਸਿਆਣਪ ਦੇਵੇ। ਮਨ ਦੇ ਚਿੰਤਨ ਦੇ ਨਾਲ ਹੀ ਦੁਨਿਆਵੀ ਕਾਰਜਾਂ ’ਚ ਵਿਚਰਦੇ ਹੋਏ ਕਰਮ-ਭਾਵ ਦਾ ਹੋਣਾ ਵੀ ਜ਼ਰੂਰੀ ਹੈ। ਕਰਮ-ਵਿਹੂਣੇ ਮਨ ਦਾ ਚਿੰਤਨ ਅਧੂਰਾ ਹੁੰਦਾ ਹੈ। ਇਸੇ ਲਈ ਵਿਦਵਾਨਾਂ ਨੇ ‘ਕਰਮ’ ਨੂੰ ਵੀ ‘ਪੂਜਾ’ ਮੰਨਿਆ ਹੈ। ਇਹ ਇਕ ਅਟੱਲ ਸੱਚਾਈ ਵੀ ਹੈ ਕਿਉਂਕਿ ਕਰਮ ਤੋਂ ਬਿਨਾਂ ਦੁਨਿਆਵੀ ਕਾਰਜ ਤੇ ਜੀਵਨ ਨਿਰਬਾਹ ਅਸੰਭਵ ਹੁੰਦਾ ਹੈ।

ਗੁਰੂਆਂ, ਪੀਰਾਂ, ਤੇ ਮਹਾਂਪੁਰਖਾਂ ਨੇ ਵੀ ਸਾਨੂੰ ਪਰਮੇਸ਼ਰ ਦਾ ਨਾਮ ਜਪਣ ਦੇ ਨਾਲ-ਨਾਲ ਕਿਰਤ-ਕਮਾਈ ਕਰਨ ਦੀ ਵੀ ਸਿੱਖਿਆ ਦਿੱਤੀ ਹੈ। ਪ੍ਰਭੂ ਦੇ ਚਿੰਤਨ ’ਚ ਲੱਗੀ ਰੂਹ ਅਡੋਲ, ਭਾਵ ਥਿਰ ਰਹਿੰਦੀ ਹੈ ਤੇ ਦੁਨਿਆਵੀ ਕਾਰਜ ਕਰਦੇ ਹੋਏ ਵੀ ਪਰਮਾਤਮਾ ਨਾਲ ਇਕ-ਮਿੱਕ ਰਹਿੰਦੀ ਹੈ। ਮਨ ਦੇ ਚਿੰਤਨ ਰਾਹੀਂ ਅਸੀਂ ਪਰਮਾਤਮਾ ਦੀ ਨੇੜਤਾ, ਰਹਿਮਤਾਂ, ਬਰਕਤਾਂ ਤੇ ਅਡੋਲਤਾ ਪ੍ਰਾਪਤ ਕਰਨ ਦੇ ਪਾਤਰ ਬਣਦੇ ਹਾਂ। •

94785-61356

ਅਕਾਲੀ

ਪ੍ਰਿੰ. ਗੁਰਬਚਨ ਸਿੰਘ ਪੰਨਵਾਂ

ਗੁਰਮਤਿ ਮਾਰਤੰਡ ਭਾਗ-ਪਹਿਲਾ ਵਿਚ ਭਾਈ ਕਾਨ੍ਹ ਸਿੰਘ ਨਾਭਾ ‘ਅਕਾਲੀ’ ਸਿਰਲੇਖ ਹੇਠ ਲਿਖਦੇ ਹਨ - ‘ਅਕਾਲ ਦਾ ਉਪਾਸ਼ਕ ਅਕਾਲੀ ਸੱਦੀਦਾ ਹੈ। ਭਾਵੇਂ ਅਕਾਲ ਉਪਾਸ਼ਕ ਸਾਰੇ ਗੁਰਸਿੱਖ ਅਕਾਲੀ ਹਨ ਪਰ ਵਿਸ਼ੇਸ਼ ਕਰਕੇ ਇਹ ਨਾਮ ਅੰਮ੍ਰਿਤਧਾਰੀ ਨਿਹੰਗ ਸਿੰਘਾਂ ਦਾ ਹੈ। ਪਹਿਲਾਂ ਅਕਾਲੀ (ਨਿਹੰਗ ਸਿੰਘ) ਸੁਰਮਈ ਵਸਤਰ, ਪੰਜ ਸ਼ਸਤਰ (ਕ੍ਰਿਪਾਨ, ਧਨੁੱਖ, ਬੰਦੂਕ, ਕਟਾਰ, ਬਰਛਾ) ਰੱਖਦੇ ਸਨ ਤੇ ਗੁਰਮਖਈ ਦਸਤਾਰਾ ਹੋਇਆ ਕਰਦਾ ਸੀ।’ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ - ‘ਅਕਾਲੀ ਸਿੰਘ ਰਹਿਤ ਦੇ ਪੱਕੇ, ਹਠੀ, ਤਪੀ, ਗੁਰਬਾਣੀ ਦੇ ਪ੍ਰੇਮੀ, ਸੰਤੋਖੀ, ਨਿਰਭੈ ਤੇ ਵੱਡੇ ਉਦਾਰਤਮ ਹਨ। ਇਨ੍ਹਾਂ ਨੇ ਬਾਰਾਂ ਮਿਸਲਾਂ ਤੇ ਸਿੰਘ ਸਾਹਿਬ ਦੀ ਬਾਦਸ਼ਾਹਤ ਵੇਲੇ ਪੰਥ ਦੀ ਰਾਖੀ ਤੇ ਰਾਹਨੁਮਾਈ ਕੀਤੀ।’

ਮਹਾਨ ਕੋਸ਼ ਅਨੁਸਾਰ

ਅਕਾਲੀ ਦੀ ਵਿਆਖਿਆ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ’ਚ ਲਿਖਦੇ ਹਨ, ‘ਅਕਾਲੀ ਉਹ, ਜਿਸ ਦਾ ਅਕਾਲ ਨਾਲ ਸਬੰਧ ਹੈ-ਸੰਗਯਾ-ਅਕਾਲ ਉਪਾਸ਼ਕ, ਵਾਹਗੁਰੂ ਜੀ ਕਾ ਖ਼ਾਲਸਾ। ਉਨ੍ਹਾਂ ਦਾ ਕਬਿੱਤ ਹੈ :

ਕਮਲ ਜਯੋਂ ਮਾਯਾ ਜਲ ਵਿਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।
ਕਰ ਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,
ਭਾਣੇ ਵਿਚ ਬਿਪਤਾ ਨੂੰ ਮੰਨੇ ਖ਼ੁਸ਼ਹਾਲੀ ਹੈ।
ਸਵਾਰਥ ਤੋਂ ਬਿਨਾ ਗੁਰਦੁਆਰਿਆਂ ਦਾ ਚੌਂਕੀਦਾਰ,
ਧਰਮ ਦੇ ਜੰਗ ਲਈ ਚੜ੍ਹੇ ਮੁੱਖ ਲਾਲੀ ਹੈ।
ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ,
ਸਿੱਖ ਦਸਮੇਸ਼ ਦਾ ਸੁ ਕਹੀਏ ਅਕਾਲੀ ਹੈ।

ਸਦਾਚਰਕ ਬੁਨਿਆਦ

ਜਪੁ ਬਾਣੀ ਦੇ ਮੁੱਢ ਵਿਚ ਮੰਗਲਾ-ਚਰਣ ਲਿਖ ਕੇ ਰੱਬੀ ਗੁਣਾਂ ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰ ਕੇ ਅਕਾਲ ਪੁਰਖ ਨਾਲ ਅਭੇਦ ਹੋਣਾ ਹੀ ‘ਸਚਿਆਰ’ ਮਨੁੱਖ ਦੀ ਸਿਰਜਣਾ ਹੈ। ਦੈਵੀ ਗੁਣਾਂ ਨਾਲ ਭਰਪੂਰ ਮਨੁੱਖ ਨੂੰ ਹੀ ‘ਸਚਿਆਰ’ ਕਿਹਾ ਗਿਆ ਹੈ। ਸਚਿਆਰ ਮਨੁੱਖ ਸੰਤੋਖ, ਧੀਰਜ, ਹਲੀਮੀ, ਧਰਮ, ਦਇਆ, ਪਰਉਪਕਾਰ, ਸੇਵਾ ਲਈ ਤਤਪਰ, ਸਹਿਜ, ਆਤਮਿਕ ਸੂਝ, ਭਾਈਚਾਰਕ ਸਾਂਝ, ਸਫ਼ਾਈ ਪਸੰਦ, ਹੁਕਮੀ ਹੋਣਾ, ਮਿਲਵਰਤਣ, ਦਰਦ ਵੰਡਾਉਣ ਵਾਲਾ ਤੇ ਅੰਦਰੋਂ-ਬਾਹਰੋਂ ਇੱਕੋ ਜਿਹਾ ਹੋਣਾ ਤਸੱਵਰ ਕੀਤਾ ਗਿਆ ਹੈ। ਮਨ ਦੇ ਭੈੜੇ ਫੁਰਨਿਆਂ ਨੂੰ ਕਾਬੂ ਰੱਖਣਾ, ਵਿਕਾਰੀ ਦ੍ਰਿਸ਼ਟੀ ਦਾ ਤਿਆਗੀ ਹੋਣਾ, ਲਾਲਚ ਨੂੰ ਨੇੜੇ ਨਾ ਆਉਣ ਦੇਣ ਵਾਲਾ, ਕਾਮੀ ਬਿਰਤੀਆਂ ਦਾ ਤਿਆਗੀ, ਨਵਾਬੀਆਂ ਨੂੰ ਠੋਕਰ ਮਾਰਨ ਵਾਲਾ ਮੰਨਿਆ ਗਿਆ ਹੈ- ਭਾਈ ਸੋਹਣ ਸਿੰਘ ਘੁੱਕੇਵਾਲੀ ਦੀਆਂ ਭਾਵ ਪੂਰਤ ਸਤਰਾਂ ਹਨ :

ਇਕ ਮੁੱਠ ਛੋਲਿਆਂ ਦੀ ਖਾ ਕੇ ਤੇਰੇ ਲੰਗਰਾਂ ’ਚੋਂ,
ਘੂਰ ਘੂਰ ਮੌਤ ਨੂੰ ਬੁਲਾਵੇ ਤੇਰਾ ਖ਼ਾਲਸਾ।
ਪੰਜ ਘੁੱਟ ਪੀ ਕੇ ਤੇਰੇ ਬਾਟਿਓਂ ਪ੍ਰੇਮ ਵਾਲੇ,
ਮਸਤ ਹੋਏ ਹਾਥੀਆਂ ਨੂੰ ਢਾਵੇ ਤੇਰਾ ਖ਼ਾਲਸਾ।
ਪਵੇ ਕਿਤੇ ਲੋੜ ਜੇਕਰ ਸ਼ਾਨ ਅਜਮਾਉਣ ਲਈ,
ਮੂਹਰੇ ਹੋ ਛਾਤੀਆਂ ਨੂੰ ਡਾਹਵੇ ਤੇਰਾ ਖ਼ਾਲਸਾ।
ਏਦੇ ਦਿਲ ’ਚ ਪਿਆਰ, ਨੈਨਾਂ ’ਚ ਅਕਾਲ ਵੱਸੇ,
ਠੋਕਰਾਂ ਨਵਾਬੀਆਂ ਨੂੰ ਲਾਵੇ ਤੇਰਾ ਖ਼ਾਲਸਾ।

ਲਾਲਚ ਦਾ ਤਿਆਗੀ ਤੇ ਝੁੰਗੇ ’ਚ ਮਿਲੀਆਂ ਰਾਜ-ਗੱਦੀਆਂ ਨੂੰ ਨਕਾਰਨ ਵਾਲਾ ਹੀ ਸਚਿਆਰ ਮਨੁੱਖ ਦਾ ਉਘੜਵਾਂ ਰੂਪ ਹੋ ਸਕਦਾ ਹੈ। ਸਚਿਆਰ ਮਨੁੱਖ ਨੇ ਇਕ ਪੈਂਡਾ ਤਹਿ ਕੀਤਾ ਹੈ। ਦੈਵੀ ਗੁਣਾਂ ਵਾਲਾ ਅੰਦਰਲਾ ਪਹਿਰਾਵਾ ਇਕ ਹੀ ਰਿਹਾ ਹੈ ਪਰ ਸਮੇਂ ਅਨੁਸਾਰ ਨਾਵਾਂ ’ਚ ਤਬਦੀਲੀ ਜ਼ਰੂਰ ਆਈ। ਕਦੇ ਆਸ਼ਕ ਦੇ ਨਾਂ ਨਾਲ ਯਾਦ ਕੀਤਾ ਗਿਆ ਹੈ ਤੇ ਕਦੇ ਸੇਵਕ ਦੇ ਰੂਪ ਵਿਚ। ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ :

ਨਾਨਕ ਆਸਕੁ ਕਾਂਢੀਐ
ਸਦ ਹੀ ਰਹੈ ਸਮਾਇ॥

ਇਕ ਹੋਰ ਫ਼ੁਰਮਾਨ ਹੈ :

ਨਾਨਕ ਸੇਵਕੁ ਸੋਈ ਆਖੀਐ
ਜੋ ਸਿਰੁ ਧਰੇ ਉਤਾਰਿ॥
ਸਤਿਗੁਰ ਕਾ ਭਾਣਾ ਮੰਨਿ ਲਏ,
ਸਬਦੁ ਰਖੈ ਉਰਧਾਰਿ॥

ਸਦਾ ਸਿੱਖਣ ਦੀ ਚਾਹਤ ਰੱਖਣ ਵਾਲਾ, ਅੰਦਰੋਂ-ਬਾਹਰੋਂ ਇਕਸਾਰ ਰਹਿਣ ਵਾਲਾ, ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਟਿਕਾਉਣ ਵਾਲਾ, ਸਚਿਆਰ ਸਿੱਖ ਹੀ ਗੁਰੂ ਦਾ ਰੂਪ ਹੋ ਨਿਬੜਦਾ ਹੈ। ਗੁਰੂ ਅਮਰਦਾਸ ਜੀ ਰਾਗ ਰਾਮਕਲੀ ਵਿਚ ਅਨੰਦ ਦੀ ਬਾਣੀ ’ਚ ਪੰਨਾ ਨੰਬਰ 919 ਉੱਪਰ ਫਰਮਾਉਂਦੇ ਹਨ :

ਜੇ ਕੋ ਸਿਖੁ, ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ,
ਜੀਅਹੁ ਰਹੈ ਗੁਰ ਨਾਲੈ॥
ਗੁਰ ਕੇ ਚਰਨ ਹਿਰਦੈ ਧਿਆਏ,
ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ,
ਗੁਰ ਬਿਨੁ ਅਵਰੁ ਨ ਜਾਣੈ ਕੋਇ॥
ਕਹੈ ਨਾਨਕੁ ਸੁਣਹੁ ਸੰਤਹੁ,
ਸੋ ਸਿਖੁ ਸਨਮੁਖੁ ਹੋਇ॥

ਭਾਵ, ਜੇ ਕੋਈ ਸਿੱਖ ਗੁਰੂ ਦੇ ਸਾਹਮਣੇ ਸੁਰਖ਼ਰੂ ਹੋਣਾ ਚਾਹੁੰਦਾ ਹੈ ਕਿ ਕਿਸੇ ਲੁਕਵੇਂ ਖੋਟ ਕਾਰਨ ਉਸ ਨੂੰ ਗੁਰੂ ਦੇ ਸਾਹਮਣੇ ਅੱਖਾਂ ਨੀਵੀਆਂ ਨ ਕਰਨੀਆਂ ਪੈਣ ਤਾਂ ਰਸਤਾ ਇੱਕੋ ਹੈ ਕਿ ਉਹ ਸੱਚੇ ਦਿਲੋਂ ਗੁਰੂ ਦੇ ਚਰਨਾਂ ’ਚ ਟਿਕੇ। ਸਿੱਖ ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਥਾਂ ਦੇਵੇ, ਆਪਣੀ ਆਤਮਾ ਅੰਦਰ ਸੰਭਾਲ ਰੱਖੇ, ਆਪਾ-ਭਾਵ ਛੱਡ ਕੇ ਗੁਰੂ ਦੇ ਆਸਰੇਤੋਂ ਬਿਨਾ ਕਿਸੇ ਹੋਰ ਨੂੰ ਆਤਮਕ ਜੀਵਨ ਦਾ ਵਸੀਲਾ ਨਾ ਸਮਝੇ। ਗੁਰੂ ਨਾਨਕ ਦੇਵ ਜੀ ਆਖਦੇ ਹਨ - ਹੇ ਸੰਤ ਜਨੋ ! ਉਸ ਸਿੱਖ ਦੇ ਹੀ ਅੰਦਰ ਆਤਮਕ ਖੇੜਾ ਹੋ ਸਕਦਾ ਹੈ, ਉਹੀ ਆਤਮਕ ਆਨੰਦ ਮਾਣ ਸਕਦਾ ਹੈ। ਭਾਵ, ਉਹੀ ਮਨੁੱਖ ਆਤਮਕ ਆਨੰਦ ਮਾਣ ਸਕਦਾ ਹੈ, ਜਿਹੜਾ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿਚ ਟਿਕਿਆ ਰਹਿੰਦਾ ਹੈ, ਜਿਹੜਾ ਆਪਾ-ਭਾਵ ਛੱਡ ਕੇ ਗੁਰੂ ਨੂੰ ਆਪਣਾ ਆਸਰਾ ਬਣਾਈ ਰੱਖਦਾ ਹੈ।

ਸਚਿਆਰ ਮਨੁੱਖ ਹੀ ਉਹ ਨਰ ਮਨੁੱਖ ਹੈ, ਜਿਹੜਾ ਦੁੱਖ-ਸੁੱਖ ਨੂੰ ਇਕਸਾਰ ਬਿਰਤੀ ਨਾਲ ਜਾਣਦਾ ਹੈ। ਇਨ੍ਹਾਂ ਅਸੂਲਾਂ ਦੀ ਪਕਿਆਈ ਵਿੱਚੋਂ ਉਸ ਮਨੁੱਖ ਦੀ ਘਾੜਤ ਘੜੀ ਗਈ ਹੈ, ਜਿਸ ਦਾ ਸਿੱਧਾ ਸਬੰਧ ਅਕਾਲ ਪੁਰਖ ਨਾਲ ਹੁੰਦਾ ਹੈ। ਇਸ ਅਵਸਥਾ ਵਿਚ ਖੋਟ, ਕਪਟ, ਵਿਕਾਰ ਬਿਰਤੀ ਲਈ ਕੋਈ ਥਾਂ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਮੇ ਵਿਚ ਇਸ ‘ਸਚਿਆਰ’ ਨੂੰ ‘ਖ਼ਾਲਸਾ’ ਆਖਿਆ ਜਾਣ ਲੱਗ ਪਿਆ। ਇਸ ‘ਖ਼ਾਲਸਾ’ ਸ਼ਬਦ ਦੀ ਡੂੰਘੀ ਨੀਂਹ ਵਿਚ 230 ਸਾਲ ਦੀ ਗੁਰਬਾਣੀ ਵਾਲੀ ਰੂਹਾਨੀਅਤ, ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਮਾਸੂਮ ਜਿੰਦਾਂ ਦਾ ਖ਼ੂਨ ਤੇ ਸਿੱਖਾਂ ਵੱਲੋਂ ਆਪਣੇ ਗੁਰੂ ਤੋਂ ਆਪਾ ਵਾਰਨ ਦੀ ਭਾਵਨਾ ਦੇ ਅਟੁੱਟ ਰਿਸ਼ਤੇ ਦੀ ਸਾਂਝ ਨਾਲ ਭਰੀ ਹੋਈ ਹੈ। ਇਹ ਸ਼ਹੀਦੀਆਂ ਜ਼ਰ, ਜ਼ੋਰੂ ਤੇ ਜ਼ਮੀਨ ਲਈ ਨਹੀਂ ਹੋਈਆਂ ਤੇ ਨਾ ਹੀ ਕਿਸੇ ਡਰ ਅਧੀਨ ਦਿੱਤੀਆਂ ਗਈਆਂ। ਇਹ ਮਨੁੱਖੀ ਹੱਕਾਂ ਦੀ ਰਾਖੀ ਤੇ ਹਲੇਮੀ ਰਾਜ ਦੀ ਸਥਾਪਤੀ ਨੂੰ ਕਾਇਮ ਕਰਨ ਲਈ ਹੋਈਆਂ ਹਨ। ਸਿਦਕ-ਸਬੂਰੀ, ਸੰਤੋਖ, ਧਰਮ, ਦਇਆ, ਸੇਵਾ-ਭਾਵਨਾ ਤੇ ਦ੍ਰਿੜਤਾ ਦਾ ਨਾਂ ‘ਖ਼ਾਲਸਾ’ ਹੈ। ਖ਼ਾਲਸਾ ਇਕ ਕੁਠਾਲੀ ਵਿੱਚੋਂ ਦੀ ਹੁੰਦਾ ਹੋਇਆ ਆਇਆ ਹੈ। ਇਸ ਦਾ ਸਿੱਧਾ ਸਬੰਧ ਅਕਾਲੀ ਗੁਣਾਂ, ਭਾਵ ਅਕਾਲ-ਪੁਰਖ ਨਾਲ ਹੈ।

ਖ਼ਾਲਸੇ ਦੀ ਪ੍ਰਪੱਕਤਾ

ਖ਼ਾਲਸੇ ਦੇ ਤਸੱਵਰ ’ਚ ਮੌਤ ਦੇ ਭੈਅ ਦਾ ਕੋਈ ਥਾਂ ਨਹੀਂ ਹੈ। ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦਾ ਉਹ ਧਰੂ ਤਾਰਾ ਹੈ, ਜਿਸ ਦੇ ਪੱਟਾਂ ’ਤੇ ਪਿਆ ਮਾਸੂਮ ਬੱਚਾ ਸ਼ਹੀਦੀ ਦਾ ਜਾਮ ਪੀਂਦਾ ਹੈ ਪਰ ਖ਼ਾਲਸਾ ਡੋਲਿਆ ਨਹੀਂ, ਥਿੜਕਿਆ ਨਹੀਂ ਤੇ ਬਾਕੀ ਦੇ ਸਿੰਘ ਇਕ ਦੂਜੇ ਨਾਲੋਂ ਪਹਿਲਾਂ ਮਰਨ ਲਈ ਆਪਣੀ ਵਾਰੀ ਦੀ ਉਡੀਕ ਵਿਚ ਤਿਆਰ ਖੜ੍ਹੇ ਹਨ। ਖ਼ਾਲਸੇ ਨੂੰ ਦੁਨੀਆ ਦਾ ਕੋਈ ਲਾਲਚ, ਡਰਾਵਾ ਡਰਾ ਧਮਕਾ ਨਹੀਂ ਸਕਿਆ। ਆਪਣੇ ਸੁੱਖ ਨੂੰ ਗੁਰੂ ਦੇ ਅਰਪਣ ਕਰਦਿਆਂ ਜਾਨਾਂ ਦੀ ਪਰਵਾਹ ਨਹੀਂ ਕੀਤੀ। ਘੋੜਿਆਂ ਦੀ ਕਾਠੀਆਂ ’ਤੇ ਰਾਤਾਂ ਕੱਟੀਆਂ। ਕਾਹਨੂੰਵਾਨ ਦਾ ਛੰਭ ਹੈ ਜਾਂ ਮਲੇਰਕੋਟਲੇ ਨੇੜੇ ਕੁਪ-ਰਹੀੜੇ ਦਾ ਮੈਦਾਨ, ਹਜ਼ਾਰਾਂ ਦੀ ਗਿਣਤੀ ’ਚ ਸਿੰਘ-ਸਿੰਘਣੀਆਂ ਤੇ ਬੱਚੇ ਸ਼ਹੀਦ ਕਰਾ ਕੇ ਸ਼ਾਮ ਨੂੰ ਏਹੀ ਪੜ੍ਹਿਆ- ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।’ ਖ਼ਾਲਸੇ ਦੀ ਮੂੰਹ ਬੋਲਦੀ ਤਸਵੀਰ ਸਬੰਧੀ ਪੰਥ ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਨੇ ਕੈਸਾ ਸੁੰਦਰ ਲਿਖਿਆ ਹੈ :

ਫਿੱਡਾ ਜੈਸਾ ਟੱਟੂਆ, ਔ ਜੁਲੜੂ ਸਾ ਕਾਠੀ ਪਾਏ,
ਰੱਸੜੂ ਲਗਾਮ ਤੇ ਰੱਸੜੂ ਰਕਾਬ ਜੂ।
ਪਾਟਿਆ ਸਾ ਕੱਛੜੂ, ਨੀਲੜੂ ਸਾ ਚਾਦਰੂ ਹੈ,
ਫੂੰਧੂ ਜੈਸਾ ਪੱਗੜੂ ਬਣਾਇਆ ਸਿਰਤਾਜ ਜੂ।
ਟੁੱਟਿਆ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾ ਕੇ,
ਗਠ ਸਠ ਗਾਤਰਾ ਬਣਾਇਆ ਸਭ ਸਾਜ ਜੂ।
ਨਾਮ ਤੋ ਅਕਾਲੜੂ, ਸੋ ਫਿਰੇ ਬੁਰੇ ਹਾਲੜੂ ਸੋ,
ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ।

ਤਿੱਖੀਆਂ ਰੰਬੀਆਂ, ਆਰੇ ਦੰਦੇ, ਉਬਲਦੀਆਂ ਦੇਗਾਂ, ਬੰਦ-ਬੰਦ ਕੱਟ ਦੇਣ ਵਾਲੀਆਂ ਤੇ ਭੈ-ਭੀਤ ਕਰਨ ਵਾਲੀਆਂ ਸਜ਼ਾਵਾਂ ਵਿੱਚੋਂ ਹਮੇਸ਼ਾ ਕੁੰਦਨ ਬਣ ਕੇ ਨਿਕਲਿਆ। ਇਸ ਕਿਰਦਾਰ ਦੇ ਮੁਹਵਰੇ ਬਣ ਗਏ ਸਨ -‘ਆਏ ਨੀ ਨਿਹੰਗ ਕੁੰਡਾ ਖੋਲ੍ਹਦੇ ਨਿਸੰਗ।’ ਅਜਿਹੇ ਲਕਬਾਂ ਨਾਲ ਖ਼ਾਲਸੇ ਦੀ ਸ਼ਾਨ ਨੂੰ ਚਾਰ ਚੰਨ ਲੱਗਦੇ ਰਹੇ ਹਨ।

ਰਾਜ ਭਾਗ ਦੇ ਮਾਲਕ

ਖ਼ਾਲਸੇ ਨੇ ਪ੍ਰਗਟ ਹੋਣ ਦੇ ਸੌ ਸਾਲ ਉਪਰੰਤ ਰਾਜ ਭਾਗ ਨੂੰ ਆਪਣੇ ਪੈਰਾਂ ਹੇਠ ਕਰ ਲਿਆ ਕਿਉਂਕਿ ਅੰਤਰ ਆਤਮਾ ’ਚ ਗੁੜ੍ਹਤੀ ਇਕ-ਓਂਕਾਰ ਦੀ ਸੀ। ਅਰਦਾਸ ’ਚ ਵੀ ਇਨ੍ਹਾਂ ਸ਼ਬਦਾਂ ਦਾ ਦੁਹਰਾਓ ਹੈ ਕਿ ‘ਖਾਲਸਾ ਜੀ ਕੇ ਬੋਲ ਬਾਲੇ।’ ਸਮੇਂ ਨੇ ਪ੍ਰਸਥਿਤੀਆਂ ਬਦਲੀਆਂ ਤੇ ਆਪਣੀ ਤਾਕਤ ਨਾਲ ਖ਼ਾਲਸੇ ਨੇ ਰਾਜ ਭਾਗ ਕਾਇਮ ਕੀਤਾ।

ਇਸ ਸਮੇਂ ਵਿਚ ਖ਼ਾਲਸੇ ਨੇ ਇਕ ਹੋਰ ਸ਼ਬਦ ਨੂੰ ਜਨਮ ਦਿੱਤਾ। ਮਹਾਨ ਕੋਸ਼ ਅਨੁਸਾਰ ਬਾਬਾ ਨੈਣਾ ਸਿੰਘ ਦਾ ਚਾਟੜਾ ਅਕਾਲੀ ਫੂਲਾ ਸਿੰਘ ਸਿੱਖ ਦਲ ’ਚ ਪ੍ਰਸਿੱਧ ਸੈਨਾਪਤੀ ਹੋਇਆ ਹੈ। ਨਿਹੰਗ ਸਿੰਘ ਅਕਾਲ ਦੇ ਉਪਾਸ਼ਕ ਤੇ ਅਕਾਲ! ਅਕਾਲ! ਜਪਦੇ ਹਨ, ਇਸ ਕਾਰਨ ਇਨ੍ਹਾਂ ਦਾ ਨਾਂ ‘ਅਕਾਲੀ’ ਮਸ਼ਹੂਰ ਹੋਇਆ। ਅਕਾਲੀ ਦਾ ਤਸੱਵਰ ਸਚਿਆਰ ਮਨੁੱਖ ਤੋਂ ਹੀ ਹੈ।

1920 ਤੋਂ ਬਾਅਦ ਅਕਾਲੀ

ਡਾ. ਹਰਜਿੰਦਰ ਸਿੰਘ ਦਿਲਗੀਰ ‘ਸਿੱਖ ਤਵਾਰੀਖ’ ਵਿਚ ਲਿਖਦੇ ਹਨ ਕਿ 1920 ਵਿਚ ਸੰਜੀਦਾ ਸਿੱਖ ਆਗੂਆਂ ਨੇ ਅੰਮ੍ਰਿਤ ਪਰਚਾਰ ਦੀ ਲਹਿਰ ਚਲਾਈ। ਇਸ ਦੇ ਨਾਲ ਹੀ ਸਿੱਖਾਂ ਦੇ ਧਾਰਮਿਕ ਤੇ ਸਿਆਸੀ ਹਾਲਾਤ ਬਾਰੇ ਵਿਚਾਰਾਂ ਕੀਤੀਆਂ। ਗੁਰਦੁਆਰਿਆਂ ਦੀ ਹਾਲਤ ਦੀ ਵੀ ਚਰਚਾ ਚੱਲੀ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਏ ਸਿੰਘ ਟੋਲੀਆਂ ਬਣਾ ਕੇ ਸ਼ਾਹਿਰਾਂ ਤੋਂ ਪਿੰਡਾਂ ਵੱਲ ਨੂੰ ਨਿਕਲਣ ਲੱਗੇ। ਖੁਲ੍ਹਾ ਦਾਹੜਾ, ਹੱਥ ’ਚ ਕਿਰਪਾਨ ਹਰ ਸੰਜੀਦਾ ਸਿੱਖ ਦਾ ਹਿੱਸਾ ਬਣ ਗਈ ਸੀ। ਪਹਿਲੀ ਮਈ 1920 ਨੂੰ ਸੁੰਦਰ ਸਿੰਘ, ਹਰਚੰਦ ਸਿੰਘ ਲਾਇਲਪੁਰੀ, ਹੀਰਾ ਸਿੰਘ ਦਰਦ, ਸਰਦੂਲ ਸਿੰਘ ਤੇ ਸਾਥੀਆਂ ਨੇ ਲਾਹੌਰ ਵਿਖੇ ਰੋਜ਼ਾਨਾ ‘ਅਕਾਲੀ’ ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਇਹ ਨਾਂ ਅਕਾਲੀ ਫੂਲਾ ਸਿੰਘ ਦੀ ਖਾੜਕੂ ਸੋਚ ਕਾਰਨ ਚੁਣਿਆ ਸੀ। 21 ਮਈ 1920 ਅਕਾਲੀ ਅਖ਼ਬਾਰ ਦਾ ਪਹਿਲਾ ਦਿਨ ਸੀ। ਅਕਾਲੀ ਅਖਬਾਰ ਦੁਆਰਾ ਅਕਾਲੀ ਨਾਂ ਦੀ ਹਰ ਪਾਸੇ ਬੱਲੇ-ਬੱਲੇ ਹੋਣ ਲੱਗੀ ਤੇ ਇੰਜ ਅਕਾਲੀ ਲਹਿਰ ਚੱਲੀ। ਇਸ ਅਖ਼ਬਾਰ ’ਚ ਭਾਈ ਹੀਰਾ ਸਿੰਘ ਦਰਦ ਦੀ ਕਵਿਤਾ ਛਪੀ ਸੀ, ਜਿਹੜੀ ਹਰ ਅਕਾਲੀ ਨੂੰ ਜ਼ੁਬਾਨੀ ਯਾਦ ਸੀ :

ਅੱਖਾਂ ਖੋਲ੍ਹੋ ਫਿੱਲੜ ਵੀਰੋ
ਆ ਗਿਆ ਫਿਰ ਅਕਾਲੀ ਜੇ।

ਖੰਡਾ ਫੜਿਆ ਹੱਥ ਵਿਚ ਸੱਚ ਦਾ, ਜੋਤ ਮਾਰਦੀ ਲਾਲੀ ਜੇ।
ਧਰਮੀ ਯੋਧੇ ਕੌਮੀ ਰਾਖੇ ਦਿੱਤੀ ਆਣ ਵਿਖਾਲੀ ਜੇ।
ਅੱਖਾਂ ਖੋਲ੍ਹੋ ਫਿੱਲੜ ਵੀਰੋ ਆ ਗਿਆ ਫਿਰ ਅਕਾਲੀ ਜੇ।

ਹਰ ਪਾਸੇ ਨੀਲੀਆਂ ਪੱਗਾਂ ਤੇ ਕਿਰਪਾਨ ਧਾਰੀ ਅਕਾਲੀ ਨਜ਼ਰ ਆਉਣ ਲੱਗੇ। ਸਮਾਂ ਆਪਣੀ ਤੋਰ ਤੁਰਦਾ ਗਿਆ, ਅਖ਼ੀਰ ਗੁਰਦੁਆਰਾ ਸੇਵਕ ਦਲ ਤੋਂ ਸ਼੍ਰੋਮਣੀ ਅਕਾਲੀ ਦਲ ਨਾਂ ਰੱਖਿਆ ਗਿਆ ਉਦੋਂ ਜਦੋਂ ਗੁਰਦੁਆਰਾ ਪੰਜਾ ਸਾਹਿਬ ਨੂੰ ਮਹੰਤ ਦੇ ਕਬਜ਼ੇ ’ਚੋਂ ਮੁਕਤ ਕਰਵਾਇਆ ਸੀ। 26 ਨਵੰਬਰ 1920 ਨੂੰ ਇਸ ਗੱਲ ਦੀ ਵਿਚਾਰ ਹੋਈ ਕਿ ਗੁਰਦੁਆਰਾ ਸੇਵਕ ਦਲ ਨਾਂ ਰੱਖਿਆ ਜਾਏ ਜਾਂ ਅਕਾਲੀ ਦਲ ਨਾਂ ਰੱਖਿਆ ਜਾਏ। ਇਸ ਲਹਿਰ ਵਿਚ ਬਹੁਤ ਵੱਡਾ ਜੋਸ਼ ਵੇਖਣ ਨੂੰ ਮਿਲਿਆ। 14 ਦਸੰਬਰ 1920 ਨੂੰ ਮੁੜ ਅਕਾਲ ਤਖ਼ਤ ਵਿਖੇ ਭਾਈ ਕਰਤਾਰ ਸਿੰਘ ਝੱਬਰ ਦੀਆਂ ਕੋਸ਼ਿਸ਼ਾਂ ਸਦਕਾ ਭਾਰੀ ਇਕੱਠ ਹੋਇਆ ਤੇ ਡੂੰਘੇ ਵਿਚਾਰ-ਵਟਾਂਦਰੇ ਤੋਂ ਬਾਅਦ ਸਿਆਸੀ ਵਿੰਗ ਦੇ ਤੌਰ ’ਤੇ ਸ਼੍ਰੋਮਣੀ ਅਕਾਲੀ ਦਲ ਹੋਂਦ ’ਚ ਆਇਆ। ਇਸ ਅਕਾਲੀ ਦਲ ਦਾ ਦੋ ਨੁਕਾਤੀ ਪ੍ਰੋਗਰਾਮ ਸੀ। ਇਕ ਇਹ ਕਿ ਸਾਰੇ ਜਥਿਆਂ ਨੂੰ ਇਕੱਠਾ ਕਰ ਕੇ ਪੰਥ ਦੀ ਸੇਵਾ ਕਰਨੀ ਅਤੇ ਅਕਾਲੀ ਦਲ ਦਾ ਦੂਸਰਾ ਮਤਾ ਬੜਾ ਅਹਿਮ ਸੀ ਕਿ ਗੁਰਦੁਆਰਿਆਂ ਦੀ ਸੇਵਾ ਲਈ ਸ਼੍ਰੋਮਣੀ ਕਮੇਟੀ ਦੇ ਹੁਕਮਾਂ ’ਤੇ ਅਮਲ ਕਰਨਾ।

ਡਾ. ਹਰਜਿੰਦਰ ਸਿੰਘ ਜੀ ਦਿਲਗੀਰ ਸਿੱਖ ਤਵਾਰੀਖ਼ ਦੇ ਪੰਨਾ ਨੰਬਰ 821 ’ਤੇ ਲਿਖਦੇ ਹਨ ਕਿ ਹਰ ਅਕਾਲੀ ਨੂੰ ਇਕ ਸੌਂਹ ਚੁਕਾਈ ਜਾਂਦੀ ਸੀ, ‘ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਾਅਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਲਹਿਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂਗਾ। ਇਸ ਸਬੰਧੀ ਮੈਂ ਆਪ ਜਥੇਦਾਰ ਦੇ ਹੁਕਮ ਵਿਚ ਰਹਾਂਗਾ। ਵੱਡੀ ਤੋਂ ਵੱਡੀ ਮੁਸੀਬਤ ਵਿਚ ਵੀ ਮੈਂ ਕਿਸੇ ਨੂੰ ਕੁਬੋਲ ਨਹੀਂ ਕਰਾਂਗਾ ਤੇ ਨਾ ਹੀ ਤਸ਼ੱਦਦ ਕਰਾਂਗਾ।’ ਡਾ. ਦਿਲਗੀਰ ਲਿਖਦੇ ਹਨ ਕਿ ਔਰਤਾਂ ਵੱਡੀ ਗਿਣਤੀ ਵਿਚ ਅਕਾਲਣਾ ਬਣ ਰਹੀਆਂ ਸਨ ਪਰ ਉਨ੍ਹਾਂ ਦਾ ਕੰਮ ਸਟੇਜ ’ਤੇ ਬੋਲਣਾ ਤੇ ਅਕਾਲੀ ਦਲ ਲਈ ਕੰਮ ਕਰਨ ਤਕ ਸੀਮਤ ਸੀ। ਇੰਜ ਅਕਾਲੀ ਦਲ ਵੱਡੀ ਡਿਸਿਪਲਿਨ ਵਾਲੀ ਜਥੇਬੰਦੀ ਬਣੀ ਤੇ ਬੜੀ ਤੇਜ਼ੀ ਨਾਲ ਇਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਅੱਗੇ ਵਧਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਹੁਕਮ ’ਤੇ ਅਕਾਲੀ ਦਲ ਫੁੱਲ ਚੜ੍ਹਾਉਂਦੇ ਸਨ। ਜਦੋਂ ਮੋਰਚਾ ਲਗਦਾ ਤਾਂ ਜੱਥੇ ਵਿੱਚੋਂ ਕਈ ਅਕਾਲੀ ਲਿਖ ਕੇ ਦਿੰਦੇ ਸਨ ਕਿ ਜੇ ਮੈਂ ਸ਼ਹੀਦ ਹੋ ਗਿਆ ਤਾਂ ਮੇਰੀ ਜਾਇਦਾਦ ਗੁਰੂ ਨੂੰ ਅਰਪਣ ਹੋਵੇ। ਸਚਿਆਰ ਤੋਂ ਤੁਰਿਆ ਸਫ਼ਰ ਸਮੁੱਚੀ ਸਿੱਖ ਕੌਮ ਨੂੰ ‘ਖ਼ਾਲਸਾ’ ਸ਼ਬਦ ਨਾਲ ਬੁਲਾਇਆ ਜਾਣ ਲੱਗ ਪਿਆ।

ਮੌਜੂਦਾ ਸਮੇਂ ਦੇ ਅਕਾਲੀ

ਇਸ ਵਿਚ ਦੋ ਰਾਏ ਨਹੀਂ ਕਿ ਅਕਾਲੀ ਦਲ ਦੇ ਸੇਵਾਦਾਰਾਂ ਨੇ ਗੁਰੂ ਦੀ ਸਿੱਖੀ ਨੂੰ ਜੀਵਿਆ ਤੇ ਪਹਿਰਾ ਦਿੰਦਿਆਂ ਸ਼ਹੀਦੀਆਂ ਦਿੱਤੀਆਂ ਪਰ ਕੌਮ ਦੀ ਬਦਕਿਸਮਤੀ ਹੈ ਕਿ ਸ਼ਹੀਦਾਂ ਦੀ ਜਥੇਬੰਦੀ ਕੇਵਲ ਚੰਦ ਪਰਿਵਾਰਾਂ ਤੀਕ ਸੀਮਤ ਹੋ ਕੇ ਰਹਿ ਗਈ ਹੈ। ਅਕਾਲੀ ਦਲ ਦਾ ਕੇਵਲ ਨਾਂ ਹੀ ਰਹਿ ਗਿਆ ਹੈ ਬਾਕੀ ਸਿਧਾਂਤ ਵਾਲੀ ਕੋਈ ਕਹਾਣੀ ਨਹੀਂ ਹੈ। ਹੁਣ ਤੇ ਸ਼ਹੀਦਾਂ ਦੀ ਜਥੇਬੰਦੀ ਪੰਜਾਬੀ ਪਾਰਟੀ ਦਾ ਰੂਪ ਵਟਾ ਚੁੱਕੀ ਹੈ। ਹਾਂ, ਕਦੇ-ਕਦੇ ਆਪਣੇ ਹਿੱਤਾਂ ਦੀ ਖ਼ਾਤਰ ਪੰਥ ਨੂੰ ਖ਼ਤਰਾ ਦਸਦਿਆਂ ਪੰਥ ਹਿਤੈਸ਼ੀ ਹੋਣ ਦਾ ਢੰਡੋਰਾ ਜ਼ਰੂਰ ਪਿੱਟਿਆ ਜਾਂਦਾ ਹੈ ਪਰ ਮੌਜੂਦਾ ਅਕਾਲੀ ਦਲ ‘ਅਕਾਲੀ’ ਵਾਲੇ ਕਰਤੱਵ ਭੁੱਲ ਗਿਆ ਹੈ। ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਨੂੰ ਚਲਾਉਂਦੀ ਸੀ ਪਰ ਅੱਜ ਪੰਜਾਬੀ ਪਾਰਟੀ ‘ਸ਼੍ਰੋਮਣੀ ਅਕਾਲੀ ਦਲ’ ਦਾ ਨਾਂ ਵਰਤ ਕੇ ਸ਼੍ਰੋਮਣੀ ਕਮੇਟੀ ਨੂੰ ਚਲਾ ਰਹੀ ਹੈ। ਅਖ਼ਬਾਰੀ ਤਸਵੀਰਾਂ ਅਨੁਸਾਰ ਬਹੁਤਾ ਅਕਾਲੀ ਦਲ ਘੋਨ-ਮੋਨ ਹੋ ਚੁੱਕਾ ਹੈ। ਜਿਹੜੇ ਅਸਲੀ ਅਕਾਲੀ ਹਨ, ਉਹ ਧਾਕੜ ਹਾਕਮਾਂ ਕੋਲੋਂ ਡਰਦਿਆਂ ਚੁੱਪ ’ਚ ਭਲੀ ਸਮਝ ਰਹੇ ਹਨ। ਭਾਈ ਹੀਰਾ ਸਿੰਘ ਦਰਦ ਦੀ ਕਵਿਤਾ ਦਾ ਇਹ ਬੰਦ ਬੜਾ ਭਾਵ ਪੂਰਤ ਹੈ :

ਅੱਖੀਂ ਵੇਖ ਬੇਅਦਬੀ ਹੁੰਦੀ ਬੀਰ ਨਾ ਕਦੇ ਸਹਾਰ ਸਕੇ।
ਜਿਸ ਨੇ ਸੀਸ ਤਲੀ ’ਤੇ ਧਰਿਆ ਉਸ ਨੂੰ ਕੋਈ ਨਾ ਮਾਰ ਸਕੇ।
ਜਿਉਂਦੇ ਹੋਣ ਅਕਾਲੀ ਵਰਗੇ ਕੌਮ ਕਦੀ ਨਾ ਹਾਰ ਸਕੇ।
ਨਾ ਕੋਈ ਉਸ ਦਾ ਕਾਲਜ ਖੋਹੇ ਨਾ ਕੋਈ ਖੋਹ ਦਰਬਾਰ ਸਕੇ।
ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲ੍ਹੋ ਫਿੱਲੜ ਵੀਰੋ ਆ ਗਿਆ ਫੇਰ ਅਕਾਲੀ ਜੇ।

ਅੱਜ ਅਕਾਲੀ ਦਲ ਨੂੰ ਪੰਥਕ ਮੁੱਦੇ ਭੁੱਲ ਗਏ ਲਗਦੇ ਹਨ। ਸੂਬਿਆਂ ਲਈ ਵੱਧ ਅਧਿਕਾਰ ਮੰਗਣ ਦੀ ਬਜਾਏ ਪਰਿਵਾਰਕ ਹਿੱਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਅਕਾਲੀ ਦਲ ਦਾ ਨਸ਼ਿਆਂ ਸਬੰਧੀ ਨਾਂ ਅਖ਼ਬਾਰੀ ਸੁਰਖੀਆਂ ਬਣਨ ਨਾਲ ਆਮ ਸਿੱਖ ਨੂੰ ਦੁੱਖ ਮਹਿਸੂਸ ਹੁੰਦਾ ਹੈ। ਅਜੇ ਵੀ ਕੁਰਬਾਨੀ ਵਾਲੇ ਅਕਾਲੀ ਕੌਮ ’ਚ ਜਿਉਂਦੇ ਹਨ, ਲੋੜ ਹੈ ਉਨ੍ਹਾਂ ਨੂੰ ਮੈਦਾਨ ਵਿਚ ਆਉਣ ਦੀ। ਪੰਥ ਦਾ ਦਰਦ ਰੱਖਣ ਵਾਲੇ ਸਿੱਖਾਂ ਦੀ ਘਾਟ ਨਹੀਂ, ਸਿਰਫ਼ ਸੁਹਿਰਦਤਾ ਦੀ ਲੋੜ ਹੈ। ਅੱਜ ਕਿਹਾ ਜਾ ਰਿਹਾ ਹੈ ਕਿ ਮੈਨੂੰ ਅਕਾਲੀ ਹੋਣ ’ਤੇ ਮਾਣ ਹੈ, ਇਹ ਸਿਰਫ਼ ਲੋਕ ਵਿਖਾਵਾ ਹੈ ਜਾਂ ਅਕਾਲੀ ਹੋਣ ਦਾ ਭਰਮ ਪਾਲਿਆ ਜਾ ਰਿਹਾ ਹੈ? ਅਸਲੀ ਅਕਾਲੀ ਨੂੰ ਆਪਣਾ ਦਿਖਾਵਾ ਕਰਨ ਦੀ ਲੋੜ ਨਹੀਂ, ਉਹਦੇ ਕਾਰ-ਵਿਹਾਰ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਅਕਾਲੀ ਹੈ।

ਇਕ ਦੰਦ ਕਥਾ ਹੈ ਕਿ ਜਦੋਂ ਭਾਈ ਕਰਤਾਰ ਸਿੰਘ ਨੂੰ ਕਿਹਾ ਗਿਆ ਕਿ ‘ਤੁਹਾਡੀ ਸਰਕਾਰ ਦਾ ਸਮਾਂ ਖ਼ਤਮ ਹੁੰਦਾ ਹੈ, ਕੋਠੀ ਖ਼ਾਲੀ ਕਰ ਦਿਓ ਤਾਂ ਉਨ੍ਹਾਂ ਨੇ ਕੋਈ ਉਜਰ ਨਹੀਂ ਕੀਤਾ ਤੇ ਕਿੱਲੀ ’ਤੇ ਟੰਗਿਆ ਆਪਣਾ ਕਛਹਿਰਾ ਲਾਹਿਆ ਤੇ ਕਹਿਣ ਲੱਗੇ, ‘ਭਾਈ, ਸੰਭਾਲੋ ਆਪਣੀ ਕੋਠੀ, ਅਸੀਂ ਚੱਲਦੇ ਹਾਂ।’ •

991552-9725

ਜ਼ਿਲ੍ਹਾ ਰੂਪਨਗਰ ਦੇ ਵੱਖ-ਵੱਖ ਵੈਲਫੇਅਰ ਬੋਰਡਾਂ ਦੇ ਚੇਅਰਮੈਨਾਂ ਦੀ ਮੀਟਿੰਗ ਹੋਈ

ਰੂਪਨਗਰ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੂਪਨਗਰ ਦੇ ਵੱਖ-ਵੱਖ ਵੈਲਫੇਅਰ ਬੋਰਡਾਂ ਦੇ ਚੇਅਰਮੈਨਾਂ ਅਤੇ ਨੁਮਾਇੰਦਿਆਂ ਦੀ ਮੀਟਿੰਗ ਜ਼ਿਲ੍ਹਾ ਇੰਚਾਰਜ ਸੰਜੀਵ ਗੌਤਮ ਅਤੇ ਯੂਥ ਵਿੰਗ ਦੇ ਜ਼ਿਲ੍ਹਾ ਇੰਚਾਰਜ ਪ੍ਰਧਾਨ ਚੇਤਨ ਕਾਲੀਆ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਵੱਖ-ਵੱਖ ਸਮਾਜਾਂ ਨਾਲ ਸਬੰਧਿਤ ਸਮੱਸਿਆਵਾਂ ਅਤੇ ਲੋਕ ਭਲਾਈ ਦੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਅਤੇ ਲੋਕ ਭਲਾਈ ਯੋਜਨਾਵਾਂ ਬਾਰੇ ਲੋਕਾਂ ਨੂੰ ਘਰ-ਘਰ ਜਾ ਕੇ ਜਾਗਰੂਕ ਕਰਨ ਲਈ ਰਣਨੀਤੀ ਵੀ ਤਿਆਰ ਕੀਤੀ ਗਈ।

ਇਸ ਮੌਕੇ ਜ਼ਿਲ੍ਹਾ ਇੰਚਾਰਜ ਸੰਜੀਵ ਗੌਤਮ ਨੇ ਕਿਹਾ ਕਿ ਵੱਖ-ਵੱਖ ਵੈਲਫੇਅਰ ਬੋਰਡਾਂ ਦੇ ਨੁਮਾਇੰਦਿਆਂ ਦੀ ਜ਼ਿੰਮੇਵਾਰੀ ਆਪਣੇ ਸਮਾਜ ਦੀਆਂ ਸਮੱਸਿਆਵਾਂ ਨੂੰ ਉਠਾਉਣ ਦੇ ਨਾਲ-ਨਾਲ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਲੋਕਾਂ ਨੂੰ ਸਹੀ ਜਾਣਕਾਰੀ ਦੇਣੀ ਬਹੁਤ ਜ਼ਰੂਰੀ ਹੈ।

ਬੋਰਡਾਂ ਦੇ ਨੁਮਾਇੰਦੇ ਆਪਣੇ ਖੇਤਰਾਂ ਵਿੱਚ ਲੋਕਾਂ ਨਾਲ ਸੰਪਰਕ ਬਣਾਈ ਰੱਖਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਯਤਨ ਕਰਨ। ਉਨ੍ਹਾਂ ਕਿਹਾ ਕਿ ਆਪਸੀ ਤਾਲਮੇਲ ਅਤੇ ਲੋਕਾਂ ਦੀ ਭਾਗੀਦਾਰੀ ਨਾਲ ਸਮਾਜਿਕ ਭਲਾਈ ਦੇ ਕੰਮਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

ਯੂਥ ਵਿੰਗ ਦੇ ਜ਼ਿਲ੍ਹਾ ਇੰਚਾਰਜ ਪ੍ਰਧਾਨ ਚੇਤਨ ਕਾਲੀਆ ਨੇ ਕਿਹਾ ਕਿ ਨੌਜਵਾਨਾਂ ਨੂੰ ਲੋਕਾਂ ਨਾਲ ਜੁੜ ਕੇ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਬੋਰਡਾਂ ਦੇ ਨੁਮਾਇੰਦਿਆਂ ਦੇ ਸਹਿਯੋਗ ਨਾਲ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਠਾਉਣ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਜਾਰੀ ਰੱਖੇ ਜਾਣਗੇ।

ਮੀਟਿੰਗ ਵਿੱਚ ਰਾਜਪੂਤ ਬੋਰਡ ਦੇ ਚੇਅਰਮੈਨ ਰਜਿੰਦਰ ਰਾਣਾ, ਗੁੱਜਰ ਬੋਰਡ ਦੇ ਸ਼ਮਸ਼ੇਰ ਸਿੰਘ, ਸਵਰਨਕਾਰ ਬੋਰਡ ਦੇ ਸਾਹਿਲ ਕੁਮਾਰ, ਖੱਤਰੀ ਅਰੋੜਾ ਵੈਲਫੇਅਰ ਬੋਰਡ ਦੇ ਜ਼ਿਲ੍ਹਾ ਚੇਅਰਮੈਨ ਦੀਪਕ ਸੋਨੀ, ਖੱਤਰੀ ਅਰੋੜਾ ਹਲਕਾ ਚੇਅਰਮੈਨ ਰਾਹੁਲ ਸੋਨੀ, ਸਵਰਨਕਾਰ ਬੋਰਡ ਦੇ ਸ੍ਰੀ ਅਨੰਦਪੁਰ ਸਾਹਿਬ ਹਲਕਾ ਚੇਅਰਮੈਨ ਮੁਕੇਸ਼ ਵਰਮਾ, ਰਾਜਪੂਤ ਵੈਲਫੇਅਰ ਬੋਰਡ ਦੇ ਸ੍ਰੀ ਅਨੰਦਪੁਰ ਸਾਹਿਬ ਹਲਕਾ ਚੇਅਰਮੈਨ ਕਿਰਨਦੀਪ ਰਾਣਾ, ਅਗਰਵਾਲ ਵੈਲਫੇਅਰ ਬੋਰਡ ਦੇ ਚੇਅਰਮੈਨ ਰਾਕੇਸ਼ ਜਿੰਦਲ, ਗੁੱਜਰ ਵੈਲਫੇਅਰ ਬੋਰਡ ਦੇ ਜ਼ਿਲ੍ਹਾ ਚੇਅਰਮੈਨ ਅਤੇ ਹਲਕਾ ਰੂਪਨਗਰ ਦੇ ਨੁਮਾਇੰਦੇ ਅੱਛਰ ਸਿੰਘ ਪੰਮੂ ਅਤੇ ਕਾਰਤਿਕ ਕੌਸ਼ਲ ਸਮੇਤ ਹੋਰ ਮੈਂਬਰਾਂ ਨੇ ਭਾਗ ਲਿਆ।

ਲੋਕ ਮਿਲਣੀ ਲਈ ਸੁਖਬੀਰ ਬਾਦਲ ਪਹੁੰਚ ਰਹੇ ਹਨ ਸਮਾਣਾ : ਜਗਮੀਤ ਹਰਿਆਊ

ਪਟਿਆਲਾ, 31 ਅਕਤੂਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸਮਾਣਾ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ ਨੇ ਦੱਸਿਆ ਕਿ ਹਲਕਾ ਸਮਾਣਾ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਨ ਲਈ ਸੁਖਬੀਰ ਸਿੰਘ 3ਲੋਕ ਮਿਲਣੀ ਸਮਾਗਮ ਵਿਚ ਸਮਾਣਾ ਪਹੁੰਚ ਰਹੇ ਹਨ। ਉਹ ਬਾਅਦ ਦੁਪਿਹਰ 2 ਵਜੇ ਸਮਾਣਾ ਪਹੁੰਚਣਗੇ ਅਤੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ। ਆਮ ਆਦਮੀ ਪਾਰਟੀ ਵਲੋਂ ਠੱਪ ਕੀਤੇ ਗਏ ਵਿਕਾਸ ਕਾਰਜ ਅਤੇ ਲੋਕਾਂ 'ਤੇ ਕੀਤੇ ਜਾ ਰਹੇ ਝੂਠੇ ਪਰਚਿਆਂ ਖਿਲਾਫ ਆਵਾਜ਼ ਬੁਲੰਦ ਕੀਤੀ ਜਾਵੇਗੀ। ਸਮਾਣਾ ਦੇ ਲੋਕ ਸੁਖਬੀਰ ਸਿੰਘ ਬਾਦਲ ਨੂੰ ਆਮ ਆਦਮੀ ਪਾਰਟੀ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਜਾਣਕਾਰੀ ਦੇਣਗੇ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਆਮਦ ਪ੍ਰਤੀ ਸਮਾਣਾ ਦੇ ਲੋਕਾਂ ਵਿਚ ਭਾਰੀ ਉਤਸ਼ਾਹ ਹੈ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਨੱਸੂਪੁਰ, ਅਜੈਬ ਸਿੰਘ ਮੱਲ੍ਹੀ, ਮਲਕੀਤ ਸਿੰਘ ਲਾਡੀ ਚੀਮਾ ਧਰਮਹੇੜੀ, ਗੋਪਾਲ ਸ਼ਰਮਾ, ਅਮਰਜੀਤ ਸਿੰਘ ਟੋਡਰਪੁਰ, ਨਿਸ਼ਾਨ ਸਿੰਘ ਸੰਧੂ, ਸਤੀਸ਼ ਪੱਪੀ ਆਦਿ ਵੀ ਹਾਜ਼ਰ ਸਨ

ਔਰਤਾਂ ਦੀ ਭਾਗੀਦਾਰੀ ਨਾਲ ਪਿੰਡਾਂ ਦੇ ਵਿਕਾਸ ਨੂੰ ਮਿਲੇਗੀ ਨਵੀਂ ਦਿਸ਼ਾ : ਨੀਸ਼ਾ ਚੱਢਾ

ਰੂਪਨਗਰ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਦੀ ਧਰਮ ਪਤਨੀ ਮੈਡਮ ਨੀਸ਼ਾ ਚੱਢਾ ਨੇ ਨੂਰਪੁਰਬੇਦੀ ਸਥਿਤ ਵਿਧਾਇਕ ਦੇ ਦਫ਼ਤਰ ਵਿਖੇ ਬਲਾਕ ਨੂਰਪੁਰਬੇਦੀ ਦੇ ਗਰੁੱਪ-8 ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੀਆਂ ਸਖੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਔਰਤਾਂ ਦੀ ਭਲਾਈ, ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਅਤੇ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿ। ਮੀਟਿੰਗ ਵਿੱਚ ਅਬਿਆਣਾ ਕਲਾਂ, ਅਬਿਆਣਾ ਖੁਰਦ, ਬਟਾਰਲਾ, ਦਹੀਰਪੁਰ, ਹਰੀਪੁਰ, ਫੂਲੜੇ, ਮਾਧੋਪੁਰ ਅਤੇ ਨੰਗਲ ਸਮੇਤ ਵੱਖ-ਵੱਖ ਪਿੰਡਾਂ ਦੀਆਂ ਸਖੀਆਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮੈਡਮ ਨੀਸ਼ਾ ਚੱਢਾ ਨੇ ਕਿਹਾ ਕਿ ਸਮਾਜ ਦੀ ਤਰੱਕੀ ਲਈ ਔਰਤਾਂ ਦੀ ਸਰਗਰਮ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਔਰਤਾਂ ਦੀਆਂ ਲੋੜਾਂ, ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸਮਝ ਕੇ ਹੀ ਲੋਕ ਭਲਾਈ ਦੇ ਉਪਰਾਲਿਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਸਖੀਆਂ ਨੂੰ ਆਪਣੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਸਰਕਾਰੀ ਯੋਜਨਾਵਾਂ ਬਾਰੇ ਜਾਗਰੂਕ ਕਰਨ ਅਤੇ ਸਮਾਜਿਕ ਕਾਰਜਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਅਤੇ ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਣਾ ਜ਼ਰੂਰੀ ਹੈ। ਇਸ ਲਈ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਣਾ ਅਹਿਮ ਹੈ।

ਮੈਡਮ ਨੀਸ਼ਾ ਚੱਢਾ ਨੇ ਹਲਕਾ ਰੂਪਨਗਰ ਵਿੱਚ ਵਿਧਾਇਕ ਦਿਨੇਸ਼ ਚੱਢਾ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਨੂੰ ਤਰਜੀਹ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਲੋਕਾਂ ਦੇ ਸਹਿਯੋਗ ਅਤੇ ਸੁਝਾਵਾਂ ਦੀ ਅਹਿਮ ਭੂਮਿਕਾ ਹੈ।

ਮੀਟਿੰਗ ਦੌਰਾਨ ਸਖੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਔਰਤਾਂ ਦੀ ਭਲਾਈ, ਪਿੰਡਾਂ ਦੀਆਂ ਲੋੜਾਂ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਹੋਰ ਸੁਚਾਰੂ ਢੰਗ ਨਾਲ ਅੱਗੇ ਵਧਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਮਾਛੀਵਾੜਾ ਸਾਹਿਬ ਵਿੱਚ ਭਗਵਾਨ ਵਾਲਮੀਕ ਜੈਅੰਤੀ ਧੂਮਧਾਮ ਨਾਲ ਮਨਾਈ ਗਈ

ਮਾਛੀਵਾੜਾ , 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਗਵਾਨ ਵਾਲਮੀਕ ਦੇ ਸੰਵਿਧਾਨਾਂ ਵੱਲੋਂ ਪਰਮਪਿਤਾ ਪਰਮਾਤਮਾ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਦਿਵਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਫਲਤਾ ਪੂਰਵਕ ਸਜਾਈ ਗਈ, ਜਿਸ ਲਈ ਸਮੂਹ ਨਗਰ ਨਿਵਾਸੀਆ, ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਵੀ ਸ਼ਾਮਿਲ ਹੋਏ। ਇਸ ਸੰਬੰਧੀ ਪ੍ਰਧਾਨ ਸ਼ਿਵ ਬਾਲੀ,ਨਿਰਮਲ ਸਿੰਘ ਰਾਜੂ , ਰਾਜਕੁਮਾਰ ਘਾਰੂ ,ਜਤਿੰਦਰ ਬਾਲੀ,ਆਦਿ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋ ਵੱਲੋਂ ਝੰਡਾ ਲਹਿਰਾ ਕੇ ਅੱਜ ਦੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ, ਉਪਰੰਤ ਸੰਗਤਾਂ ਲਈ ਲੰਗਰ ਚਲਾਇਆ ਗਿਆ। ਪਰਮਜੀਤ ਢਿਲੋ ਵੱਲੋਂ ਭਗਵਾਨ ਵਾਲਮੀਕ ਜੀ ਦੇ ਬਣ ਰਹੇ ਮੰਦਰਾਂ ਲਈ ਲੈਂਟਰ ਦੀ ਮਦਦ ਦੇਣ ਦਾ ਵੀ ਭਰੋਸਾ ਦਿੱਤਾ।

ਇਸ ਮੌਕੇ ਪਰਮਜੀਤ ਸਿੰਘ ਢਿੱਲੋ ਦੇ ਨਾਲ ਜਸਪਾਲ ਸਿੰਘ ਜੱਜ ,ਬੱਬੂ ਔਜਲਾ, ਮਨਜੀਤ ਸਿੰਘ ਮੱਕੜ ,ਜਗਦੀਪ ਸਿੰਘ ਝੱਜ ,ਪੁਸ਼ਪਿੰਦਰ ਸਿੰਘ ਧਨੋਆ, ਮਨਜੀਤ ਸਿੰਘ ਢਿੱਲੋਂ ,ਨੀਲਾ ਬਾਬਾ, ਅੰਮ੍ਰਿਤਪਾਲ ਸਿੰਘ, ਅਰਸ਼ ਰਾਏ ,ਦਲਵੀਰ ਸਿੰਘ ਕੰਗ, ਰਮਨਦੀਪ ਸਿੰਘ ਰੰਧਾਵਾਂ ਵੀ ਮੌਜੂਦ ਸਨ॥ਕਰੀਬ 4 ਵਜੇ ਤੋਂ ਬਾਅਦ ਸ਼ੋਭਾ ਯਾਤਰਾ ਨੂੰ ਰਵਾਨਾ ਕਰਨ ਲਈ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਹਲਕਾ ਸਮਰਾਲਾ ਤੋਂ ਬੀਜੇਪੀ ਆਗੂ ਨਿਸ਼ੂ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸ਼ੋਭਾ ਯਾਤਰਾ ਰਵਾਨਾ ਕਰਨ ਸਮੇਂ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਆਪ ਆਗੂ ਪ੍ਰਵੀਨ ਮੱਕੜ , ਕਰਮਜੀਤ ਸਿੰਘ ਲੋਪੋਂ, ਅਸੀਸ ਸ਼ਰਮਾ, ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ॥ਵਿਸ਼ਾਲ ਸ਼ੋਭਾ ਯਾਤਰਾ ਵਿੱਚ ਸਮਾਜ ਦੇ ਹਰ ਵਰਗ ਦੇ ਆਗੂਆਂ ਦੀ ਹਾਜ਼ਰੀ ਦਰਸਾਉਂਦੀ ਹੈ ਕਿ ਭਗਵਾਨ ਵਾਲਮੀਕਿ ਮਹਾਰਾਜ ਸਾਰੀ ਮਨੁੱਖਤਾ ਦੇ ਮਾਰਗ ਤੇ ਚੱਲਣ ਦੀ ਸਿੱਖਿਆ ਦੇਕੇ ਸਮਾਜ ਨੂੰ ਏਕਤਾ ਵਿੱਚ ਪ੍ਰੋਕੇ ਰਹਿਣ ਦਾ ਸੰਦੇਸ਼ ਦਿੰਦੇ ਹਨ। ਉਨਾਂ ਕਿਹਾ ਕਿ ਸ਼ੋਭਾ ਯਾਤਰਾ ਦੀ ਸਫਲਤਾ ਲਈ ਕਮੇਟੀ ਮੈਂਬਰਾਂ, ਮੁਹੱਲਾ ਵਾਸੀਆਂ ਦਾ ਬਹੁਤ ਵੱਡਾ ਯੋਗਦਾਨ ਹੈ, ਜਿਨ੍ਹਾਂ ਵੱਲੋਂ ਪਿਛਲੇ ਦੋ ਮਹੀਨਿਆਂ ਤੋਂ ਜੰਗੀ ਪੱਧਰ ਤੇ ਤਿਆਰੀਆ ਕੀਤੀਆਂ ਜਾ ਰਹੀਆਂ ਸੀ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨੂੰ ਸੱਦਾ ਪੱਤਰ ਦਿੱਤਾ ਗਿਆ ਸੀ। ਉਨਾਂ ਸ਼ਹਿਰ ਵਾਸੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ, ਜਿਨਾਂ ਨੇ ਸ਼ੋਭਾ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਭਗਵਾਨ ਵਾਲਮੀਕਿ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸ਼ਹਿਰ ਵਿੱਚ ਥਾਂ ਥਾਂ ਤੇ ਸ਼ੋਭਾ ਯਾਤਰਾ ਦੇ ਸਵਾਗਤ ਲਈ ਸੰਗਤਾਂ ਇਕੱਠੀਆਂ ਹੋ ਕੇ ਖੜੀਆਂ ਸਨ ਜਿਨਾਂ ਭਗਵਾਨ ਵਾਲਮੀਕ ਜੀ ਅੱਗੇ ਨਤਮਸਤਕ ਹੁੰਦੇ ਹੋਏ ਅਸ਼ੀਰਵਾਦ ਪ੍ਰਾਪਤ ਕੀਤਾ। ਸ਼ੋਭਾ ਯਾਤਰਾ ਵਿੱਚ ਸ਼ਾਮਿਲ ਸੰਗਤਾਂ ਲਈ ਸ਼ਹਿਰ ਵਾਸੀਆਂ ਵੱਲੋਂ ਥਾਂ-ਥਾਂ ਸਵਾਗਤ ਕਰਦਿਆਂ ਵੱਖ ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ। ਇਹ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਵਿੱਚ ਪ੍ਰਧਾਨ ਸਿਵ ਬਾਲੀ, ਨਿਰਮਲ ਸਿੰਘ ਰਾਜੂ, ਰਾਜ ਕੁਮਾਰ ਘਾਰੂ, ਅਕਾਸ਼ਦੀਪ ਬਾਲੀ , ਪਾਰਸ ਬਾਲੀ ,ਬਿਪਨ ਬਾਲੀ, ਜਤਿੰਦਰ ਬਾਲੀ ,ਨੱਥੂ ਰਾਮ ਬਾਲੀ, ਰਜਿੰਦਰ ਬਾਲੀ ਦੇਵ ਰਾਜ ਘਾਰੂ,, ਦੇਵਕੀ ਨੰਦਨ, ਭੂਸ਼ਨ ਲਾਲ, ਮੰਗਤ ਰਾਏ, ਗਗਨਦੀਪ, ਸੰਜੀਵ ਬੱਗਣ ,ਅਜੇ ਕੁਮਾਰ ਘਾਰੂ ,ਸ਼ਨੀ ਵੈਦ, ਹੈਰੀ ਸਿੰਘ ,ਮਨੋਜ ਕੁਮਾਰ ਬਾਲੀ ,ਅਮਨ ਪਾਮੇ ,ਸਤਪਾਲ ਕਾਕਾ ,ਸੁੱਚਾ ਸਿੰਘ, ਵੰਸ਼ ਸਹੋਤਾ ,ਕਮਲਜੀਤ ਪਾਮੇ, ਸਰਬਜੀਤ ਸਿੰਘ ,ਰਣਵੀਰ ਸਿੰਘ ਭੱਟੀ, ਦੀਪਾ,ਸਾਕਾ ਸਰਾਜ ,, ਵੰਜਾਰਾ ਸਭਨਾ ਦਾ ਵਿਸ਼ੇਸ਼ ਯੋਗਦਾਨ ਰਿਹਾ।

ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਸਮੁੱਚੀ ਮਾਨਵਤਾ ਲਈ ਪ੍ਰੇਰਨਾ ਸਰੋਤ ਹਨ: ਵਿਧਾਇਕ ਕੁਲਵੰਤ ਸਿੰਘ ਬਾਜੀਗਰ

ਪਾਤੜਾਂ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਵਿੱਤਰ ਮਹਾਂਕਾਵਿ 'ਰਾਮਾਇਣ' ਦੇ ਰਚੇਤਾ ਭਗਵਾਨ ਮਹਾਰਿਸ਼ੀ ਵਾਲਮੀਕਿ ਜੀ ਦੇ ਪਵਿੱਤਰ ਪ੍ਰਗਟ ਦਿਵਸ ਦੇ ਸ਼ੁਭ ਅਵਸਰ 'ਤੇ ਹਲਕਾ ਸੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਵਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਆਯੋਜਿਤ ਧਾਰਮਿਕ ਸਮਾਗਮਾਂ ਵਿੱਚ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਗਈ।

ਇਸ ਦੌਰਾਨ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਪਿੰਡ ਹਰਿਆਊ ਖੁਰਦ, ਹਰਿਆਊ ਕਲਾਂ ਅਤੇ ਪਿੰਡ ਖਾਨੇਵਾਲ ਵਿਖੇ ਕਰਵਾਏ ਗਏ ਧਾਰਮਿਕ ਸਮਾਗਮਾਂ ਅਤੇ ਸ਼ੋਭਾ ਯਾਤਰਾਵਾਂ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਭਗਵਾਨ ਸ਼੍ਰੀ ਵਾਲਮੀਕਿ ਜੀ ਦੇ ਚਰਨਾਂ ਵਿੱਚ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਨ੍ਹਾਂ ਸਮਾਗਮਾਂ ਦੌਰਾਨ ਪਿੰਡਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਇਲਾਕਾ ਨਿਵਾਸੀਆਂ ਵਲੋਂ ਵਿਧਾਇਕ ਬਾਜੀਗਰ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਇਸ ਮੌਕੇ 'ਤੇ ਇਕੱਤਰ ਹੋਈਆਂ ਸਮੂਹ ਸੰਗਤਾਂ ਨੂੰ ਭਗਵਾਨ ਮਹਾਰਿਸ਼ੀ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀਆਂ ਲੱਖ-ਲੱਖ ਵਧਾਈਆਂ ਦਿੰਦਿਆਂ ਕਿਹਾ ਕਿ ÷ਭਗਵਾਨ ਮਹਾਰਿਸ਼ੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਪੂਰੀ ਮਾਨਵਤਾ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੁਆਰਾ ਰਚਿਤ 'ਰਾਮਾਇਣ' ਸਾਨੂੰ ਸੱਚ, ਧਰਮ, ਅਹਿੰਸਾ, ਆਪਸੀ ਪ੍ਰੇਮ ਅਤੇ ਭਾਈਚਾਰਕ ਸਾਂਝ ਦਾ ਮਾਰਗ ਦਿਖਾਉਂਦੀ ਹੈ।

ਵਿਧਾਇਕ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਨੇ ਸਮਾਜ ਵਿੱਚੋਂ ਨਫ਼ਰਤ ਅਤੇ ਵਿਤਕਰੇ ਨੂੰ ਖ਼ਤਮ ਕਰਕੇ ਸਮਾਨਤਾ ਅਤੇ ਉੱਚੇ ਅਖਲਾਕੀ ਮੁੱਲਾਂ ਦਾ ਸੰਦੇਸ਼ ਦਿੱਤਾ ਸੀ ਅਤੇ ਅੱਜ ਦੇ ਸਮੇਂ ਵਿੱਚ ਸਾਨੂੰ ਉਨ੍ਹਾਂ ਵੱਲੋਂ ਦਰਸਾਏ ਪਵਿੱਤਰ ਮਾਰਗ 'ਤੇ ਚੱਲ ਕੇ ਇੱਕ ਆਦਰਸ਼ ਅਤੇ ਅਰੋਗ ਸਮਾਜ ਦੀ ਸਿਰਜਣਾ ਕਰਨ ਦੀ ਲੋੜ ਹੈ । ਇਸ ਮੌਕੇ ਸਰਪੰਚ ਬਚਿੱਤਰ ਸਿੰਘ ,ਸਰਪੰਚ ਗੱਜਣ ਸਿੰਘ ,ਸਰਪੰਚ ਤਲਵਿੰਦਰ ਸਿੰਘ , ਸਰਪੰਚ ਬਲਜਿੰਦਰ ਸਿੰਘ ,ਸਰਪੰਚ ਠੰਡੂ ਰਾਮ ,ਸਰਪੰਚ ਕੇਵਲ ਰਾਮ ,ਪ੍ਰਧਾਨ ਰਣਜੀਤ ਸਿੰਘ ,ਸੋਨੂੰ ਗਰਗ ,ਕੇਪੀ ਸ਼ਰਮਾ ਵੀ ਹਾਜ਼ਰ ।

ਜਲਦ ਹੀ ਕੱਚੇ ਘਰਾਂ ਨੂੰ ਪੱਕਾ ਕਰਨ ਲਈ ਲੋੜਵੰਦਾਂ ਨੂੰ ਮਿਲੇਗੀ ਸਹੂਲਤ : ਵਿਧਾਇਕ ਕੁਲਵੰਤ ਸਿੰਘ ਬਾਜੀਗਰ

ਪਾਤੜਾਂ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਹਲਕੇ ਦੇ ਪਿੰਡ ਰਸੌਲੀ ਵਿਖੇ ਪੰਜਾਬ ਸਰਕਾਰ ਦੁਆਰਾ ਚਲਾਈ ਗਈ ਸਕੀਮ 'ਮੇਰਾ ਘਰ ਮੇਰੇ ਨਾਮ ' ਤਹਿਤ 350 ਲੋੜਵੰਦ ਪਰਿਵਾਰਾਂ ਨੂੰ ਮਾਲਕਾਨਾ ਦੇ ਹੱਕ ਦੇਣ ਲਈ ਸਰਟੀਫਿਕੇਟ ਵੰਡੇ ਗਏ ।

ਇਸ ਮੌਕੇ ਪਿੰਡ ਰਸੌਲੀ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਜਿਸ ਭਰੋਸੇ ਨਾਲ ਉਹਨਾਂ ਨੂੰ ਵਿਧਾਨ ਸਭਾ ਵਿੱਚ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ ਗਿਆ ਹੈ ਉਸ ਭਰੋਸੇ ਨੂੰ ਕਾਇਮ ਰੱਖਦਿਆਂ ਉਹਨਾਂ ਨੇ ਹਲਕਾ ਸੁਤਰਾਣਾ ਦੇ ਮੁੱਖ ਮੁੱਦਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਸਰਕਾਰ ਕੋਲ ਮੁੱਦਾ ਉਠਾਇਆ ਹੈ ਜਿਸ ਵਿੱਚ ਘੱਗਰ ਦੀ ਮਾਰ ਨੂੰ ਠੱਲ੍ਹ ਪਾਉਣ ਲਈ ਉਸਦਾ ਸਥਾਈ ਹੱਲ, ਪਾਤੜਾਂ ਸ਼ਹਿਰ ਨੂੰ ਨਵੀਂ ਅਨਾਜ ਮੰਡੀ , ਜ਼ਿਮੀਦਾਰਾਂ ਭਰਾਵਾਂ ਨੂੰ ਨਹਿਰੀ ਪਾਣੀ , ਹਲਕੇ ਅੰਦਰ ਸੜਕਾਂ ਦਾ ਜਾਲ ਵਿਛਾਉਣਾ ,ਪਿੰਡਾਂ ਦੇ ਨੌਜਵਾਨ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਸਟੇਡੀਅਮ ਆਦਿ ਬਣਾਉਣ ਲਈ ਯਤਨ ਕੀਤੇ ਗਏ ਹਨ । ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਹਲਕਾ ਸੁਤਰਾਣਾ ਅੰਦਰ ਬਹੁਤੇ ਪਰਿਵਾਰਾਂ ਦੇ ਮਕਾਨ ਅਜੇ ਵੀ ਖਸਤਾ ਹਾਲਤ ਵਿੱਚ ਹਨ ਜਿਹਨਾਂ ਨੂੰ ਜਲਦੀ ਹੀ ਪੱਕੇ ਮਕਾਨ ਬਣਾਉਣ ਦੀ ਸਹੂਲਤ ਦਿੱਤੀ ਜਾਵੇਗੀ ਤਾਂ ਜੋ ਪਿੰਡਾਂ ਦੇ ਲੋਕ ਆਪਣੇ ਘਰਾਂ ਨੂੰ ਪੱਕਾ ਕਰ ਸਕਣ । ਇਸ ਮੌਕੇ ਪਿੰਡ ਰਸੌਲੀ ਦੇ ਸਰਪੰਚ ਜਗਸੀਰ ਸਿੰਘ ,ਈਸ਼ਵਰ ਰਾਣਾ ਚੇਅਰਮੈਨ ਰਾਜਪੂਤ ਬੋਰਡ ਹਲਕਾ ਸੁਤਰਾਣਾ , ਜਗਸੀਰ ਸਿੰਘ ਧਾਲੀਵਾਲ ਬਲਾਕ ਪ੍ਰਧਾਨ, ਯੁਵਰਾਜ ਸਿੰਘ ਬਾਠ ,ਨਰਿੰਦਰ ਸਿੰਘ,ਫੌਜੀ ਰਾਮ, ਪੰਕਜ ਸਿੰਘ ,ਸੁਨੀਲ ਕੁਮਾਰ,ਗੁਰਤੇਜ ਸਿੰਘ, ਕਪੂਰ ਚੰਦ ,ਸੰਤੋਖ ਸਿੰਘ ,ਜਸਵੰਤ ਸਿੰਘ, ਸੁਰਜੀਤ ਸਿੰਘ ,ਗੁਰਮੀਤ ਸਿੰਘ ,ਹਰਦੀਪ ਸਿੰਘ ,ਨਿਰਮਲ ਸਿੰਘ ,ਗੁਰਪਾਲ ਸਿੰਘ ,ਨਾਜਰ ਸਿੰਘ ,ਨਫ਼ੇ ਸਿੰਘ ,ਜਸਕਰਨ ਸਿੰਘ ,ਮਨਜੀਤ ਸਿੰਘ ,ਦਰਸ਼ਨ ਸਿੰਘ ,ਅਮਰੀਕ ਸਿੰਘ ,ਨਿਰਭੈਅ ਸਿੰਘ ਅਤੇ ਸੁਖਪਾਲ ਸਿੰਘ ਤੋਂ ਸਮੂਹ ਪਿੰਡ ਵਾਸੀ ਹਾਜ਼ਰ ਸਨ ।

ਫਾਜ਼ਿਲਕਾ ਦੇ ਆਪ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੇ ਹੱਕ ਵਿਚ 100 ਤੋਂ ਵੱਧ ਸਰਪੰਚਾਂ ਦੀ ਹੋਈ ਮੀਟਿੰਗ

ਫਾਜ਼ਿਲਕਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਵੇਂ ਜਿਵੇਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ ਓਵੇਂ ਓਵੇਂ ਚੋਣ ਸਰਗਰਮੀਆਂ ਭਖਦੀਆਂ ਜਾ ਰਹੀਆਂ ਹਨ। ਇਸੇ ਤਹਿਤ ਹਲਕਾ ਫਾਜ਼ਿਲਕਾ ਨਾਲ ਸੰਬੰਧਤ 100 ਤੋਂ ਵੱਧ ਸਰਪੰਚਾਂ ਦੀ ਇਕ ਮੀਟਿੰਗ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੇ ਦਫਤਰ ਵਿਖੇ ਹੋਈ। ਜਿੱਥੇ ਫਾਜ਼ਿਲਕਾ ਹਲਕੇ ਦੇ ਵੱਖ ਵੱਖ ਪਿੰਡਾਂ ਤੋਂ 100 ਤੋਂ ਵੱਧ ਸਰਪੰਚ ਸ਼ਾਮਿਲ ਹੋਏ। ਮੀਟਿੰਗ ਵਿਚ ਪਹੁੰਚੇ ਸਮੂਹ ਸਰਪੰਚਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਵਾਏ ਗਏ ਕੰਮਾਂ ਉਪਰ ਖੁਸ਼ੀ ਜ਼ਾਹਿਰ ਕੀਤੀ। ਸਮੂਹ ਸਰਪੰਚਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨਾਲ ਜੋ ਗਰੰਟੀਆਂ ਕੀਤੀਆਂ ਗਈਆਂ ਸਨ, ਉਹ ਸਾਰੀਆਂ ਪੂਰੀਆਂ ਹੋ ਚੁੱਕੀਆਂ ਹਨ।

ਸਰਪੰਚ ਯੂਨੀਅਨ ਦੇ ਪ੍ਰਧਾਨ ਸ. ਗੁਰਮੀਤ ਸਿੰਘ ਬਾਧਾ ਨੇ ਕਿਹਾ ਕਿ ਹਲਕਾ ਫਾਜ਼ਿਲਕਾ ਤੋਂ ਆਪ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਵੱਲੋਂ ਪੌਣੇ ਪੰਜ ਸਾਲਾਂ ਵਿਚ ਕਰੋੜਾਂ ਦੀਆਂ ਗ੍ਰਾਂਟਾ ਪਾਸ ਕਰਵਾ ਕੇ ਹਲਕੇ ਵਿਚ ਰਿਕਾਰਡ ਤੋੜ ਵਿਕਾਸ ਕਾਰਜ ਕਰਵਾਏ ਗਏ ਹਨ, ਜਿਸ ਤੋਂ ਆਮ ਲੋਕ ਬਹੁਤ ਖੁਸ਼ ਹਨ।ਜਦੋਂ ਵੀ ਕਿਸੇ ਸਰਪੰਚ ਜਾਂ ਆਮ ਵਿਅਕਤੀ ਨੂੰ ਕੋਈ ਮੁਸ਼ਕਲ ਆਈ ਹੈ ਜਾਂ ਕਿਸੇ ਨੂੰ ਵੀ ਕੋਈ ਲੋੜ ਪਈ ਹੈ ਤਾਂ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਵੱਲੋਂ ਨਾਲ ਦੀ ਨਾਲ ਹੀ ਮੁਸ਼ਕਲ ਦਾ ਹੱਲ ਕਰਵਾਇਆ ਗਿਆ ਹੈ। ਇਸ ਮੌਕੇ ਜ਼ੋਨ 2 ਦੇ ਸਰਪੰਚ ਯੂਨੀਅਨ ਪ੍ਰਧਾਨ ਸ਼੍ਰੀ ਸੁਰਿੰਦਰ ਅਹੂਜਾ ਨੇ ਕਿਹਾ ਕਿ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੇ ਪੌਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਸਾਰੀਆਂ ਲੋਕ ਭਲਾਈ ਸਕੀਮਾਂ ਲੋਕਾਂ ਤੱਕ ਪਹੁੰਚੀਆਂ ਹਨ।ਇਸ ਤੋਂ ਬਾਅਦ ਜ਼ੋਨ 3 ਦੇ ਪ੍ਰਧਾਨ ਸੁਰਿੰਦਰ ਕੰਬੋਜ ਨੇ ਕਿਹਾ ਕਿ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੀ ਅਗਵਾਈ ਵਿਚ ਅੱਜ ਪਹਿਲੀ ਵਾਰ ਫਾਜ਼ਿਲਕਾ ਦੀਆਂ ਟੇਲਾਂ ਤੇ ਖੇਤਾਂ ਵਿਚ ਪੂਰਾ ਨਹਿਰੀ ਪਾਣੀ ਪਹੁੰਚਿਆ ਹੈ, ਇਸ ਤੋਂ ਇਲਾਵਾ ਨਵੀਆਂ ਨਹਿਰਾਂ ਅਤੇ ਵੱਡੀ ਗਿਣਤੀ ਵਿਚ ਨਵੇਂ ਖਾਲੇ ਬਣਾਏ ਗਏ ਹਨ, ਜਿਸ ਤੋਂ ਕਿਸਾਨ ਬਹੁਤ ਖੁਸ਼ ਹਨ। ਜ਼ੋਨ 4 ਤੋਂ ਸਰਪੰਚ ਯੂਨੀਅਨ ਪ੍ਰਧਾਨ ਸੁਮਨ ਸਿੰਘ ਨੇ ਕਿਹਾ ਕਿ ਸਾਲ 2023 ਅਤੇ ਸਾਲ 2025 ਵਿਚ ਆਏ ਹੜ੍ਹਾਂ ਵਿਚ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਵੱਲੋਂ ਪਰਿਵਾਰ ਸਮੇਤ ਡੇਢ ਡੇਢ ਮਹੀਨਾ ਲੋਕਾਂ ਦੀ ਸੇਵਾ ਕੀਤੀ ਗਈ ਸੀ। ਬੇੜੀਆਂ ਰਾਹੀਂ ਲੋਕਾਂ ਤੱਕ ਰਾਹਤ ਸਮਗਰੀ ਪਹੁੰਚਾਈ ਗਈ। ਲੋਕਾਂ ਦੇ ਵਿਚ ਰਹਿ ਕੇ ਲੋਕਾਂ ਨੂੰ ਮੁਸੀਬਤ ਤੋਂ ਬਚਾਇਆ। ਇਸ ਤੋਂ ਪਹਿਲਾਂ ਵੀ ਕਈ ਵਾਰ ਹੜ੍ਹ ਆ ਚੁੱਕੇ ਹਨ ਪਰ ਕਿਸੇ ਵੀ ਲੀਡਰ ਨੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਦੀ ਤਰਾਂ ਲੋਕਾਂ ਦੀ ਬਾਂਹ ਨਹੀਂ ਫੜੀ ਸੀ।ਸਵਨਾ ਵੱਲੋਂ ਹੜ੍ਹਾਂ ਦੌਰਾਨ ਲੋਕਾਂ ਦੀ ਕੀਤੀ ਗਈ ਸੇਵਾ ਤੋਂ ਬਾਰਡਰ ਪੱਟੀ ਦੇ ਲੋਕ ਬਹੁਤ ਖੁਸ਼ ਹਨ।

ਇਨ੍ਹਾਂ ਸਾਰੇ ਆਗੂਆਂ ਦੇ ਨਾਲ ਨਾਲ ਸਮੁੱਚੇ ਸਰਪੰਚਾਂ ਨੇ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੂੰ ਵੱਡੀ ਲੀਡ ਨਾਲ ਜਿਤਾਉਣ ਦਾ ਫੈਸਲਾ ਕੀਤਾ ਅਤੇ ਸਾਰਿਆਂ ਨੇ ਇਕ ਸੁਰ ਵਿਚ ਕਿਹਾ ਕਿ ਸਾਰੇ ਪੂਰੀ ਮਿਹਨਤ ਦੇ ਨਾਲ ਦੁਬਾਰਾ ਫੇਰ ਸ. ਨਰਿੰਦਰਪਾਲ ਸਿੰਘ ਸਵਨਾ ਨੂੰ ਫਾਜ਼ਿਲਕਾ ਤੋਂ ਵੱਡੀ ਲੀਡ ਨਾਲ ਜਿੱਤਾ ਵਿਧਾਇਕ ਬਣਾ ਕੇ, ਇਹ ਸੀਟ ਆਮ ਆਦਮੀ ਪਾਰਟੀ ਦੀ ਝੋਲੀ ਪਾਉਣਗੇ ਅਤੇ ਪੰਜਾਬ ਦੇ ਲੋਕ ਪੰਜਾਬ ਵਿਚ ਦੁਬਾਰਾ ਫੇਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਸ. ਭਗਵੰਤ ਸਿੰਘ ਮਾਨ ਨੂੰ ਦੁਬਾਰਾ ਪੰਜਾਬ ਦਾ ਮੁੱਖ ਮੰਤਰੀ ਬਣਾਉਣਗੇ।ਇਸ ਮੌਕੇ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਸਮੁੱਚੇ ਸਰਪੰਚ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਿਸ ਤਰਾਂ ਉਹ ਪਹਿਲਾਂ ਲੋਕਾਂ ਦੀ ਸੇਵਾ ਕਰ ਰਹੇ ਹਨ।

ਫਾਜ਼ਿਲਕਾ ਦੇ ਚਾਰ ਪਿੰਡਾਂ ਦੇ 400 ਤੋਂ ਵੱਧ ਕਿਸਾਨਾਂ ਨੂੰ ਖੇਤ ਬਚਾਓ ਮੁਹਿੰਮ ਤਹਿਤ ਜਾਗਰੂਕ ਕੀਤਾ ਗਿਆ

ਫਾਜ਼ਿਲਕਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨਾਂ ਦੀ ਖੇਤੀ ਲਾਗਤ ਘਟਾਉਣ, ਮਿੱਟੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਅਤੇ ਵਾਤਾਵਰਣ ਅਨੁਕੂਲ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ, ਫਾਜ਼ਿਲਕਾ, ICAR-CIPHET, ਅਬੋਹਰ ਦੇ ਸਹਿਯੋਗ ਨਾਲ, 2026-27 ਹਾੜੀ ਦੇ ਸੀਜ਼ਨ ਦੌਰਾਨ ਖੇਤ ਬਚਾਓ ਮੁਹਿੰਮ ਚਲਾ ਰਿਹਾ ਹੈ। ਇਸ ਮੁਹਿੰਮ ਤਹਿਤ, ਜ਼ਿਲ੍ਹੇ ਦੇ ਚਾਰ ਪਿੰਡਾਂ- ਪੱਟੀ ਬਿੱਲਾ, ਵਰਿਆਮ ਖੇੜਾ, ਬੱਸੀਆਂ ਅਤੇ ਗੋਵਿੰਦਗੜ੍ਹ ਵਿੱਚ ਆਯੋਜਿਤ ਚਾਰ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ 400 ਤੋਂ ਵੱਧ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ।ਪ੍ਰੋਗਰਾਮਾਂ ਦੌਰਾਨ, ਕਿਸਾਨਾਂ ਨੂੰ ਮਿੱਟੀ ਦੀ ਸਿਹਤ ਸੰਭਾਲ, ਸੰਤੁਲਿਤ ਖਾਦ ਪ੍ਰਬੰਧਨ, ਕੀਟਨਾਸ਼ਕਾਂ ਦੀ ਸੁਰੱਖਿਅਤ ਅਤੇ ਲੋੜ-ਅਧਾਰਤ ਵਰਤੋਂ ਅਤੇ ਕੁਦਰਤੀ ਖੇਤੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰਨ ਅਤੇ ਬੇਲੋੜੀਆਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਤੋਂ ਬਚਣ ਲਈ ਉਤਸ਼ਾਹਿਤ ਕੀਤਾ ਗਿਆ।

ਸੰਤੁਲਿਤ ਪੋਸ਼ਣ ਅਤੇ ਸੁਰੱਖਿਅਤ ਫਸਲ ਸੁਰੱਖਿਆ 'ਤੇ ਜ਼ੋਰਕਿਸਾਨਾਂ ਨੂੰ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਸਮੇਤ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਵਰਤੋਂ ਕਰਨ, ਜੈਵਿਕ ਖਾਦਾਂ ਨੂੰ ਅਪਣਾਉਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦਾ ਸਹੀ ਢੰਗ ਨਾਲ ਪ੍ਰਬੰਧਨ ਕਰਨ ਦੀ ਸਲਾਹ ਦਿੱਤੀ ਗਈ। ਉਨ੍ਹਾਂ ਨੂੰ ਕੀੜਿਆਂ ਅਤੇ ਬਿਮਾਰੀਆਂ ਦੀ ਨਿਯਮਤ ਨਿਗਰਾਨੀ, ਏਕੀਕ੍ਰਿਤ ਕੀਟ ਪ੍ਰਬੰਧਨ ਅਤੇ ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਬਾਰੇ ਵੀ ਉਠਾਇਆ ਗਿਆ।ਕੁਦਰਤੀ ਅਤੇ ਜਲਵਾਯੂ-ਲਚਕੀਲਾ ਖੇਤੀ ਦਾ ਪ੍ਰਚਾਰਮੁਹਿੰਮ ਦੌਰਾਨ, ਕਿਸਾਨਾਂ ਨੂੰ ਕੁਦਰਤੀ ਖੇਤੀ, ਪਾਣੀ ਦੀ ਸੰਭਾਲ, ਟਿਕਾਊ ਪੌਸ਼ਟਿਕ ਪ੍ਰਬੰਧਨ ਅਤੇ ਜਲਵਾਯੂ-ਲਚਕੀਲਾ ਖੇਤੀ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ।

32 ਵਿਖੇ ਲੰਗਰ ਸੇਵਾ ਅਤੇ ਟ੍ਰਾਂਸਪੋਰਟ ਨਗਰ ਵਿਖੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ

ਚੰਡੀਗੜ੍ਹ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸੈਕਟਰ 32 ਸਥਿਤ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ) ਵਿੱਚ ਧੰਨ ਗੁਰੂ ਰਾਮ ਦਾਸ ਲੰਗਰ ਸੇਵਾ ਅਤੇ ਸੈਕਟਰ 26 ਸਥਿਤ ਟ੍ਰਾਂਸਪੋਰਟ ਨਗਰ ਦਾ ਦੌਰਾ ਕੀਤਾ। ਉਨ੍ਹਾਂ ਨੇ ਲੰਗਰ ਸੇਵਾ ਦੀ ਸਮੀਖਿਆ ਕੀਤੀ ਅਤੇ ਟ੍ਰਾਂਸਪੋਰਟ ਨਗਰ

ਵਿੱਚ ਚਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਅਤੇ ਟਰੱਕ ਡ੍ਰਾਇਵਰਾਂ ਅਤੇ ਸੈਲਾਨੀਆਂ ਲਈ ਉਪਲਬਧ ਸੁਵਿਧਾਵਾਂ ਦਾ ਜਾਇਜ਼ਾ ਲਿਆ।

ਸੈਕਟਰ 26 ਸਥਿਤ ਟ੍ਰਾਂਸਪੋਰਟ ਨਗਰ ਵਿੱਚ ਪ੍ਰਸ਼ਾਸਕ ਨੇ ਵੇਬ੍ਰਿਜ (ਧਰਮਕੰਡਾ) ਸਹਿਤ ਚਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਸਬੰਧਿਤ ਅਧਿਕਾਰੀਆਂ ਨੂੰ ਬੁਨਿਆਦੀ ਢਾਂਚੇ, ਸੁਰੱਖਿਆ ਅਤੇ ਜਨ ਸੁਵਿਧਾਵਾਂ ਵਿੱਚ ਸੁਧਾਰ ਲਈ ਜ਼ਰੂਰੀ ਕਦਮ ਤੇਜ਼ੀ ਨਾਲ ਉਠਾਉਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਖੇਤਰ ਵਿੱਚ ਬਿਹਤਰ ਸੁਰੱਖਿਆ ਅਤੇ ਨਿਗਰਾਨੀ ਸੁਨਿਸ਼ਚਿਤ ਕਰਨ ਲਈ ਪੁਲਿਸ ਕਰਮੀਆਂ ਦੀ ਤੈਨਾਤੀ ਵਧਾਉਣ ਅਤੇ ਪ੍ਰਵੇਸ਼ ਅਤੇ ਨਿਕਾਸ ਸਥਾਨਾਂ 'ਤੇ ਬੈਰੀਕੇਡਿੰਗ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਟ੍ਰਾਂਸਪੋਰਟ ਨਗਰ ਦੇ ਆਸਪਾਸ ਅਣਅਧਿਕਾਰਿਤ ਤੌਰ 'ਤੇ ਰੇਹੜੀ-ਫੜ੍ਹੀ ਲਗਾਉਣ ਵਾਲਿਆਂ ਦੇ ਖ਼ਿਲਾਫ਼ ਸਬੰਧਿਤ ਅਧਿਕਾਰੀਆਂ ਨੂੰ ਉਚਿਤ ਕਾਰਵਾਈ ਕਰਨ ਲਈ ਵੀ ਕਿਹਾ।

ਟਰੱਕ ਡ੍ਰਾਇਵਰਾਂ ਅਤੇ ਸੈਲਾਨੀਆਂ ਲਈ ਬਿਹਤਰ ਸੁਵਿਧਾਵਾਂ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਸ਼੍ਰੀ ਕਟਾਰੀਆ ਨੇ ਅਧਿਕਾਰੀਆਂ ਨੂੰ ਟ੍ਰਾਂਸਪੋਰਟ ਨਗਰ ਵਿੱਚ ਕੰਟੀਨ ਦੀ ਸੁਵਿਧਾ ਉਪਲਬਧ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਖੇਤਰ ਦੇ ਸਮੁੱਚੇ ਸੰਚਾਲਨ ਅਤੇ ਪ੍ਰਬੰਧਨ ਵਿੱਚ ਸੁਧਾਰ ਲਈ ਪ੍ਰਭਾਵੀ ਤਾਲਮੇਲ ਅਤੇ ਸਮਾਂਬੱਧ ਕਾਰਵਾਈ ਸੁਨਿਸ਼ਚਿਤ ਕਰਨ 'ਤੇ ਬਲ ਦਿੱਤਾ।

ਇਸ ਤੋਂ ਪਹਿਲਾਂ, ਜੀਐੱਮਸੀਐੱਚ-32 ਵਿੱਚ ਪ੍ਰਸ਼ਾਸਕ ਨੇ ਧੰਨ ਗੁਰੂ ਰਾਮ ਦਾਸ ਲੰਗਰ ਸੇਵਾ ਦੀ ਸਮੀਖਿਆ ਕੀਤੀ। ਇਹ ਸੇਵਾ ਹਸਪਤਾਲ ਵਿੱਚ ਆਪਣੇ ਪਰਿਵਾਰਿਕ ਮੈਂਬਰਾਂ ਦੇ ਇਲਾਜ ਦੇ ਦੌਰਾਨ ਲੰਬੇ ਸਮੇਂ ਤੱਕ ਰੁਕਣ ਵਾਲੇ ਮਰੀਜ਼ਾਂ ਦੇ ਤੀਮਾਰਦਾਰਾਂ ਅਤੇ ਹੋਰ ਲੋੜਵੰਦ ਸੈਲਾਨੀਆਂ ਨੂੰ ਮੁਫ਼ਤ ਭੋਜਨ ਉਪਲਬਧ ਕਰਵਾਉਂਦੀ ਹੈ। ਸ਼੍ਰੀ ਕਟਾਰੀਆ ਨੇ ਇਸ ਸੇਵਾ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਕਠਿਨ ਪਰਿਸਥਿਤੀਆਂ ਵਿੱਚ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਇਸ ਪਹਿਲ ਦੀ ਸ਼ਲਾਘਾ ਕੀਤੀ।

ਯੁੱਧ ਨਸ਼ਿਆਂ ਵਿਰੁੱਧ: ਹੋਟਸਪੌਟ ਥਾਵਾਂ ਤੇ ਵਿਆਪਕ ਸ.ਫਾਈ ਮੁਹਿੰਮ ਜਾਰੀ : ਡਿਪਟੀ ਕਮਿਸ਼ਨਰ

ਬਠਿੰਡਾ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਤਹਿਤ ਨਸ਼ਿਆਂ ਤੋਂ ਵਧੇਰੇ ਪ੍ਰਭਾਵਿਤ ਹੋਟਸਪੌਟ ਦੀ ਸ਼ਨਾਖ਼ਤ ਕਰਨ ਮਗਰੋਂ ਇਨ੍ਹਾਂ ਦੇ ਨੂੰ ਸਾਫ-ਸੁਥਰਾ ਅਤੇ ਆਮ ਜਨਤਾ ਦੀ ਲੋੜ ਅਨੁਸਾਰ ਵਰਤਣ ਯੋਗ ਬਣਾਉਣ ਦਾ ਕੰਮ ਜਾਰੀ ਹੈ।

ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਵਿਚ 20 ਹੋਟਸਪੌਟ ਥਾਵਾਂ ਦੀ ਪਛਾਣ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਇਨ੍ਹਾਂ ਇਲਾਕਿਆਂ ਵਿਚ ਨਸ਼ਿਆਂ ਦੇ ਖਾਤਮੇ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਇਨ੍ਹਾਂ ਥਾਵਾਂ ਉੱਤੇ ਬਠਿੰਡਾ ਪੁਲੀਸ ਵਲੋਂ ਗਸ਼ਤ ਵਧਾ ਦਿੱਤੀ ਗਈ ਹੈ ਅਤੇ ਨਾਲ ਹੀ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੀਆਂ ਟੀਮਾਂ ਵਲੋਂ ਇਨ੍ਹਾਂ ਥਾਵਾਂ ਦਾ ਦੌਰਾ ਕਰਕੇ ਸਫ਼ਾਈ ਕਰਵਾਈ ਜਾ ਰਹੀ ਹੈ। ਜਿੱਥੇ ਚਾਰਦੀਵਾਰੀ ਦੀ ਲੋੜ ਹੈ ਉਥੇ ਚਾਰਦੀਵਾਰੀ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਲਾਈਟਾਂ ਲਗਾਈਆਂ ਜਾ ਰਹੀਆਂ ਹਨ ਅਤੇ ਲੋੜ ਅਨੁਸਾਰ ਸੀਸੀਟੀਵੀ ਕੈਮਰੇ ਲਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਅੱਜ ਭੁੱਚੋ ਮੰਡੀ ਅਤੇ ਮਲੂਕਾ ਪਿੰਡ 'ਚ ਸਫ਼ਾਈ ਕਰਵਾਈ ਗਈ ਅਤੇ ਨਾਲ ਹੀ ਖੇਡ ਮੈਦਾਨਾਂ ਸਬੰਧੀ ਕੰਮ ਕੀਤਾ ਗਿਆ ।

ਇਸੇ ਤਰ੍ਹਾਂ ਜਿੰਨ੍ਹਾਂ ਪਿੰਡਾਂ ਵਿੱਚ ਖੇਡ ਮੈਦਾਨ, ਖੇਡ ਕਿੱਟਾਂ ਜਾਂ ਹੋਰ ਖੇਡਾਂ ਸਬੰਧੀ ਬੁਨਿਆਦੀ ਢਾਂਚੇ ਦੀ ਘਾਟ ਹੈ ਉਨ੍ਹਾਂ ਥਾਵਾਂ ਉੱਤੇ ਜ਼ਿਲ੍ਹਾ ਖੇਡ ਵਿਭਾਗ ਅਤੇ ਪੇਂਡੂ ਵਿਕਾਸ ਵਿਭਾਗ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਬਹੁਤ ਹੀ ਜਲਦ ਇਨ੍ਹਾਂ ਪਿੰਡਾਂ ਦੇ ਆਪਸੀ ਵਾਲੀਬਾਲ ਅਤੇ ਕ੍ਰਿਕਟ ਦੇ ਟੂਰਨਾਮੈਂਟ ਕਰਵਾਏ ਜਾਣਗੇ।

ਇਸ ਮੌਕੇ ਉਹਨਾਂ ਕਿਹਾ ਕਿ ਸੁੰਨੀਆਂ ਥਾਵਾਂ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਥਾਵਾਂ ਦੀ ਵਰਤੋਂ ਨਸ਼ਾ ਕਰਨ ਵਾਲਿਆਂ ਵਲੋਂ ਨਾ ਕੀਤੀ ਜਾ ਸਕੇ।

‘ਆਪ’ ਉਮੀਦਵਾਰਾਂ ਦੀ ਪਹਿਲੀ ਸੂਚੀ ਦਾ ਐਲਾਨ ਅੱਜ

ਚੰਡੀਗੜ੍ਹ 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਮਾਨ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਸ਼ਨਿੱਚਰਵਾਰ ਨੂੰ ‘ਆਪ’ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨਗੇ। ਪਾਰਟੀ ਦੀ ਸੀ ਨੀਅਰ ਲੀਡਰਸ਼ਿਪ ਦੀ ਸ਼ੁੱਕਰਵਾਰ ਨੂੰ ਦਿੱਲੀ ਵਿੱਚ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ’ਚ ਮੁੱਖ ਮੰਤਰੀ ਭਗਵੰਤ ਮਾਨ ਅਤੇ ‘ਆਪ’ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸ਼ਾਮਲ ਸਨ। ਮੀਟਿੰਗ ਵਿੱਚ 117 ਵਿਧਾਨ ਸਭਾ ਹਲਕਿਆਂ ਲਈ ਉਮੀਦਵਾਰਾਂ ਦੀ ਸੂਚੀ ’ਤੇ ਚਰਚਾ ਕੀਤੀ ਗਈ ਅਤੇ ‘ਆਪ’ ਪ੍ਰਧਾਨ ਅਮਨ ਅਰੋੜਾ ਨੂੰ ਕੀਤੀ ਜਾਣੀ ਹੈ। ਮੁੱਖ ਮੰਤਰੀ ਮਾਨ ਕਈ ਵਿਧਾਨ ਸਭਾ ਹਲਕਿਆਂ ’ਚ ਲੋਕ ਮਿਲਣੀ ਪ੍ਰੋਗਰਾਮ ਕਰ ਕੇ ਸੰਭਾਵੀ ਉਮੀਦਵਾਰਾਂ ਬਾਰੇ ਪਹਿਲਾਂ ਹੀ ਇਸ਼ਾਰਾ ਕਰ ਚੁੱਕੇ ਹਨ। ਪਾਰਟੀ ਨੇ ਕਈ ਨਵੇਂ ਹਲਕਾ ਇੰਚਾਰਜ ਲਗਾਏ ਹਨ ਜਿਨ੍ਹਾਂ ’ਚੋਂ ਇੱਕ ਦੋ ਨੂੰ ਛੱਡ ਕੇ ਬਾਕੀਆਂ ਦੀ ਟਿਕਟ ਲਗਪਗ ਫਾਈਨਲ ਮੰਨੀ ਜਾ ਰਹੀ ਹੈ। ‘ਆਪ’ ਵੱਲੋਂ ਉਮੀਦਵਾਰਾਂ ਦੀ ਚੋਣ ਲਈ ਪਾਰਟੀ ਦੇ ਅਗਾਊਂ ਸਰਵੇਖਣਾਂ ਨੂੰ ਆਧਾਰ ਬਣਾਇਆ ਜਾ ਰਿਹਾ ਹੈ। ਪੰਜਾਬ ’ਚ ਕਈ ਹਲਕੇ ਅਜਿਹੇ ਹਨ ਜਿੱਥੇ ਪਹਿਲਾਂ ਮੌਜੂਦਾ ਵਿਧਾਇਕ ਪਾਰਟੀ ਸਰਵੇਖਣ ’ਚ ਪਛੜ ਗਏ ਸਨ ਅਤੇ ਪਾਰਟੀ ਨੇ ਟਿਕਟ ਕੱਟਣ ਦਾ ਮਨ ਵੀ ਬਣਾ ਲਿਆ ਸੀ; ਹਾਲਾਂਕਿ ਇਨ੍ਹਾਂ ’ਚੋਂ ਕਈ ਵਿਧਾਇਕਾਂ ਨੇ ਆਪੋ-ਆਪਣੇ ਹਲਕੇ ’ਚ ਸਮਾਂ ਦੇ ਕੇ ਆਪਣੀ ਪੁਜ਼ੀਸ਼ਨ ’ਚ ਸੁਧਾਰ ਕੀਤਾ ਹੈ। ਮਗਰੋਂ ਹੋਏ ਸਰਵੇਖਣਾਂ ’ਚ ਇਹ ਵਿਧਾਇਕ ਆਪਣੀ ਟਿਕਟ ਬਚਾਉਣ ’ਚ ਸਫਲ ਹੋ ਗਏ ਅਤੇ ਇਨ੍ਹਾਂ ’ਚ ਦੋ ਵਿਧਾਇਕ ਬੀਬੀਆਂ ਵੀ ਸ਼ਾਮਲ ਹਨ। ‘ਆਪ’ ਦੇ 117 ਮੈਂਬਰੀ ਪੰਜਾਬ ਵਿਧਾਨ ਸਭਾ ਵਿੱਚ 94 ਵਿਧਾਇਕ ਹਨ।

ਆਖ਼ਰੀ ਸਾਹ ਤੱਕ ਲੋਕਾਂ ਦੀ ਸੇਵਾ ਕਰਾਂਗਾ: ਪ੍ਰਧਾਨ ਮੰਤਰੀ

ਭੀਲੜੀ (ਗੁਜਰਾਤ), 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਅਹਿਦ ਲਿਆ ਕਿ ਉਹ ਆਪਣੇ ਆਖ਼ਰੀ ਸਾਹ ਤੱਕ ਦੇਸ਼ ਦੀ ਸੇਵਾ ਕਰਨਗੇ।

ਉਨ੍ਹਾਂ ਇਹ ਗੱਲ ਅਜਿਹੇ ਮੌਕੇ ਕਹੀ ਹੈ ਜਦੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਿਛਲੇ ਦਿਨੀਂ ਕਿਹਾ ਸੀ ਕਿ ‘ਮੋਦੀ ਕਾ ਬਾਪ ਭੀ ਜਾਏਗਾ’। ਇਸ ਟਿੱਪਣੀ ਨਾਲ ਸਿਆਸੀ ਤੂਫਾਨ ਖੜ੍ਹਾ ਹੋ ਗਿਆ ਸੀ।

ਮੋਦੀ ਨੇ ਵਿਰੋਧੀ ਧਿਰ ’ਤੇ ਦੋਸ਼ ਲਾਇਆ ਕਿ ਉਹ ਦੇਸ਼ ਦੇ ਸੰਕਟ ਵਿੱਚ ਘਿਰੇ ਹੋਣ ’ਤੇ ਖ਼ੁਸ਼ੀ ਮਨਾਉਂਦੀ ਹੈ ਅਤੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਦਰਮਿਆਨ ਖਾਦਾਂ ਤੇ ਰਸੋਈ ਗੈਸ ਦੀ ਉਪਲਬਧਤਾ ਨੂੰ ਲੈ ਕੇ ਬੇਚੈਨੀ ਫੈਲਾਈ। ਪ੍ਰਧਾਨ ਮੰਤਰੀ ਬਨਾਸਕਾਂਠਾ ਜ਼ਿਲ੍ਹੇ ਦੇ ਭੀਲੜੀ ਕਸਬੇ ਵਿੱਚ ਭਾਰਤ ਬੋਵਾਈਨ ਬ੍ਰੀਡਿੰਗ ਤੇ ਰਿਸਰਚ ਸੈਂਟਰ (ਬੀ ਬੀ ਬੀ ਆਰ ਸੀ) ਦਾ ਉਦਘਾਟਨ ਕਰਨ ਮਗਰੋਂ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ 14000 ਕਰੋੜ ਦੀ ਲਾਗਤ ਵਾਲੇ ਕਈ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ।

ਪ੍ਰਧਾਨ ਮੰਤਰੀ ਨੇ ਇਸ ਮੌਕੇ ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ (ਪੀ ਐੱਮ-ਕਿਸਾਨ) ਸਕੀਮ ਦੀ 24ਵੀਂ ਕਿਸ਼ਤ ਵੀ ਜਾਰੀ ਕੀਤੀ। ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ’ਤੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਦੇਸ਼ ਭਰ ਵਿੱਚ ਅਰਾਜਕਤਾ ਫੈਲਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਫਰਵਰੀ ਦੇ ਅਖੀਰ ਵਿੱਚ ਸ਼ੁਰੂ ਹੋਏ ਟਕਰਾਅ ਕਾਰਨ ਰਸੋਈ ਗੈਸ ਹੁਣ ਉਪਲਬਧ ਨਹੀਂ ਹੋਵੇਗੀ। ਪ੍ਰਬੰਧਕਾਂ ਨੇ ਰੈਲੀ ਦੌਰਾਨ ਲੋਕਾਂ ਦੇ ਬੈਠਣ ਲਈ ਕੁਰਸੀਆਂ ਦੀ ਥਾਂ ‘ਚਾਰਪਾਈਆਂ’ (ਮੰਜਿਆਂ) ਦਾ ਪ੍ਰਬੰਧ ਕੀਤਾ ਸੀ। ਮੋਦੀ ਨੇ ਇਸ ਪੇਸ਼ਕਦਮੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸ਼ਾਇਦ ਉਨ੍ਹਾਂ ਨੇ ਹੁਣ ਤੱਕ ਦੀ ਸਭ ਤੋਂ ਵੱਡੀ ‘ਚਾਰਪਾਈ ਸਭਾ’ ਨੂੰ ਸੰਬੋਧਨ ਕੀਤਾ ਹੈ। ਰੈਲੀ ਨੂੰ ਉਪ ਮੁੱਖ ਮੰਤਰੀ ਹਰਸ਼ ਸਾਂਘਵੀ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਨਾਅਰਾ ਦਿੱਤਾ ਕਿ ‘ਮੋਦੀ ਕਹੀਂ ਨਹੀਂ ਜਾਏਗਾ’।

ਗਿਆਨੇਸ਼ ਕੁਮਾਰ ਖ਼ਿਲਾਫ਼ ‘ਜਨ ਮਹਾਂ ਦੋਸ਼’ ਅੱਜ; ਦਿੱਲੀ ’ਚ ਮੀਂਹ ਕਾਰਨ ਪ੍ਰੋਗਰਾਮ ਇੱਕ ਦਿਨ ਲਈ ਟਾਲਿਆ

ਨਵੀਂ ਦਿੱਲੀ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਰੋਧੀ ਧਿਰਾਂ ਦੇ ਗੱਠਜੋੜ ‘ਇੰਡੀਆ’ ਬਲਾਕ ਵੱਲੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਚਲਾਇਆ ਜਾਣ ਵਾਲਾ ‘ਜਨ ਮਹਾਂ ਦੋਸ਼’ ਪ੍ਰੋਗਰਾਮ ਕੌਮੀ ਰਾਜਧਾਨੀ ’ਚ ਮੀਂਹ ਕਾਰਨ ਇੱਕ ਦਿਨ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਪਹਿਲਾਂ ਅੱਜ ‘ਜਨ ਮਹਾਂ ਦੋਸ਼’ ਦਾ ਪ੍ਰੋਗਰਾਮ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਰਿਹਾਇਸ਼ ’ਤੇ ਤੈਅ ਕੀਤਾ ਗਿਆ ਸੀ ਪਰ ਮੀਂਹ ਕਾਰਨ ਹੁਣ ਇਹ ਸ਼ਨਿਚਰਵਾਰ ਨੂੰ ਹੋਵੇਗਾ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਖੜਗੇ ਦੀ ਰਿਹਾਇਸ਼ ਦੇ ਬਾਹਰ ‘ਇੰਡੀਆ’ ਬਲਾਕ ਦੇ ਆਗੂਆਂ ਨਾਲ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਆਮ ਸਹਿਮਤੀ ਮਗਰੋਂ ਸ਼ੁੱਕਰਵਾਰ ਦਾ ਪ੍ਰੋਗਰਾਮ ਸ਼ਨਿਚਰਵਾਰ ਨੂੰ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਕੋਈ ਵੱਖਰਾ ਰੋਸ ਪ੍ਰਦਰਸ਼ਨ ਨਹੀਂ ਹੈ ਸਗੋਂ ਇੱਕੋ ਹੀ ਅੰਦੋਲਨ ਹੈ ਅਤੇ ਪੂਰੀ ਵਿਰੋਧੀ ਧਿਰ ਇਕਜੁੱਟ ਹੈ। ਰਾਹੁਲ ਨੇ ਕਿਹਾ, “ਮੀਂਹ ਕਾਰਨ ਸਾਨੂੰ ਲੱਗਿਆ ਕਿ ਸੀਨੀਅਰ ਆਗੂਆਂ ਦਾ ਉੱਥੇ ਬੈਠਣਾ ਮੁਸ਼ਕਲ ਹੋਵੇਗਾ ਜਿਸ ਕਾਰਨ ਪ੍ਰੋਗਰਾਮ ਇੱਕ ਦਿਨ ਲਈ ਟਾਲ ਦਿੱਤਾ ਹੈ।”

ਲੋਕ ਸਭਾ ’ਚ ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਐਤਵਾਰ ਨੂੰ ਰਾਮਲੀਲਾ ਮੈਦਾਨ ਤੱਕ ਮਾਰਚ ਕੀਤਾ ਜਾਵੇਗਾ ਜਿਸ ਵਿੱਚ ਵਿਰੋਧੀ ਧਿਰਾਂ ਦੇ ਨਾਲ ਹੀ ਸਿਆਸੀ ਅਤੇ ਗ਼ੈਰ-ਸਿਆਸੀ ਜਥੇਬੰਦੀਆਂ, ਸਮਾਜਿਕ ਕਾਰਕੁਨ ਅਤੇ ਆਮ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ। ਦੋਵੇਂ ਪ੍ਰੋਗਰਾਮ ‘ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕੀਤੇ ਜਾਣ’ ਖ਼ਿਲਾਫ਼ ਹਨ। ਉਨ੍ਹਾਂ ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਚੋਣ ਕਮਿਸ਼ਨ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦਾਅਵਾ ਕੀਤਾ ਕਿ ਗ੍ਰਹਿ ਮੰਤਰੀ ਲੋਕਾਂ ਨੂੰ ਦਿੱਲੀ ਆਉਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਰਾਹੁਲ ਨੇ ਕਿਹਾ, “ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਅਤੇ ਤਿਲੰਗਾਨਾ ਤੋਂ ਸਾਡੇ ਪਾਰਟੀ ਕਾਰਕੁਨਾਂ ਤੇ ਹਜ਼ਾਰਾਂ ਆਮ ਲੋਕਾਂ ਨੂੰ ਦਿੱਲੀ ਆਉਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਰਾਮਲੀਲਾ ਮੈਦਾਨ ’ਚ ਹੋਣ ਵਾਲੇ ਮਾਰਚ ਤੋਂ ਪਤਾ ਲੱਗੇਗਾ ਕਿ ਕਿੰਨੇ ਲੋਕ ਉਸ ’ਚ ਸ਼ਾਮਲ ਹੁੰਦੇ ਹਨ ਅਤੇ ਕਿੰਨਿਆਂ ਨੂੰ ਰੋਕਿਆ ਜਾਂਦਾ ਹੈ।” ਕਾਰੋਬਾਰੀ ਗੌਤਮ ਅਡਾਨੀ ਤੇ ਮੁਕੇਸ਼ ਅੰਬਾਨੀ ਦੇ ਨਾਲ ਹੀ ਮੋਦੀ, ਸ਼ਾਹ ਅਤੇ ਸੰਘ ਮੁਖੀ ਮੋਹਨ ਭਾਗਵਤ ਦਾ ਨਾਮ ਲੈ ਕੇ ਰਾਹੁਲ ਨੇ ਦੋਸ਼ ਲਾਇਆ ਕਿ ਵੋਟ ਚੋਰੀ ਨਾਲ ਉਨ੍ਹਾਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ।

ਸੱਤਾ ਵਿੱਚ ਆਉਣ ’ਤੇ ਪੰਜਾਬ ਦੇ ਮੁਲਾਜ਼ਮਾਂ ਨੂੰ 63 ਫ਼ੀਸਦੀ ਡੀਏ ਦੇਵਾਂਗੇ: ਕੇਵਲ ਸਿੰਘ ਢਿੱਲੋਂ

ਭਾਜਪਾ ਦੇ ਸੂਬਾ ਪ੍ਰਧਾਨ ਨੇ ‘ਆਪ’ ਸਰਕਾਰ ‘ਤੇ ਮੁਲਾਜ਼ਮਾਂ ਦੇ ਬਣਦੇ ਹੱਕ ਨਾ ਦੇਣ ਦੇ ਲਾਏ ਦੋਸ਼, ਬਕਾਇਆ ਡੀਏ ਜਾਰੀ ਕਰਨ ਦਾ ਕੀਤਾ ਵਾਅਦਾ

ਚੰਡੀਗੜ੍ਹ 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਜੇਕਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਬਰਾਬਰ 63 ਫ਼ੀਸਦੀ ਮਹਿੰਗਾਈ ਭੱਤਾ (ਡੀਏ) ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਰਕਾਰ ਬਣਨ ‘ਤੇ ਮੁਲਾਜ਼ਮਾਂ ਦੇ ਸਾਰੇ ਬਕਾਇਆ ਡੀਏ ਦੀ ਅਦਾਇਗੀ ਵੀ ਯਕੀਨੀ ਬਣਾਈ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੇਂਦਰੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਵਿੱਚ 3 ਫ਼ੀਸਦੀ ਵਾਧਾ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ‘ਤੇ ਸੂਬੇ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਬਣਦੇ ਹੱਕਾਂ ਤੋਂ ਵਾਂਝਾ ਰੱਖਣ ਦੇ ਦੋਸ਼ ਲਗਾਏ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਅਜੇ ਵੀ ਕੇਂਦਰੀ ਮੁਲਾਜ਼ਮਾਂ ਦੇ ਮੁਕਾਬਲੇ ਘੱਟ ਮਹਿੰਗਾਈ ਭੱਤਾ ਮਿਲ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਕੇਂਦਰੀ ਮੁਲਾਜ਼ਮਾਂ ਦੇ ਬਰਾਬਰ ਡੀਏ ਦੇਣ ਸਬੰਧੀ ਨਿਰਦੇਸ਼ਾਂ ਨੂੰ ਲਾਗੂ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ ਵਿੱਚ ਹਾਈ ਕੋਰਟ ਨੇ ਹਾਲ ਹੀ ਵਿੱਚ ਪੰਜਾਬ ਸਰਕਾਰ ‘ਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਸੀ ਅਤੇ ਸਰਕਾਰ ਨੂੰ ਅਦਾਲਤ ਵਿੱਚ ਮੁਆਫ਼ੀ ਵੀ ਮੰਗਣੀ ਪਈ ਸੀ। ਭਾਜਪਾ ਆਗੂ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਵਿਸ਼ੇਸ਼ ਅਪੀਲ (ਐਸਐਲਪੀ) ਦਾਇਰ ਕੀਤੀ ਹੋਈ ਹੈ, ਜਿਸ ‘ਤੇ ਅਜੇ ਸੁਣਵਾਈ ਨਹੀਂ ਹੋਈ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੇ ਕਰੀਬ 8 ਲੱਖ ਸਰਕਾਰੀ ਮੁਲਾਜ਼ਮ ਆਪਣੇ ਬਕਾਇਆ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਭਾਜਪਾ ਦੀ ਸਰਕਾਰ ਬਣਨ ‘ਤੇ ਸਾਰੇ ਬਕਾਇਆ ਡੀਏ ਦੀ ਅਦਾਇਗੀ ਕੀਤੀ ਜਾਵੇਗੀ ਅਤੇ ਭਵਿੱਖ ਵਿੱਚ ਸਮੇਂ ਸਿਰ ਡੀਏ ਦਿੱਤਾ ਜਾਵੇਗਾ।

ਖੇਡ ਸਮਾਨ ਉਦਯੋਗ ਨੂੰ ਮੁੜ ਮਿਲੇਗੀ ਹੁਲਾਰਾ ਦੇਣ ਦੀ ਉਮੀਦ

ਉਦਯੋਗਿਕ ਵਿਕਾਸ ਬਾਰੇ ਗੱਲ ਕਰਦਿਆਂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਪ੍ਰਸਤਾਵਿਤ ਖੇਡ ਸਮਾਨ ਨਿਰਮਾਣ ਯੋਜਨਾ ਨਾਲ ਪੰਜਾਬ ਨੂੰ ਕਾਫ਼ੀ ਲਾਭ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਦੇਸ਼ ਦੇ ਪ੍ਰਮੁੱਖ ਖੇਡ ਸਮਾਨ ਨਿਰਮਾਣ ਕੇਂਦਰਾਂ ਵਿੱਚੋਂ ਇੱਕ ਹੈ ਅਤੇ ਇਸ ਯੋਜਨਾ ਨਾਲ ਸ਼ਹਿਰ ਦੇ ਖੇਡ ਉਦਯੋਗ ਨੂੰ ਮੁੜ ਮਜ਼ਬੂਤੀ ਮਿਲ ਸਕਦੀ ਹੈ। ਉਨ੍ਹਾਂ ਅਨੁਸਾਰ ਇਸ ਪਹਿਲਕਦਮੀ ਨਾਲ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਉਦਯੋਗਿਕ ਇਕਾਈਆਂ ਨੂੰ ਮੁੜ ਸੁਰਜੀਤ ਕਰਨ, ਉਤਪਾਦਨ ਵਧਾਉਣ ਅਤੇ ਹਜ਼ਾਰਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਮਦਦ ਮਿਲੇਗੀ।

ਕੰਟੇਨਰ ਨਿਰਮਾਣ ਯੋਜਨਾ ਨਾਲ ਬਰਾਮਦਕਾਰਾਂ ਨੂੰ ਹੋਵੇਗਾ ਲਾਭ

ਕੇਂਦਰ ਸਰਕਾਰ ਦੀ ਕੰਟੇਨਰ ਨਿਰਮਾਣ ਪ੍ਰੋਤਸਾਹਨ ਯੋਜਨਾ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦੇ ਬਰਾਮਦ-ਅਧਾਰਿਤ ਉਦਯੋਗਾਂ ਨੂੰ ਵੱਡਾ ਹੁਲਾਰਾ ਮਿਲੇਗਾ। ਲੁਧਿਆਣਾ ਦੇ ਹੌਜ਼ਰੀ ਅਤੇ ਸਾਈਕਲ ਉਦਯੋਗ ਦੇ ਉਤਪਾਦਾਂ ਅਤੇ ਜਲੰਧਰ ਦੇ ਖੇਡ ਸਮਾਨ ਨੂੰ ਦੇਸ਼ ਵਿੱਚ ਹੀ ਤਿਆਰ ਕੀਤੇ ਗਏ ਕੰਟੇਨਰਾਂ ਰਾਹੀਂ ਵਿਦੇਸ਼ਾਂ ਵਿੱਚ ਭੇਜਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਮਾਲ ਦੀ ਢੋਆ-ਢੁਆਈ ਦਾ ਖਰਚਾ ਘਟੇਗਾ ਅਤੇ ਪੰਜਾਬ ਦੇ ਬਰਾਮਦਕਾਰਾਂ ਨੂੰ ਕੌਮਾਂਤਰੀ ਬਾਜ਼ਾਰ ਵਿੱਚ ਮੁਕਾਬਲਾ ਕਰਨ ਲਈ ਹੋਰ ਮੌਕੇ ਮਿਲਣਗੇ।

13 ਹਜ਼ਾਰ ਤੋਂ ਵੱਧ ਪੰਚਾਇਤਾਂ ਨੂੰ ਮਜ਼ਬੂਤ ਕਰੇਗੀ ਵਿਕਸਿਤ ਗ੍ਰਾਮ ਸਵਰਾਜ ਯੋਜਨਾ

ਕੇਵਲ ਸਿੰਘ ਢਿੱਲੋਂ ਨੇ ਪ੍ਰਧਾਨ ਮੰਤਰੀ ਦੀ ਵਿਕਸਿਤ ਗ੍ਰਾਮ ਸਵਰਾਜ ਯੋਜਨਾ ਦਾ ਵੀ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੰਜਾਬ ਦੀਆਂ 13 ਹਜ਼ਾਰ ਤੋਂ ਵੱਧ ਪੰਚਾਇਤਾਂ ਵਿੱਚ ਪ੍ਰਸ਼ਾਸਨਿਕ ਪ੍ਰਬੰਧਾਂ ਅਤੇ ਪੇਂਡੂ ਵਿਕਾਸ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਸਰਪੰਚਾਂ ਅਤੇ ਪੰਚਾਂ ਨੂੰ ਬਿਹਤਰ ਸਿਖਲਾਈ ਦੇਣ ਅਤੇ ਵਧੇਰੇ ਜ਼ਿੰਮੇਵਾਰੀਆਂ ਸੌਂਪਣ ਨਾਲ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਵੇਗੀ ਅਤੇ ਸਥਾਨਕ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਹੋਵੇਗਾ।

(ਯੂ.ਸੀ.ਸੀ.) ਯੂ ਪੀ ਵਿੱਚ ਇੱਕਸਾਰ ਸਿਵਲ ਕੋਡ ਲਿਆਵਾਂਗੇ: ਅਮਿਤ ਸ਼ਾਹ

ਲਖਨਊ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਯੂ ਪੀ ਵਿੱਚ ਅਗਾਮੀ ਅਸੈਂਬਲੀ ਚੋਣਾਂ ਮਗਰੋਂ ਭਾਜਪਾ ਸੱਤਾ ਵਿੱਚ ਵਾਪਸੀ ਕਰੇਗੀ ਅਤੇ ਸੂਬੇ ਵਿੱਚ ਇੱਕਸਾਰ ਸਿਵਲ ਕੋਡ (ਯੂ ਸੀ ਸੀ) ਲਾਗੂ ਕੀਤਾ ਜਾਵੇਗਾ। ਇਥੇ ਪਾਰਟੀ ਦੀ ਸਟੇਟ ਵਰਕਿੰਗ ਕਮੇਟੀ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਸਮਾਜਵਾਦੀ ਪਾਰਟੀ ਅਤੇ ਹੋਰਨਾਂ ਪਾਰਟੀਆਂ ਨੂੰ ਰਾਮ ਮੰਦਰ ਮਾਮਲੇ ਤੇ ਵੋਟਰ ਸੂਚੀਆਂ ’ਚ ਕਥਿਤ ਬੇਨਿਯਮੀਆਂ ਜਿਹੇ ਮੁੱਦੇ ਉਛਾਲਣ ਲਈ ਘੇਰਿਆ। ਉਨ੍ਹਾਂ ਕਿਹਾ ਕਿ ਸਮਾਜਵਾਦੀ ਪਾਰਟੀ ਅਗਲੇ 30 ਸਾਲ ਯੂ ਪੀ ਦੀ ਸੱਤਾ ਵਿੱਚ ਨਹੀਂ ਆਉਂਦੀ। ਸ਼ਾਹ ਨੇ ਕਿਹਾ, “ਐਤਕੀਂ ਜਦੋਂ (ਭਾਜਪਾ) ਸਰਕਾਰ ਸੱਤਾ ਵਿੱਚ ਆਏਗੀ, ਯੂ ਪੀ ਵਿੱਚ ਯੂ ਸੀ ਸੀ ਲਾਗੂ ਕੀਤਾ ਜਾਵੇਗਾ। ਯੂ ਸੀ ਸੀ ਪਹਿਲਾਂ ਹੀ ਕਈ ਰਾਜਾਂ ਵਿੱਚ ਲਾਗੂ ਕੀਤਾ ਜਾ ਚੁੱਕਾ ਹੈ।” ਡਾ. ਰਾਮ ਮਨੋਹਰ ਲੋਹੀਆ ਨੈਸ਼ਨਲ ਲਾਅ ਯੂਨੀਵਰਸਿਟੀ ਆਡੀਟੋਰੀਅਮ ਵਿੱਚ ਹੋਈ ਬੈਠਕ ਦਿਨ ਭਰ ਚੱਲੀ, ਜਿਸ ਦੀ ਅਗਵਾਈ ਭਾਜਪਾ ਦੇ ਸੂਬਾ ਪ੍ਰਧਾਨ ਤੇ ਕੇਂਦਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਕੀਤੀ। ਇਸ ਮੌਕੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਤੇ ਬ੍ਰਜੇਸ਼ ਪਾਠਕ, ਭਾਜਪਾ ਦੇ ਸੂਬਾ ਇੰਚਾਰਜ ਵਿਨੋਦ ਤਾਵੜੇ ਤੇ ਕੌਮੀ ਜਨਰਲ ਸਕੱਤਰ ਸਮ੍ਰਿਤੀ ਇਰਾਨੀ ਮੌਜੂਦ ਸਨ।



ਸ਼ਾਹ ਨੇ ਕਿਹਾ ਕਿ ਯੂ ਪੀ ਵਿੱਚੋਂ ਭਾਜਪਾ ਨੂੰ ਹਟਾਉਣਾ ਮੁਸ਼ਕਲ ਹੈ ਕਿਉਂਕਿ ਯੋਗੀ ਸਰਕਾਰ ਨੇ ਖ਼ੁ ?ਦ ਨੂੰ ਪੱਕੇ ਪੈਰੀਂ ਸਥਾਪਿਤ ਕਰ ਲਿਆ ਹੈ। ਉਨ੍ਹਾਂ ਕਿਹਾ, “ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਅੰਗਦ ਦੇ ਪੈਰ ਵਾਂਗ ਹੈ, ਜਿਸ ਨੂੰ ਕੋਈ ਨਹੀਂ ਹਟਾ ਸਕਦਾ। ਭਾਜਪਾ ਸੂਬੇ ਵਿੱਚ ਮੁੜ ਸਰਕਾਰ ਬਣਾ ਰਹੀ ਹੈ। ਇਸ ਬਾਰੇ ਕੋਈ ਸ਼ੱਕ-ਸ਼ੁਬ੍ਹਾ ਨਹੀਂ ਹੋਣਾ ਚਾਹੀਦਾ।” ਗ੍ਰਹਿ ਮੰਤਰੀ ਨੇ ਦਾਅਵਾ ਕੀਤਾ ਕਿ ਸਮਾਜਵਾਦੀ ਪਾਰਟੀ ਅਗਲੇ 30 ਸਾਲ ਸੂਬੇ ਦੀ ਸੱਤਾ ’ਚੋਂ ਬਾਹਰ ਰਹੇਗੀ ਤੇ ਲੋਕ ਤੁਹਾਡੀ ਤੀਜੀ ਪੀੜ੍ਹੀ ਨੂੰ ਵੀ ਮੁਆਫ਼ ਨਹੀਂ ਕਰਨਗੇ। ਸ਼ਾਹ ਅਯੁੱਧਿਆ ਵਿੱਚ 30 ਅਕਤੂਬਰ 1990 ਨੂੰ ਪੁਲੀਸ ਵੱਲੋਂ ਕਾਰ ਸੇਵਕਾਂ ਉੱਤੇ ਚਲਾਈ ਗੋਲੀ ਦੇ ਹਵਾਲੇ ਨਾਲ ਗੱਲ ਕਰ ਰਹੇ ਸਨ।

ਪਰਾਲੀ ਨੂੰ ਅੱਗ ਲੱਗਣ ਤੋ ਰੋਕਣ ਲਈ ਫੀਲਡ ਵਿੱਚ ਤਾਇਨਾਤ ਟੀਮਾਂ ਪੂਰੀ ਚੌਕਸੀ ਅਤੇ ਜਿੰਮੇਵਾਰੀ ਨਾਲ ਡਿਊਟੀ ਕਰਨ: ਡਿਪਟੀ ਕਮਿਸ਼ਨਰ

ਫ਼ਤਹਿਗੜ੍ਹ ਸਾਹਿਬ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ--

: ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਤੋਂ ਰੋਕਣ ਲਈ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ਼ ਦੇ ਕਾਨਫਰੰਸ ਰੂਮ ਵਿਖੇ ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਸਮੂਹ ਕਲੱਸਟਰ ਅਫ਼ਸਰਾਂ ਅਤੇ ਨੋਡਲ ਅਫਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪੁਲਿਸ ਟੀਮਾਂ ਨਾਲ ਮਿਲਕੇ ਜ਼ਮੀਨੀ ਪੱਧਰ ਤੇ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਹਰੇਕ ਫੀਲਡ ਅਫ਼ਸਰ ਪਰਾਲੀ ਪ੍ਰਬੰਧਨ ਦੀ ਡਿਊਟੀ ਨੂੰ ਜਿੰਮੇਵਾਰੀ ਨਾਲ ਕਰਨਾ ਯਕੀਨੀ ਬਣਾਉਣ। ਉਨ੍ਹਾਂ ਸਮੂਹ ਐਸ.ਡੀ.ਐਮਜ਼, ਖੇਤੀਬਾੜੀ ਵਿਭਾਗ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਫੀਲਡ ਵਿੱਚ ਤਾਇਨਾਤ ਟੀਮਾਂ ਨੂੰ ਪਰਾਲੀ ਦੇ ਯੋਗ ਨਿਪਟਾਰੇ ਲਈ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਸਿੱਧੇ ਤੌਰ ਤੇ ਰਾਬਤਾ ਕਰਨ ਦੇ ਆਦੇਸ਼ ਦਿੱਤੇ।

ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆ ਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠਲ੍ਹ ਪਾਉਣ ਲਈ ਕਿਸਾਨਾਂ ਨੂੰ ਇਨ-ਸੀਟੂ ਅਤੇ ਐਕਸ-ਸੀਟੂ ਤਕਨੀਕਾਂ ਰਾਹੀਂ ਇਸ ਦਾ ਸੁਚੱਜਾ ਪ੍ਰਬੰਧਨ ਅਤੇ ਹੋਰ ਖੇਤੀ ਮਸ਼ੀਨਰੀ ਦੀ ਮਦਦ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਸਮੂਹ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਸਰਪੰਚਾਂ ਨਾਲ ਰਾਬਤਾ ਕਰਕੇ ਕਿਸਾਨਾਂ ਨੂੰ ਪਰਾਲੀ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਵਾਹੁਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਪ੍ਰਸ਼ਾਸਨ ਨੂੰ ਕਿਸੇ ਕਿਸਮ ਦੀ ਸਖਤੀ ਨਾ ਵਰਤਣੀ ਪਵੇ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਸਾਨਾਂ ਅਤੇ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਵਿੱਢੀ ਜਾਗਰੂਕਤਾ ਮੁਹਿਮ ਵਿੱਚ ਵੱਧ ਚੜ੍ਹ ਕੇ ਸਹਿਯੋਗ ਕੀਤਾ ਜਾਵੇ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਦੂਸ਼ਣ ਰਹਿਤ ਮਾਹੌਲ ਮਿਲ ਸਕੇ ਜੋ ਸਾਡੀ ਸਾਰਿਆਂ ਦੀ ਨੈਮਿਕ ਜਿੰਮੇਵਾਰੀ ਵੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਐਸ.ਪੀ ਹਰਵੰਤ ਕੌਰ, ਐਸ.ਡੀ.ਐਮ ਫਤਹਿਗੜ੍ਹ ਸਾਹਿਬ ਕਰੁਣ ਗੁਪਤਾ, ਐਸ.ਡੀ.ਐਮ ਬੱਸੀ ਪਠਾਨਾ ਦੀਪਜੋਤ ਕੌਰ, ਐਸ.ਡੀ.ਐਮ ਖਮਾਣੋ ਅਰਵਿੰਦ ਗੁਪਤਾ, ਐਸ.ਡੀ.ਐਮ ਅਮਲੋਹ ਹਰਵੀਰ ਕੌਰ, ਸਹਾਇਕ ਕਮਿਸ਼ਨਰ (ਜ) ਸੂਬਾ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜਸਪ੍ਰੀਤ ਕੌਰ, ਜ਼ਿਲ੍ਹਾ ਖੇਤੀਬਾੜੀ ਅਫ਼ਸਰ ਜਗਦੇਵ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਪੰਜਾਬ ਸਿਰ.ਫ ਦੇਸ਼ ਦਾ ਅੰਨ ਭੰਡਾਰ ਹੀ ਨਹੀਂ ਬਲਕਿ ਆਧੁਨਿਕ ਉਦਯੋਗ ਅਤੇ ਇਨੋਵੇਸ਼ਨ ਕੇਂਦਰ ਵਜੋਂ ਵੀ ਉੱਭਰ ਰਿਹੈ: ਅਮਨ ਅਰੋੜਾ

ਚੰਡੀਗੜ੍ਹ 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤੇ (ਸੀਈਟੀਏ) ਤਹਿਤ ਜ਼ੀਰੋ-ਡਿਊਟੀ ਦਾ ਲਾਭ ਉਠਾਉਣ ਲਈ ਯੂਕੇ ਦੇ ਕਾਰੋਬਾਰਾਂ ਵਾਸਤੇ ਪੰਜਾਬ ਨੂੰ ਇੱਕ ਪ੍ਰਮੁੱਖ ਨਿਰਮਾਣ ਅਧਾਰ ਵਜੋਂ ਪੇਸ਼ ਕਰਦਿਆਂ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ੍ਰੀ ਅਮਨ ਅਰੋੜਾ ਨੇ ਇਨਵੈਸਟ ਪੰਜਾਬ ਵਿਖੇ ਚੰਡੀਗੜ੍ਹ ਸਥਿਤ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਐਲਬਾ ਸਮੇਰੀਗਲੋ ਦੀ ਅਗਵਾਈ ਵਾਲੇ ਇੱਕ ਉੱਚ ਪੱਧਰੀ ਬ੍ਰਿਟਿਸ਼ ਵਫ਼ਦ ਨਾਲ ਰਣਨੀਤਕ ਗੱਲਬਾਤ ਕੀਤੀ। ਇਸ ਦੌਰਾਨ ਸੂਬੇ ਦੀ ਨਵੀਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਅਤੇ ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਸਮਰਪਿਤ ਐਫ.ਟੀ.ਏ. ਅਤੇ ਐਕਪੋਰਟ ਫੈਸਿਲੀਟੇਸ਼ਨ ਸੈੱਲ ਬਾਰੇ ਜਾਣਕਾਰੀ ਦਿੱਤੀ ਗਈ। ਇਸ ਵਫ਼ਦ ਵਿੱਚ ਐਲਬਾ ਸਮੇਰੀਗਲੋ ਤੋਂ ਇਲਾਵਾ ਬ੍ਰਿਟਿਸ਼ ਹਾਈ ਕਮਿਸ਼ਨ ਦੇ ਵਪਾਰ ਬਾਰੇ ਫਸਟ ਸੈਕਟਰੀ ਡਾ. ਨਿਕੋਲਸ ਗ੍ਰੀਬਿਟ ਅਤੇ ਸੀਨੀਅਰ ਵਪਾਰ ਸਲਾਹਕਾਰ ਅਨੂਪ ਨਰਾਇਣ ਸ਼ਾਮਲ ਸਨ। ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਪੰਜਾਬ ਦੇ ਉਦਯੋਗ ਨੂੰ ਨਵੀਆਂ ਬੁਲੰਦੀਆਂ ‘ਤੇ ਪਹੁੰਚਾਉਣ ਅਤੇ ਯੂ.ਕੇ. ਦੀ ਸਪਲਾਈ ਚੇਨ ਨਾਲ ਜੁੜਨ ਸਬੰਧੀ ਸੂਬੇ ਦੀਆਂ ਤਿਆਰੀਆਂ ਨੂੰ ਉਜਾਗਰ ਕੀਤਾ। ਇਸ ਦੌਰਾਨ ਐਗਰੀ-ਬਿਜ਼ਨਸ, ਫੂਡ ਪ੍ਰੋਸੈਸਿੰਗ, ਇੰਜੀਨੀਅਰਿੰਗ, ਆਟੋ ਕੰਪੋਨੈਂਟ ਅਤੇ ਉਦਯੋਗ-ਅਧਾਰਿਤ ਹੁਨਰ ਵਿਕਾਸ ਵਰਗੇ ਤੇਜ਼ੀ ਨਾਲ ਵਿਕਸਤ ਹੋ ਰਹੇ ਖੇਤਰਾਂ ’ਤੇ ਵਿਸ਼ੇਸ਼ ਚਰਚਾ ਕੀਤੀ ਗਈ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਉੱਤਰੀ ਭਾਰਤ ਦੇ ਪ੍ਰਵੇਸ਼ ਦੁਆਰ ਵਜੋਂ ਪੰਜਾਬ ਦੀ ਰਣਨੀਤਕ ਸਥਿਤੀ ਇਸ ਨੂੰ ਯੂ.ਕੇ. ਦੇ ਕਾਰੋਬਾਰਾਂ ਲਈ ਇੱਕ ਆਦਰਸ਼ ਸਥਾਨ ਬਣਾਉਂਦਾ ਹੈ। ਉਨ੍ਹਾਂ ਕਿਹਾ, ਪੰਜਾਬ ਸਿਰਫ਼ ਭਾਰਤ ਦਾ ਅੰਨਦਾਤਾ ਹੀ ਨਹੀਂ ਹੈ, ਸਗੋਂ ਇਹ ਆਧੁਨਿਕ ਉਦਯੋਗ ਅਤੇ ਇਨੋਵੇਸ਼ਨ ਕੇਂਦਰ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ। ਯੂ.ਕੇ. ਦੇ ਵਫ਼ਦ ਨਾਲ ਸਾਡੀ ਗੱਲਬਾਤ ਭਾਰਤ-ਯੂ.ਕੇ. ਸੀ.ਈ.ਟੀ.ਏ. ਤਹਿਤ ਵਿਆਪਕ ਮੌਕਿਆਂ ਦਾ ਲਾਭ ਉਠਾਉਣ ’ਤੇ ਕੇਂਦ੍ਰਿਤ ਸੀ। ਐਗਰੀ-ਬਿਜਨਸ ਅਤੇ ਇੰਜੀਨੀਅਰਿੰਗ ਵਿੱਚ ਪੰਜਾਬ ਦੀਆਂ ਸਮਰੱਥਾਵਾਂ ਯੂ.ਕੇ. ਦੀ ਮੁਹਾਰਤ ਲਈ ਕੁਦਰਤੀ ਮੇਲ ਖਾਂਦੀਆਂ ਹਨ। ਸੂਬੇ ਦੀ ਨਿਵੇਸ਼ਕ ਪੱਖੀ ਗਵਰਨੈਂਸ ਨੂੰ ਉਜਾਗਰ ਕਰਦਿਆਂ ਉਦਯੋਗ ਮੰਤਰੀ ਨੇ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਬਾਰੇ ਜਾਣਕਾਰੀ ਦਿੱਤੀ, ਜਿਸਦਾ ਉਦੇਸ਼ ਵਿਸ਼ਵ ਭਰ ਦੇ ਨਿਵੇਸ਼ਕਾਂ ਲਈ ਉਦਯੋਗ ਪੱਖੀ ਈਕੋਸਿਸਟਮ ਯਕੀਨੀ ਬਣਾਉਣਾ ਹੈ। ਉਨ੍ਹਾਂ ਨੇ ਵਿਸ਼ਵ ਭਰ ਦੇ ਕਾਰੋਬਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਥਾਪਤ ਕੀਤੇ ਐਫ.ਟੀ.ਏ. ਅਤੇ ਐਕਪੋਰਟ ਫਿਸੈਲੀਟੇਸ਼ਨ ਸੈੱਲ ਉਤੇ ਵੀ ਚਾਨਣਾ ਪਾਇਆ ਤਾਂ ਜੋ ਇਹ ਕਾਰੋਬਾਰ ਵਪਾਰ ਸਮਝੌਤਿਆਂ ਦਾ ਲਾਭ ਲੈ ਸਕਣ ਅਤੇ ਪੰਜਾਬ ਵਿੱਚ ਨਿਰਯਾਤ ਸੰਭਾਵਨਾ ਨੂੰ ਵਧਾਇਆ ਜਾ ਸਕੇ। ਸ੍ਰੀ ਅਮਨ ਅਰੋੜਾ ਨੇ ਕਿਹਾ, ÷ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਅਤੇ ਸਾਡੇ ਸਮਰਪਿਤ ਐਫ.ਟੀ.ਏ. ਅਤੇ ਐਕਪੋਰਟ ਫਿਸੈਲੀਟੇਸ਼ਨ ਸੈੱਲ ਦੇ ਨਾਲ ਅਸੀਂ ਯੂ.ਕੇ. ਦੇ ਕਾਰੋਬਾਰਾਂ ਵਾਸਤੇ ਇੱਕ ਅਜਿਹਾ ਪਲੱਗ-ਐਂਡ-ਪਲੇਅ ਈਕੋਸਿਸਟਮ ਪ੍ਰਦਾਨ ਕਰ ਰਹੇ ਹਾਂ ਜਿਸ ਨਾਲ ਦੁਨੀਆ ਭਰ ਲਈ ਮੇਕ ਇਨ ਪੰਜਾਬ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਜਾਮੀਆ ਵਿਦਿਆਰਥੀਆਂ ਨੇ ਜੇਤੂ ਮਾਰਚ ਕੱਢਿਆ; ਵਿਦਿਆਰਥੀ ਯੂਨੀਅਨ ਬਹਾਲੀ ਲਈ ਤਰੀਕਾਂ ਦਾ ਐਲਾਨ

ਨਵੀਂ ਦਿੱਲੀ, 31 ਅਕਤੂਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵੱਲੋਂ ਵਿਦਿਆਰਥੀ ਯੂਨੀਅਨ ਦੀ ਬਹਾਲੀ ਸਬੰਧੀ ਤਰੀਕਾਂ ਦੇ ਐਲਾਨ ਮਗਰੋਂ ਵਿਦਿਆਰਥੀਆਂ ਨੇ ਸ਼ੁੱਕਰਵਾਰ ਨੂੰ ਜਸ਼ਨ ਮਨਾਉਂਦਿਆਂ ਕੈਂਪਸ ਵਿੱਚ ਜੇਤੂ ਮਾਰਚ ਕੱਢਿਆ।

ਇਹ ਘਟਨਾਕ੍ਰਮ ਯੂਨੀਵਰਸਿਟੀ ਦੇ 29 ਅਕਤੂਬਰ ਦੇ ਉਸ ਹੁਕਮ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿੱਚ ਜੇ ਐੱਮ ਆਈ ਐੱਸ ਯੂ ਦੇ ਸੰਵਿਧਾਨ ਨੂੰ ਲਾਗੂ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਅਮਲ ਨੂੰ ਪੂਰਾ ਕਰਨ ਲਈ 15 ਮਈ 2027 ਦੀ ਮਿਤੀ ਨਿਰਧਾਰਿਤ ਕੀਤੀ ਗਈ ਹੈ। ਯੂਨੀਵਰਸਿਟੀ ਨੇ ਕਿਹਾ ਹੈ ਕਿ ਵਿਦਿਆਰਥੀ ਚੋਣਾਂ ਬਾਰੇ ਲਿੰਗਦੋਹ ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸੰਵਿਧਾਨ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਚੋਣਾਂ ਦਾ ਪ੍ਰੋਗਰਾਮ ਐਲਾਨਿਆ ਜਾਵੇਗਾ। ਇਹ ਚੋਣਾਂ ਅਕਾਦਮਿਕ ਸੈਸ਼ਨ ਸ਼ੁਰੂ ਹੋਣ ਦੇ ਛੇ ਹਫ਼ਤਿਆਂ ਅੰਦਰ ਕਰਵਾਈਆਂ ਜਾਣਗੀਆਂ। ਇਹ 16 ਜੁਲਾਈ 2027 ਤੋਂ ਕਰੀਬ ਛੇ ਹਫ਼ਤਿਆਂ ਦਾ ਸਮਾਂ ਬਣਦਾ ਹੈ। ਹੁਕਮ ਵਿੱਚ ਨਿਰਦੇਸ਼ ਦਿੱਤਾ ਗਿਆ ਹੈ ਕਿ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਦੇ ਸਬੰਧ ਵਿੱਚ ਜਾਰੀ ਕੀਤੇ ਗਏ ਸਾਰੇ ‘ਕਾਰਨ ਦੱਸੋ’ ਨੋਟਿਸ, ਅਨੁਸ਼ਾਸਨੀ ਜਾਂਚ, ਵਿਦਿਅਕ ਸੰਸਥਾ ਤੋਂ ਕੱਢਣ ਅਤੇ ਮੁਅੱਤਲੀ ਦੇ ਆਦੇਸ਼ਾਂ ਦੇ ਨਾਲ-ਨਾਲ ਕੈਂਪਸ ਵਿੱਚ ਦਾਖ਼ਲੇ ’ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਰੱਦ ਕੀਤਾ ਜਾਵੇ।

ਕਾਂਗਰਸ ਨੇ ਆਪਣੇ ਸ਼ਾਸਨ ਦੌਰਾਨ ਥਾਣਿਆਂ ’ਚ ਸਿਆਸੀ ਧੌਂਸਬਾਜ਼ੀ ਦਾ ਸੱਭਿਆਚਾਰ ਪੈਦਾ ਕੀਤਾ: ਅੰਗਦ ਦੀਪ ਸਿੰਘ ਸੋਹਲ

ਅੰਮ੍ਰਿਤਸਰ, 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਆਗੂ ਅੰਗਦ ਦੀਪ ਸਿੰਘ ਸੋਹਲ ਨੇ ਹੰਗਾਮਾ ਕਰਨ ਅਤੇ ਪੁਲਿਸ ਕਰਮਚਾਰੀਆਂ ਨਾਲ ਬਦਸਲੂਕੀ ਕਰਨ ਲਈ ਕਾਂਗਰਸੀ ਆਗੂਆਂ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਉਸ ਵੀਆਈਪੀ ਸੱਭਿਆਚਾਰ ਅਤੇ ਹੰਕਾਰ ਨੂੰ ਦਰਸਾਉਂਦੀਆਂ ਹਨ ਜੋ ਕਾਂਗਰਸ ਨੇ ਪੰਜਾਬ ਵਿੱਚ ਆਪਣੇ ਸ਼ਾਸਨ ਦੌਰਾਨ ਪੈਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਸ਼ਾਇਦ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਦੇ ਹਨ, ਪਰ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਥਾਣੇ ਆਮ ਨਾਗਰਿਕਾਂ ਦੀ ਸੇਵਾ ਲਈ ਹਨ, ਨਾ ਕਿ ਸਿਆਸੀ ‘ਗੁੰਡਾਗਰਦੀ’ ਦੇ ਕੇਂਦਰ ਬਣਨ ਲਈ।

ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ‘ਆਪ’ ਆਗੂ ਅੰਗਦ ਦੀਪ ਸਿੰਘ ਸੋਹਲ ਨੇ ਕਿਹਾ, ÷2022 ਵਿੱਚ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਆਉਣ ਤੋਂ ਬਾਅਦ ਸੂਬੇ ਵਿੱਚ ਕਾਨੂੰਨ ਦਾ ਰਾਜ ਦ੍ਰਿੜ੍ਹਤਾ ਨਾਲ ਸਥਾਪਿਤ ਹੋਇਆ ਹੈ। ਕਿਸੇ ਵੀ ਰਾਜਨੇਤਾ ਨੂੰ ਆਪਣੀ ਸਰਕਾਰੀ ਡਿਊਟੀ ਨਿਭਾ ਰਹੇ ਪੁਲਿਸ ਕਰਮਚਾਰੀਆਂ ਨੂੰ ਧਮਕਾਉਣ ਜਾਂ ਉਨ੍ਹਾਂ ’ਤੇ ਸਵਾਲ ਚੁੱਕਣ ਦਾ ਕੋਈ ਹੱਕ ਨਹੀਂ ਹੈ। ਸੁਖਜਿੰਦਰ ਸਿੰਘ ਰੰਧਾਵਾ ਵਰਗੇ ਆਗੂ ਅਜਿਹੇ ਵਿਵਹਾਰ ਰਾਹੀਂ ਕੀ ਸੁਨੇਹਾ ਦੇਣਾ ਚਾਹੁੰਦੇ ਹਨ ? ਡਿਊਟੀ ’ਤੇ ਤਾਇਨਾਤ ਪੁਲਿਸ ਕਰਮਚਾਰੀਆਂ ਦੇ ਕੰਮ ਵਿੱਚ ਰੁਕਾਵਟ ਪਾਉਣ ਜਾਂ ਬਦਸਲੂਕੀ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਯੋਗ ਕਾਰਵਾਈ ਕੀਤੀ ਜਾਵੇਗੀ।÷

ਅੰਗਦ ਦੀਪ ਸਿੰਘ ਸੋਹਲ ਨੇ ਅੱਗੇ ਕਿਹਾ, ਕਾਂਗਰਸੀ ਆਗੂਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਥਾਣੇ ਉਨ੍ਹਾਂ ਦੀ ਪੁਸ਼ਤੈਨੀ ਜਾਇਦਾਦ ਨਹੀਂ ਹਨ ਜਿੱਥੇ ਉਹ ਆਪਣੇ ਸਮਰਥਕਾਂ ਨਾਲ ਦਾਖਲ ਹੋ ਕੇ ਡਰ ਦਾ ਮਾਹੌਲ ਬਣਾ ਸਕਣ। ਇਹ ਜਨਤਕ ਅਦਾਰੇ ਹਨ ਜੋ ਲੋਕਾਂ ਦੀ ਸੇਵਾ ਲਈ ਹਨ, ਨਾ ਕਿ ਕਾਂਗਰਸੀ ਸਿਆਸਤਦਾਨਾਂ ਦੇ ਹੰਕਾਰ ਨੂੰ ਪੱਠੇ ਪਾਉਣ ਲਈ। ਮੈਂ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਅਤੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਸਪੱਸ਼ਟ ਕਰਨ ਕਿ ਕੀ ਥਾਣਿਆਂ ਅੰਦਰ ਅਜਿਹੀ ਗੁੰਡਾਗਰਦੀ ਨੂੰ ਹੀ ਉਹ ਆਪਣਾ ‘ਪੰਜਾਬ ਮਾਡਲ’ ਮੰਨਦੇ ਹਨ।

ਪੰਜਾਬ ਪੁਲਿਸ ਦੀ ਸ਼ਲਾਘਾ ਕਰਦਿਆਂ ‘ਆਪ’ ਆਗੂ ਨੇ ਜ਼ੋਰ ਦੇ ਕੇ ਕਿਹਾ, ਪੰਜਾਬ ਪੁਲਿਸ ਦੇਸ਼ ਦੀਆਂ ਸਰਵੋਤਮ ਪੁਲਿਸ ਬਲਾਂ ਵਿੱਚੋਂ ਇੱਕ ਹੈ ਅਤੇ ਇਸ ਨੇ ਪੰਜਾਬ ਵਿੱਚੋਂ ਅੱਤਵਾਦ ਨੂੰ ਖ਼ਤਮ ਕਰਨ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਹੈ। ਪੁਲਿਸ ਕਰਮਚਾਰੀ ਆਮ ਨਾਗਰਿਕਾਂ ਦੀ ਸੁਰੱਖਿਆ ਅਤੇ ਮਦਦ ਲਈ ਦਿਨ-ਰਾਤ ਕੰਮ ਕਰਦੇ ਹਨ। ਉਨ੍ਹਾਂ ਦੀਆਂ ਛਾਤੀਆਂ ’ਤੇ ਸਜੇ ਤਗਮੇ ਸਾਲਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਕੁਰਬਾਨੀਆਂ ਨਾਲ ਹਾਸਲ ਕੀਤੇ ਗਏ ਹਨ। ਪੁਲਿਸ ਬਲ ਕਿਸੇ ਦੀ ਨਿੱਜੀ ਜਾਇਦਾਦ ਜਾਂ ਸਿਆਸੀ ਵਿਰਾਸਤ ਨਹੀਂ ਹੈ।

ਉਨ੍ਹਾਂ ਕਿਹਾ, ਕਾਂਗਰਸ ਕੋਲ ਜਨਤਾ ਲਈ ਕੋਈ ਵਿਜ਼ਨ ਜਾਂ ਚੁੱਕਣ ਲਈ ਸਾਰਥਕ ਮੁੱਦੇ ਨਹੀਂ ਹਨ, ਇਸੇ ਲਈ ਉਹ ਅਜਿਹੀਆਂ ਡਰਾਮੇਬਾਜ਼ੀਆਂ ਦਾ ਸਹਾਰਾ ਲੈ ਰਹੀ ਹੈ। ਕਾਂਗਰਸੀ ਆਗੂ ਅਕਸਰ ਦਾਅਵਾ ਕਰਦੇ ਹਨ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਠੱਪ ਹੋ ਚੁੱਕੀ ਹੈ, ਪਰ ਜਦੋਂ ਪੁਲਿਸ ਆਪਣੀ ਡਿਊਟੀ ਨਿਭਾਉਂਦੀ ਹੈ ਤਾਂ ਇਹੋ ਲੀਡਰ ਥਾਣਿਆਂ ’ਚ ਵੜ ਕੇ ਹੰਗਾਮਾ ਕਰਦੇ ਹਨ। ਕੀ ਕਾਂਗਰਸ ਲੀਡਰਸ਼ਿਪ ਆਪਣੇ ਆਗੂਆਂ ਵਿਰੁੱਧ ਪੁਲਿਸ ਕਰਮਚਾਰੀਆਂ ਨਾਲ ਕੀਤੇ ਇਸ ਵਿਵਹਾਰ ਲਈ ਕੋਈ ਕਾਰਵਾਈ ਕਰੇਗੀ ?

ਅੰਗਦ ਦੀਪ ਸਿੰਘ ਸੋਹਲ ਨੇ ਅੱਗੇ ਕਿਹਾ, ਰਾਹੁਲ ਗਾਂਧੀ ਬਾਰ-ਬਾਰ ‘ਵੋਟ ਚੋਰੀ’ ਦੇ ਦੋਸ਼ ਲਗਾਉਂਦੇ ਹਨ, ਪਰ ਜਦੋਂ ਇਹ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਉੱਠਿਆ ਤਾਂ ਕਾਂਗਰਸੀ ਆਗੂ ਗਾਇਬ ਸਨ। ਪੰਜਾਬ ਦੇ ਲੋਕਾਂ ਨੇ 2022 ਵਿੱਚ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰਕੇ ਵਿਰੋਧੀ ਧਿਰ ਵਿੱਚ ਬਿਠਾਇਆ ਸੀ। ਕੋਈ ਰਚਨਾਤਮਕ ਭੂਮਿਕਾ ਨਿਭਾਉਣ ਦੀ ਬਜਾਏ, ਇਸ ਦੇ ਆਗੂ ਹੁਣ ਬੋਖਲਾਹਟ ਵਿੱਚ ਥਾਣਿਆਂ ਅੰਦਰ ਹੰਗਾਮਾ ਕਰ ਰਹੇ ਹਨ। ਸੋਹਲ ਨੇ ਸਿੱਟਾ ਕੱਢਦਿਆਂ ਕਿਹਾ, ਲੋਕਤੰਤਰ ਲੋਕਾਂ ਨੂੰ ਤਾਕਤ ਦਿੰਦਾ ਹੈ, ਜਦੋਂ ਕਿ ਕਾਨੂੰਨ ਇਨਸਾਫ਼ ਅਤੇ ਵਿਵਸਥਾ ਬਣਾਏ ਰੱਖਣ ਦਾ ਅਧਿਕਾਰ ਦਿੰਦਾ ਹੈ। ਕਾਨੂੰਨ ਸਭ ਲਈ ਬਰਾਬਰ ਹੈ। ਭਗਵੰਤ ਮਾਨ ਸਰਕਾਰ ਹਰ ਉਸ ਪੁਲਿਸ ਅਧਿਕਾਰੀ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ ਜੋ ਇਮਾਨਦਾਰੀ ਅਤੇ ਨਿਡਰਤਾ ਨਾਲ ਆਪਣੀ ਡਿਊਟੀ ਨਿਭਾਉਂਦਾ ਹੈ। ਨਸ਼ਿਆਂ ਵਿਰੁੱਧ ਚੱਲ ਰਹੇ ‘ਯੁੱਧ ਨਸ਼ਿਆਂ ਵਿਰੁੱਧ’ ਤੋਂ ਲੈ ਕੇ ’ਗੈਂਗਸਟਰਾਂ ’ਤੇ ਵਾਰ’ ਤੱਕ, ਪੰਜਾਬ ਪੁਲਿਸ ਨੇ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਹੈ ਅਤੇ ਸੂਬੇ ਵਿੱਚ ਅਮਨ-ਸ਼ਾਂਤੀ ਤੇ ਸੁਰੱਖਿਆ ਬਣਾਏ ਰੱਖਣ ਵਿੱਚ ਮਦਦ ਕੀਤੀ ਹੈ। ਸਰਕਾਰ ਪੰਜਾਬ ਅਤੇ ਇਸ ਦੇ ਲੋਕਾਂ ਦੀ ਰੱਖਿਆ ਲਈ ਆਪਣੀ ਪੁਲਿਸ ਫੋਰਸ ਦਾ ਸਮਰਥਨ ਕਰਨਾ ਜਾਰੀ ਰੱਖੇਗੀ।

ਇਸਰੋ ਵਲੋਂ ਨੇਵੀਗੇਸ਼ਨ ਉਪਗ੍ਰਹਿ ਐਨ.ਵੀ. ਐਸ-03 ਸ.ਫਲਤਾਪੂਰਵਕ ਸਥਾਪਿਤ

ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼), 31 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਸ਼ੁੱਕਰਵਾਰ ਦੇਰ ਰਾਤ ਜੀ.ਐੱਸ.ਐੱਲ.ਵੀ-ਐੱਫ18 ਰਾਕੇਟ ਰਾਹੀਂ ਅਗਲੀ ਪੀੜ੍ਹੀ ਦੇ ਨੇਵੀਗੇਸ਼ਨ ਉਪਗ੍ਰਹਿ ਐਨ.ਵੀ.ਐਸ-03 ਨੂੰ ਸਫ਼ਲਤਾਪੂਰਵਕ ਉਸ ਦੇ ਨਿਰਧਾਰਤ ਪੰਧ ਵਿਚ ਸਥਾਪਿਤ ਕਰ ਦਿੱਤਾ। ਦੇਰ ਰਾਤ 11.51 ਵਜੇ ਉਡਾਣ ਭਰਨ ਤੋਂ ਕਰੀਬ 18 ਮਿੰਟ ਬਾਅਦ ਰਾਕੇਟ ਦੇ ਤਿੰਨੋ ਪੜਾਅ ਸਫ਼ਲ ਰਹੇ। ਜਿਸ ਤੋਂ ਬਾਅਦ 2,232 ਕਿਲੋਗ੍ਰਾਮ ਭਾਰ ਵਾਲਾ ਉਪਗ੍ਰਹਿ ਆਪਣੇ ਨਿਰਧਾਰਤ ਪੰਧ ਵਿਚ ਪਹੁੰਚ ਗਿਆ। ਇਹ ਉਪਗ੍ਰਹਿ ਪੂਰੇ ਭਾਰਤ ਅਤੇ ਸਰਹੱਦ ਤੋਂ 1,500 ਕਿਲੋਮੀਟਰ ਤੱਕ ਸਟੀਕ ਲੋਕੇਸ਼ਨ ਅਤੇ ਨੇਵੀਗੇਸ਼ਨ ਦੀ ਸਹੂਲਤ ਮੁਹੱਈਆ ਕਰਵਾਏਗਾ।

ਇਹ ਉਪਗ੍ਰਹਿ ‘ਨਾਵਿਕ’ (ਐਨ.ਏ.ਵੀ.ਆਈ.ਸੀ.) ਮਿਸ਼ਨ ਤਹਿਤ ਪੁਲਾੜ ਵਿਚ ਭੇਜਿਆ ਗਿਆ ਹੈ। ਇਹ ਇਸਰੋ ਵਲੋਂ ਵਿਕਸਤ ਭਾਰਤ ਦੀ ਆਪਣੀ ਖੇਤਰੀ ਉਪਗ੍ਰਹਿ ਨੇਵੀਗੇਸ਼ਨ ਪ੍ਰਣਾਲੀ ਹੈ। ਸਾਲ 1999 ਦੀ ਕਾਰਗਿਲ ਜੰਗ ਤੋਂ ਬਾਅਦ ਭਾਰਤ ਨੂੰ ਆਪਣੀ ਸੁਤੰਤਰ ਉਪਗ੍ਰਹਿ ਨੇਵੀਗੇਸ਼ਨ ਪ੍ਰਣਾਲੀ ਵਿਕਸਤ ਕਰਨ ਦੀ ਲੋੜ ਮਹਿਸੂਸ ਹੋਈ ਸੀ। ਇਹ ਪ੍ਰਣਾਲੀ ਅਮਰੀਕਾ ਦੀ ਜੀ.ਪੀ.ਐੱਸ ਪ੍ਰਣਾਲੀ ਦੀ ਤਰਜ਼ ’ਤੇ ਵਿਕਸਤ ਕੀਤੀ ਗਈ ਹੈ, ਪਰ ਇਸ ਦਾ ਘੇਰਾ ਭਾਰਤ ਅਤੇ ਇਸ ਦੀਆਂ ਸਰਹੱਦਾਂ ਤੋਂ 1500 ਕਿਲੋਮੀਟਰ ਤੱਕ ਦੇ ਖੇਤਰ ਵਿਚ ਫੈਲਿਆ ਹੋਇਆ ਹੈ। ਇਸਰੋ ਦੇ ਚੇਅਰਮੈਨ ਡਾ. ਵੀ. ਨਾਰਾਇਣਨ ਨੇ ਇਸ ਸਫ਼ਲਤਾ ਲਈ ਇਸਰੋ ਦੇ ਵਿਗਿਆਨੀਆਂ ਦੇ ਨਾਲ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਸਰੋ ਦੇ ਇਸ ਉਪਗ੍ਰਹਿ ਦੀ ਮਦਦ ਨਾਲ ਆਉਣ ਵਾਲੇ ਦਿਨਾਂ ’ਚ ਦੇਸ਼ ਵਾਸੀਆਂ ਨੂੰ ਸਵਦੇਸ਼ੀ ਨੇਵੀਗੇਸ਼ਨ ਅਤੇ ਜੀ.ਪੀ.ਐਸ. ਦੀ ਸਹੂਲਤ ਮਿਲੇਗੀ।

ਪੰਜਾਬ ਦੇ ਮੁਲਾਜ਼ਮਾਂ ਨੂੰ 63% 41 ਦੇਣ ਦਾ ਕੇਵਲ ਸਿੰਘ ਢਿੱਲੋਂ ਦਾ ਐਲਾਨ ਸ਼ਲਾਘਾਯੋਗ : ਗੁਰਜੀਤ ਸਿੰਘ ਕੋਹਲੀ

ਪਟਿਆਲਾ, 31 ਅਕਤੂਬਰ
-ਛਤਰਪਾਲ ਸਿੰਘ-

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸ. ਕੇਵਲ ਸਿੰਘ ਢਿੱਲੋਂ ਜੀ ਵੱਲੋਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਉਪਰੰਤ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਬਰਾਬਰ 63 ਫੀਸਦੀ ਮਹਿੰਗਾਈ ਭੱਤਾ (41) ਦੇਣ ਅਤੇ ਬਕਾਇਆ 41 ਦੀ ਅਦਾਇਗੀ ਕਰਨ ਸਬੰਧੀ ਕੀਤੇ ਐਲਾਨ ਦਾ ਭਾਜਪਾ ਆਗੂ ਗੁਰਜੀਤ ਸਿੰਘ ਕੋਹਲੀ ਨੇ ਜ਼ੋਰਦਾਰ ਸਵਾਗਤ ਕੀਤਾ ਹੈ।

ਕੋਹਲੀ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਮੁਲਾਜ਼ਮ ਸੂਬੇ ਦੀ ਪ੍ਰਸ਼ਾਸਨਿਕ ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਅਤੇ ਕੇਂਦਰ ਦੇ ਮੁਲਾਜ਼ਮਾਂ ਦੇ ਬਰਾਬਰ 41 ਮਿਲਣਾ ਚਾਹੀਦਾ ਹੈ।

ਮਹਿੰਗਾਈ ਦੇ ਇਸ ਦੌਰ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹਰ ਜ਼ਿੰਮੇਵਾਰ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸ. ਕੇਵਲ ਸਿੰਘ ਢਿੱਲੋਂ ਜੀ ਵੱਲੋਂ ਮੁਲਾਜ਼ਮਾਂ ਦੇ ਬਕਾਇਆ 41 ਨੂੰ ਕਲੀਅਰ ਕਰਨ ਅਤੇ ਭਵਿੱਖ ਵਿੱਚ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਦੀ ਗੱਲ ਪੰਜਾਬ ਦੇ ਲੱਖਾਂ ਮੁਲਾਜ਼ਮ ਪਰਿਵਾਰਾਂ ਲਈ ਇੱਕ ਮਹੱਤਵਪੂਰਨ ਅਤੇ ਸਵਾਗਤਯੋਗ ਵਚਨਬੱਧਤਾ ਹੈ।

ਗੁਰਜੀਤ ਸਿੰਘ ਕੋਹਲੀ ਨੇ ਕਿਹਾ ਕਿ ਪਟਿਆਲਾ ਅਤੇ 110 ਪਟਿਆਲਾ ਦਿਹਾਤੀ ਵਿਧਾਨ ਸਭਾ ਹਲਕੇ ਵਿੱਚ ਵੀ ਵੱਡੀ ਗਿਣਤੀ ਵਿੱਚ ਸਰਕਾਰੀ ਮੁਲਾਜ਼ਮ, ਅਧਿਆਪਕ, ਪੈਨਸ਼ਨਰ ਅਤੇ ਉਨ੍ਹਾਂ ਦੇ ਪਰਿਵਾਰ ਰਹਿੰਦੇ ਹਨ। ਉਨ੍ਹਾਂ ਦੇ ਹੱਕਾਂ ਅਤੇ ਆਰਥਿਕ ਸੁਰੱਖਿਆ ਨਾਲ ਜੁੜੇ ਮਸਲਿਆਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ, ਮੈਂ ਸ. ਕੇਵਲ ਸਿੰਘ ਢਿੱਲੋਂ ਜੀ ਦੇ ਇਸ ਐਲਾਨ ਦਾ ਪੂਰਾ ਸਮਰਥਨ ਕਰਦਾ ਹਾਂ। ਪੰਜਾਬ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲਣਾ ਚਾਹੀਦਾ ਹੈ ਅਤੇ 41 ਦੇ ਮਾਮਲੇ ਵਿੱਚ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ।

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

ਸੋਨ ਸੁਨਹਿਰੀ ਕਲਮਾਂ

ਕਵਿਤਾ ਦੇ ਖੇਤਰ 'ਚ ਨਵੀਂ ਦਸਤਕ

ਪ੍ਰਵੀਨ ਚੌਧਰੀ

ਸਾਹਿਤ ਖੇਤਰ ਵਿਚ ਵੱਡੀਆਂ ਸੰਭਾਵਨਾਵਾਂ ਲੈ ਕੇ ਦਸਤਕ ਦੇਣ ਵਾਲੀ ਕਵਿੱਤਰੀ ਅਤੇ ਕਹਾਣੀਕਾਰ ਪ੍ਰਵੀਨ ਚੌਧਰੀ ਦਾ ਪਿੰਡ ਥੋਪੀਆ ਤੇ ਤਹਿਸੀਲ ਬਲਾਚੌਰ ਹੈ। ਉਹ ਆਪਣੇ ਪਿਤਾ ਪਵਨ ਚੌਹਾਨ ਅਤੇ ਮਾਂ ਸੰਤੋਸ਼ ਚੌਹਾਨ ਦੀ ਲਾਡਲੀ ਧੀ ਹੈ। ਪ੍ਰਾਇਮਰੀ ਤੋਂ ਲੈ ਕੇ ਮਾਸਟਰ ਡਿਗਰੀ ਦੀ ਸਿੱਖਿਆ ਹਾਸਲ ਕਰਨਾ ਉਸ ਦੇ ਬੌਧਿਕ ਗਿਆਨ ਵਿਚ ਨਿਪੁੰਨ ਹੋਣ ਦਾ ਪ੍ਰਮਾਣ ਹੈ। ਕਾਲਜ ਦੀ ਪੜ੍ਹਾਈ ਦੌਰਾਨ ਉਸ ਨੇ ਸੱਭਿਆਚਾਰਕ ਸਰਗਰਮੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਹੋਏ ਗਿੱਧੇ ਵਿਚ ਨਾਮਣਾ ਖੱਟਿਆ। ਉਹ ਸਰਵਗੁਣ ਸੰਪਨ ਹੈ ਕਿਉਂਕਿ ਉਸ ਨੇ ਖੇਡ ਦੇ ਮੈਦਾਨ ਵਿਚ ਵੀ ਹਾਕੀ ਫੜ ਕੇ ਆਪਣੀ ਯੋਗਤਾ ਦਾ ਦਿਖਾਈ। ਚੰਗੀ ਸੂਰਤ ਅਤੇ ਸੋਹਣੀ ਸੀਰਤ ਦੀ ਮਾਲਕ ਹੋਣ ਦੇ ਨਾਲ-ਨਾਲ ਉਸ ਨੇ ਆਪਣੀ ਕਲਮ ਦਾ ਇਸਤੇਮਾਲ ਕਰਦੇ ਹੋਏ ਸਮਾਜਿਕ ਪੀੜਾ ਨੂੰ ਬਿਆਨ ਕਰਦੀਆਂ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ। ਉਸ ਦੀਆਂ ਦਰਜਨਾਂ ਰਚਨਾਵਾਂ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪ ਚੁੱਕੀਆਂ ਹਨ। ਅੱਜ ਉਹ ਆਪਣੇ ਪਤੀ ਬਾਲੀ ਖੇਪਰ ਦੇ ਸਹਿਯੋਗ ਨਾਲ ਸਹੁਰਾ ਪਿੰਡ ਬੇਗੋਵਾਲ ਤਹਿਸੀਲ ਬਲਾਚੌਰ ਤੋਂ ਸਾਹਿਤ ਦੇ ਨਵੇਂ ਪੰਨੇ ਸਿਰਜ ਰਹੀ ਹੈ। ਆਓ ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਅਨੰਦ।

• **ਰਾਮਦਾਸ ਬੰਗੜ**
99153-53800

ਕਵਿਤਾਵਾਂ

ਰਿਸ਼ਤੇ

ਇਨਸਾਨੀਅਤ ਮਰ ਜਾਂਦੀ ਹੈ ਉਦੋਂ,
ਜਦੋਂ ਬੰਦੇ ਨਾਲ ਬੰਦਾ ਧੋਖਾ ਕਮਾਉਂਦਾ ਹੈ।
ਇਨਸਾਨੀਅਤ ਮਰ ਜਾਂਦੀ ਹੈ ਉਦੋਂ,
ਜਦੋਂ ਬੰਦਾ ਛੁਪਿਆ ਰੂਪ ਦਿਖਾਉਂਦਾ ਹੈ,
ਵਿਸ਼ਵਾਸ ਉਦੋਂ ਉੱਠਦਾ।
ਜਦੋਂ ਆਪਣਾ ਕੋਈ ਦਿਲ ਦਿਖਾਉਂਦਾ ਹੈ,
ਮਾਣ ਬੰਦੇ ਦਾ ਉਦੋਂ ਟੁੱਟਦਾ ਹੈ।
ਯਾਰ ਜਦੋਂ ਪਿੱਠ ਪਿੱਛੇ ਹਥਿਆਰ ਚਲਾਉਂਦਾ ਹੈ,
ਮਨ ਰਿਸ਼ਤਿਆਂ ਤੋਂ ਉਦੋਂ ਭਰ ਜਾਵੇ।
ਜਦੋਂ ਵੀਰ ਵੀਰ ਨਾਲ ਦਗਾ ਕਮਾਉਂਦਾ ਹੈ।

ਮਾਂ

ਮੇਰਾ ਤੂੰ ਹੀ ਇਕ ਸਹਾਰਾ ਮਾਂ,
ਤੇਰਾ ਪਿਆਰ ਹੀ ਸਭ ਤੋਂ ਨਿਆਰਾ ਮਾਂ।
ਜਦ ਝਿੜਕਾਂ ਦੇ ਨਾਲ ਪਿਆਰ ਕਰੇ,
ਮੇਰੀਆਂ ਖ਼ੁਸ਼ੀਆਂ ਲਈ ਸਭ ਨਾਲ ਲੜੇ।
ਤੂੰ ਦਿਖੇ ਨਾ ਮੈਨੂੰ ਇਕ ਪਲ ਵੀ,
ਮਨ ਡਰ-ਡਰ ਇੱਕੋ ਗੱਲ ਕਹੇ।
ਤੇਰੇ ਬਿਨਾਂ ਨਾ ਕੋਈ ਕਿਨਾਰਾ ਮਾਂ,
ਮੇਰਾ ਤੂੰ ਹੀ ਇੱਕ ਸਹਾਰਾ।

ਸਾਡਾ ਪਤਾ ਹੈ–
ਸੰਪਾਦਕ, ਪੰਜਾਬੀ ਜਾਗਰਣ, ਸੀ–120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਤੇਰੀ ਮੇਰੀ ਇਕ ਜਿੰਦੜੀ

ਪਰਮਜੀਤ ਕੌਰ ਸਰਹਿੰਦ

ਪਤੀ-ਪਤਨੀ ਦਾ ਰਿਸ਼ਤਾ ਬਹੁਤ ਅਪਣੱਤ ਭਰਿਆ ਤੇ ਮਜ਼ਬੂਤ ਹੁੰਦਾ ਹੋਇਆ ਵੀ ਬੜਾ ਨਾਜ਼ੁਕ ਹੁੰਦਾ ਹੈ। ਸਾਰੀ ਸ੍ਰਿਸ਼ਟੀ ਇਸੇ ਨਾਲ ਚੱਲਦੀ ਹੈ। ਇਸ ਨਾਜ਼ੁਕ ਰਿਸ਼ਤੇ ਨੂੰ ਤਿੜਕਣ ਤੋਂ ਬਚਾਉਣ ਲਈ ਸਾਨੂੰ ਕੁਝ ਨਿਯਮ ਅਪਣਾਉਣੇ ਜ਼ਰੂਰੀ ਹੁੰਦੇ ਨੇ ਪਰ ਆਮ ਤੌਰ 'ਤੇ ਉਹ ਅਪਣਾਉਣੇ ਨਹੀਂ ਜਾਂਦੇ, ਜਿਸ ਕਾਰਨ ਦੰਪਤੀ ਵਿਚ ਕਲਾਹ-ਕਲੇਸ਼ ਹੋਇਆ ਰਹਿੰਦਾ ਹੈ ਅਤੇ ਜੀਵਨ ਇਕ ਬੋਝ ਬਣ ਕੇ ਰਹਿ ਜਾਂਦਾ ਹੈ। ਸਭ ਤੋਂ ਜ਼ਰੂਰੀ ਤਾਂ ਪਤੀ ਪਤਨੀ ਦਾ ਇਕ-ਦੂਜੇ ਦੀ ਇੱਜ਼ਤ ਕਰਨਾ ਬਹੁਤ ਜ਼ਰੂਰੀ ਹੈ। ਪ੍ਰੇਮ ਦੇ ਨਾਲ ਰਲੀ ਹੋਈ ਇੱਜ਼ਤ ਇਸ ਰਿਸ਼ਤੇ ਨੂੰ ਬਹੁਤ ਹੀ ਸੁਖਾਵਾਂ ਬਣਾ ਦਿੰਦੀ ਹੈ ਬਰਾਬਰ ਦੇ ਹੱਕਾਂ ਵਾਲਾ ਰੌਲ਼ਾ ਕਦੇ-ਕਦੇ ਔਰਤ ਨੂੰ ਬੇਲੋੜੀ ਸ਼ਹਿ ਵੀ ਦੇ ਜਾਂਦਾ ਹੈ ਅਤੇ ਉਹ ਸ਼੍ਰਿਸ਼ਟਾਚਾਰ ਦੀਆਂ ਹੱਦਾਂ ਟੱਪਣ ਲੱਗਦੀ ਹੈ, ਜਿਸ ਨਾਲ ਪਤੀ ਦੇ ਮਨ ਨੂੰ ਠੇਸ ਲੱਗਦੀ ਹੈ ਅਤੇ ਗੁੱਸਾ ਵੀ। ਹੱਸਦੇ ਵਸਦੇ ਘਰ ਉੱਜੜ ਜਾਂਦੇ ਹਨ। ਪਤੀ ਪਤਨੀ ਦੋਵੇਂ ਆਪਣੇ ਵਤੀਰੇ ਅਤੇ ਫ਼ਰਜ਼ਾਂ ਪ੍ਰਤੀ ਸੁਚੇਤ ਰਹਿਣ। ਪਤਨੀ ਨੂੰ ਚਾਹੀਦਾ ਹੈ ਕਿ ਉਹ ਪਤੀ ਦੇ ਨਾਲ ਉਸ ਦੀ ਮਾਂ ਭੈਣ ਤੇ ਬਾਕੀ ਰਿਸ਼ਤੇਦਾਰਾਂ ਦੀ ਵੀ ਇੱਜ਼ਤ ਕਰੇ, ਖਿੜੇ ਮੱਥੇ ਮਿਲੇ, ਜਿਵੇਂ ਪਤੀ ਤੋਂ ਉਹ ਆਪਣਿਆ ਲਈ ਚਾਹੁੰਦੀ ਹੈ। ਇਸ ਨਾਲ ਅੱਗੋਂ ਬੱਚਿਆਂ ਦੇ ਮਨਾਂ 'ਚ ਵੀ ਮੋਹ ਦੇ ਬੀਜ ਪੁੰਗਰਦੇ ਨੇ ਅਤੇ ਉਹ ਚੰਗੇ ਸੰਸਕਾਰ ਗ੍ਰਹਿਣ ਕਰ ਕੇ ਸਭ ਤੋਂ ਆਦਰ ਕਰਨ ਦੀ ਜਾਚ ਸਿੱਖਦੇ ਨੇ।

ਪਤਨੀ ਨਾਲ ਸੁਖਾਵਾਂ ਵਰਤਾਓ

ਇਹ ਵੀ ਦੇਖਣ ਨੂੰ ਆਉਂਦਾ ਹੈ ਕਿ ਆਮ ਤੌਰ 'ਤੇ ਪਤੀ ਆਪਣੀ ਪਤਨੀ ਨਾਲ ਸੁਖਾਵਾਂ ਵਰਤਾਓ ਰੱਖਦਾ ਹੈ ਪਰ ਦੂਜਿਆਂ ਦੇ ਸਾਹਮਣੇ ਉਹ ਪਤਨੀ 'ਤੇ ਬੇਲੋੜਾ ਰੋਹਬ ਪਾਉਂਦਾ ਹੈ ਅਤੇ ਕਾਗ਼ਜ਼ੀ ਸ਼ੇਰ ਬਣ ਜਾਂਦਾ ਹੈ। ਸਿਆਣੀ ਸਾਊ ਪਤਨੀ ਮੌਕਾ ਸਾਂਭ ਕੇ ਆਪਣੀ ਹੋਈ ਨਿਰਾਦਰੀ ਨੂੰ ਜ਼ਰ ਕੇ ਸਬਰ ਦਾ ਘੁੱਟ ਭਰ ਲੈਂਦੀ ਹੈ ਪਰ ਕਈ ਵਾਰ ਉਹ ਘਰ ਆ ਕੇ ਆਪ ਵੀ ਸ਼ੇਰਨੀ ਬਣ ਜਾਂਦੀ ਹੈ ਅਤੇ ਪਤੀ ਨਾਲ ਥੋੜ੍ਹੇ ਤਰਕ ਤਕਰਾਰ ਕਰਦੀ ਹੈ। ਕਿਸੇ ਵੇਲੇ ਗੱਲ ਵਧ ਵੀ ਜਾਂਦੀ ਹੈ। ਕਈ ਵਾਰ ਇਹ ਉਲਟ ਵੀ ਹੁੰਦਾ ਹੈ। ਚੰਗੀ ਭਲੀ ਸਿਆਣੀ-ਸੁਚੱਜੀ ਪਤਨੀ ਬਾਹਰ ਜਾ ਕੇ ਆਪਹੁਦਰੀ ਜਿਹੀ ਹੋ ਜਾਂਦੀ ਹੈ ਅਤੇ ਦੂਜਿਆ ਸਾਹਮਣੇ ਪਤੀ 'ਤੇ ਰੋਹਬ ਪਾਉਂਦੀ ਹੈ ਸਮਝਦਾਰ ਪਤੀ ਪਾਸਾ ਵੱਟ ਜਾਂਦਾ ਹੈ ਪਰ ਆ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਕਈ ਵਾਰ ਅਜਿਹੀ ਪਤਨੀ ਨੂੰ ਪਤੀ ਕਿਸੇ ਸਮਾਗਮ 'ਚ ਨਾਲ ਲੈ ਜਾਣ ਤੋਂ ਗੁਰੇਜ਼ ਕਰਦਾ ਹੈ ਕਈ ਪਤੀ ਪਤਨੀਆਂ ਸਾਹਮਣੇ ਭਰੀ ਮਹਿਫ਼ਲ ਵਿਚ ਮਾਊਂ ਬਣੇ ਰਹਿੰਦੇ ਨੇ। ਪਤਨੀਆਂ ਲੁਤਰ-ਲੁਤਰ ਬੋਲਦੀਆਂ ਉਨ੍ਹਾਂ ਨੂੰ ਉੱਕਾ ਹੀ ਨਹੀਂ ਗੌਲ਼ਦੀਆਂ। ਅਜਿਹੇ ਹਾਲਾਤ ਵਿਚ ਪਤੀ ਪਤਨੀ ਤਮਾਸ਼ਾ ਬਣ ਕੇ ਰਹਿ ਜਾਂਦੇ ਨੇ ਅਤੇ ਲੋਕ ਪਿੱਠ ਪਿੱਛੇ ਉਨ੍ਹਾਂ ਦਾ ਮੌਜੂ ਬਣਾਉਂਦੇ ਖਿੱਲੀ ਉਡਾਉਂਦੇ ਨੇ। ਅਜਿਹੀਆਂ ਗੱਲਾਂ ਦਾ ਦੋਵਾਂ ਜੀਆਂ ਨੂੰ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਮਾਜ 'ਚ ਆਪਣੀ ਚੰਗੇ ਪਤੀ-ਪਤਨੀ ਦੀ ਪਛਾਣ ਬਣਾਉਣੀ ਚਾਹੀਦੀ ਹੈ।

ਜ਼ਿੰਮੇਵਾਰੀਆਂ ਦਾ ਬੋਝ

ਪਤਨੀ ਭਾਵੇਂ ਘਰੇਲੂ ਔਰਤ ਹੋਵੇ ਜਾਂ ਨੌਕਰੀ ਪੇਸ਼ਾ ਘਰ, ਪਰਿਵਾਰ ਤੇ ਬੱਚਿਆਂ ਦੀਆਂ ਬਹੁਤੀਆਂ ਜ਼ਿੰਮੇਵਾਰੀਆਂ ਦਾ ਬੋਝ ਉਸ ਦੇ ਸਿਰ ਹੀ ਹੁੰਦਾ ਹੈ। ਉਹ ਸਭ ਦਾ ਧਿਆਨ ਰੱਖਦੀ ਹੈ, ਉਸ ਦਾ ਧਿਆਨ ਕੌਣ ਰੱਖੇ? ਉਹ ਇਸ ਦੀ ਤਵੱਕੋ ਪਤੀ ਤੋਂ ਹੀ ਕਰ ਸਕਦੀ ਹੈ। ਇਕ ਹੋਰ ਗੱਲ ਵੀ ਬੜੀ ਮਹੱਤਵਪੂਰਨ ਹੈ, ਪਤਨੀ ਘਰੇਲੂ ਕੰਮ ਕਰਨ ਵਾਲੀ ਹੋਵੇ ਜਾਂ ਨੌਕਰੀ ਵਾਲੀ, ਮਰਦ ਘਰ ਦੇ ਕੰਮਾਂ 'ਚ ਉਸ ਦਾ ਹੱਥ ਵਟਾਉਣ ਨੂੰ ਆਪਣੀ ਹੇਠੀ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਦਫ਼ਤਰੋਂ ਆਉਂਦੇ ਨੂੰ ਚਾਹ ਵੀ ਤਿਆਰ ਹੋਵੇ, ਭਾਵੇਂ ਪਤਨੀ ਵੀ ਉਸੇ ਵੇਲੇ ਕੰਮੋਂ ਪਰਤੀ ਹੋਵੇ ਪਰ ਚਾਹ ਪਤਨੀ ਹੀ ਬਣਾਵੇਗੀ। ਬਹੁਤ ਸਾਰੇ ਘਰਾਂ ਵਿਚ ਇਹੋ ਹਾਲ ਹੈ ਕੁਝ ਇਕ-ਦੁੱਕਾ ਘਰਾਂ 'ਚ ਪਤੀ ਖੁੱਲ੍ਹੀ ਸੋਚ ਵਾਲੇ ਤੇ ਦਰਿਆ ਦਿਲ ਹੁੰਦੇ ਨੇ ਜੋ, ਪਤਨੀ ਦਾ ਹੱਥ ਵਟਾਉਂਦੇ ਨੇ। ਆਮ ਤੌਰ 'ਤੇ ਪਤੀ ਬਾਹਰੋਂ ਆ ਕੇ ਜੁੱਤੇ ਕੱਪੜੇ ਉਤਾਰ ਕੇ ਇੱਧਰ ਉੱਧਰ ਹੀ ਰੱਖ ਦਿੰਦੇ ਨੇ, ਹਾਲਾਕਿ ਇਹ ਪੰਜ ਸੱਤ ਮਿੰਟ ਦਾ ਕੰਮ ਹੁੰਦਾ ਹੈ ਜੁੱਤੇ ਕੱਪੜੇ ਥਾਂ ਸਿਰ ਰੱਖ ਕੇ ਥਾਂ ਸਿਰ ਤੋਂ ਚੁੱਕ ਕੇ ਬਦਲ ਲਏ ਜਾਣ ਪਰ ਇਹ ਕੰਮ ਵੀ ਪਤਨੀ ਕਰ ਕੇ ਦੇਵੇਗੀ। ਉਹ ਘਰ ਦੇ ਧੰਦਿਆਂ ਵਿਚ ਉਲਝੀ ਇਹ 'ਸੇਵਾ' ਵੀ ਨਿਭਾਉਂਦੀ ਹੈ। ਪਤੀ ਨੂੰ ਹੱਥੀਂ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਉਸ ਨੂੰ ਐਨੀ ਕੁ ਖੇਚਲ ਕਰ ਲੈਣੀ ਚਾਹੀਦੀ ਹੈ। ਐਨੀ ਦੇਰ ਵਿਚ ਪਤਨੀ ਚਾਹ ਨਾਸ਼ਤਾ ਲਿਆਵੇ ਅਤੇ ਬੱਚਿਆਂ ਨਾਲ ਰਲ ਕੇ ਬੈਠਿਆ ਜਾਵੇ। ਮੁੜ ਤਾਂ ਸਭ ਨੇ ਆਪੋ ਆਪਣੇ ਕਮਰਿਆਂ 'ਚ ਵੜ ਜਾਣਾ ਹੁੰਦਾ ਹੈ, ਟੀਵੀ, ਕੰਪਿਊਟਰ ਨਾਲ ਪਰਚ ਜਾਣਾ ਹੁੰਦਾ ਹੈ ਅਤੇ ਖਾਣੇ ਦੀ ਮੇਜ਼ 'ਤੇ ਵੀ ਮਸਾਂ ਇਕੱਠੇ ਹੁੰਦੇ ਨੇ। ਬੱਚਿਆਂ ਦੇ ਵਿਕਾਸ ਲਈ ਪਰਿਵਾਰ ਦਾ ਰਲ ਬੈਠਣਾ ਬਹੁਤ ਜ਼ਰੂਰੀ ਹੈ।

ਔਰਤ ਨੂੰ ਦਾਸੀ ਸਮਝਣਾ

ਕਈ ਪਤੀ ਅੱਜ ਦੇ ਜ਼ਮਾਨੇ 'ਚ ਵੀ ਔਰਤ ਨੂੰ ਦਾਸੀ ਸਮਝਦੇ ਨੇ, ਇਹ ਕੌੜਾ ਸੱਚ ਹੈ। ਉਸ ਤੋਂ ਸਿਰ ਜਾਂ ਪੈਰ ਦਬਾਉਂਦੇ ਨੇ, ਘੁਟਾਉਂਦੇ ਨੇ ਪਰ ਆਪ ਜੇ ਪਤਨੀ ਨੂੰ ਤੇਜ਼ ਬੁਖ਼ਾਰ ਜਾਂ ਕੋਈ ਹੋਰ ਤਕਲੀਫ਼ ਹੋਵੇ, ਇੱਥੋਂ ਤਕ ਕਿ ਉਹ ਮੰਜੇ ਤੋਂ ਉੱਠਣ ਜੋਗੀ ਨਾ ਹੋਵੇ, ਉਸ ਨੂੰ ਚਾਹ ਦਾ ਕੱਪ ਬਣਾ ਕੇ ਦੇਣਾ ਵੀ ਔਖਾ ਸਮਝਦੇ ਨੇ। ਕਈ ਭਲੇ ਪਤੀ, ਪਤਨੀ ਦਾ ਪੂਰਾ ਖ਼ਿਆਲ ਰੱਖਦੇ ਨੇ। ਆਪ ਅੰਤਾਂ ਦੀ ਤਕਲੀਫ਼ 'ਚ ਵੀ ਪਤਨੀ 'ਤੇ ਬੋਝ ਨਹੀਂ ਬਣਦੇ, ਸਗੋਂ ਕਹਿੰਦੇ ਨੇ 'ਤੂੰ ਸਾਰਾ ਦਿਨ ਕੰਮ ਕਰਦੀ ਏ। ਘਰ ਵੀ ਤੇ ਬਾਹਰ ਵੀ। ਮੈਨੂੰ ਦੁਆਈ ਦੇ ਕੇ ਤੂੰ ਵੀ ਆਰਾਮ ਕਰ।' ਇਕ ਦੂਜੇ ਦੇ ਦੁੱਖ ਸੁੱਖ ਦਾ ਪੂਰਾ ਧਿਆਨ ਰੱਖਦੇ ਨੇ। ਅਜਿਹੇ ਜੋੜਿਆਂ ਦੇ ਘਰਾਂ ਵਿਚ ਰੱਬ ਦੀ ਰਹਿਮਤ ਵਰਸਦੀ ਹੈ। ਇੱਥੇ 'ਤੇਰੀ ਆਈ ਮੈਂ ਮਰ ਜਾ ਤੇਰਾ ਵਾਲ ਵਿੰਗਾ ਨਾ ਹੋਵੇ' ਵਾਲੀ ਗੱਲ ਪਤੀ-ਪਤਨੀ 'ਤੇ ਲਾਗੂ ਹੁੰਦੀ ਹੈ।

ਗ਼ਲਤੀਆਂ ਦਾ ਪੁਤਲਾ

ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਇਹ ਗੱਲ ਜਗ ਜ਼ਾਹਿਰ ਹੈ। ਗ਼ਲਤੀ ਪਤੀ ਜਾਂ ਪਤਨੀ ਕਿਸੇ ਤੋਂ ਵੀ ਹੋ ਸਕਦੀ ਹੈ। ਮੈਂ ਸੋਚਦੀ ਹਾਂ ਜੇ ਗ੍ਰਹਿਸਥ ਵਿਚ ਵੀ 'ਟੈਫ਼ਿਕ ਨਿਯਮ' ਵਾਂਗ ਨਿਯਮ ਪਾਲੇ ਜਾਣ ਤਾਂ ਜੀਵਨ ਦੀ ਵਾਟ ਬੜੀ ਹੀ ਸਾਵੀਂ ਪੱਧਰੀ ਹੋ ਜਾਵੇ। ਜੇ ਇਕ ਨੂੰ ਕਿਸੇ ਗੱਲੋਂ ਦੂਜੇ 'ਤੇ ਗੁੱਸਾ ਆਵੇ ਤਾਂ ਦੂਜਾ ਰਤਾ ਠਰ੍ਹੰਮਾ ਰੱਖੇ ਤੇ ਪਾਸਾ ਵੱਟੇ। ਰਾਤ ਨੂੰ ਆਹਮੋ-ਸਾਹਮਣੇ ਤੋਂ ਆਉਂਦੀਆਂ ਗੱਡੀਆਂ ਦੀ ਤੇਜ਼ ਰੌਸ਼ਨੀ ਹਾਦਸੇ ਦਾ ਕਾਰਨ ਬਣ ਜਾਂਦੀ ਹੈ।

ਗ੍ਰਹਿਸਥ ਦੀ ਗੱਡੀ

ਸਿੱਧੀ ਰੌਸ਼ਨੀ ਇਕ ਦੂਜੇ ਦੀਆਂ ਅੱਖਾਂ ਵਿਚ ਪੈਂਦੀ ਅਤੇ ਆਲੇ-ਦੁਆਲੇ ਜਾਂ ਸਾਹਮਣੇ ਕੁਝ ਦਿਖਾਈ ਨਹੀਂ ਦਿੰਦਾ ਤੇ ਹਾਦਸੇ ਹੋ ਜਾਂਦੇ ਨੇ। ਸਿਆਣਾ ਵਾਹਨ ਚਾਲਕ ਰੌਸ਼ਨੀ (ਲਾਈਟ) ਡਿਮ ਕਰਦਾ ਡਿੱਪਰ ਮਾਰਦਾ ਹੈ ਤਾਂ ਜੋ ਸਾਹਮਣੇ ਗੱਡੀ ਨੂੰ ਰਸਤਾ ਸਾਫ਼ ਦਿੱਸੇ। ਆਪ ਜ਼ਰਾ ਹੌਲੀ ਵੀ ਹੋ ਜਾਂਦਾ ਹੈ ਅਤੇ ਹਾਦਸਾ ਟਲ ਜਾਂਦਾ ਹੈ। ਜਿਹੜਾ ਚਾਲਕ ਹਉਮੈ ਜਾਂ ਕਾਹਲੀ ਕਾਰਨ ਤੇਜ਼-ਤਰਾਰ ਬਣਦੇ ਨਿਯਮ ਦੀ ਪਾਲਣਾ ਨਹੀਂ ਕਰਦੇ, ਉਹ ਗੱਡੀਆਂ ਆਮ ਤੌਰ 'ਤੇ ਕਿਸੇ ਮੋੜ 'ਤੇ ਹਾਦਸੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸੋ ਪਤੀ-ਪਤਨੀ ਵੀ ਜਦੋਂ ਅਜਿਹੇ ਨਾਜ਼ੁਕ ਦੌਰ 'ਚ ਖ਼ਤਰਨਾਕ ਮੋੜ 'ਤੇ ਆ ਜਾਣ ਤਾਂ ਉਦੋਂ ਇਕ ਜਣਾ ਗੁੱਸੇ ਦੀ ਗਰਮੀ ਰੌਸ਼ਨੀ ਨੂੰ ਜ਼ਰਾ ਡਿਮ ਕਰ ਲਵੇ, ਡਿੱਪਰ ਮਾਰੇ ਤਾਂ ਜੋ ਗੁੱਸੇ ਦੀ ਰੌਸ਼ਨੀ 'ਚ ਦੋਵਾਂ ਦਾ ਟਕਰਾਅ ਨਾ ਹੋਵੇ, ਹਾਦਸਾ (ਲੜਾਈ ਝਗੜਾ) ਨਹੀਂ ਤਾਂ ਅਜਿਹੇ ਹਾਦਸੇ ਗ੍ਰਹਿਸਥ ਦੀ ਗੱਡੀ ਨੂੰ ਤੋੜ ਭੰਨ ਦਿੰਦੇ ਨੇ। ਕੋਈ ਜ਼ਹਿਰ ਖਾ ਲੈਂਦਾ ਹੈ, ਕੋਈ ਰੇਲ ਗੱਡੀ ਥੱਲੇ ਆ ਜਾਂਦੈ ਅਤੇ ਕੋਈ ਕਿਸੇ ਨਦੀ ਨਹਿਰ 'ਚ ਜਾ ਡਿਗਦੈ। ਕਈ ਮਾਸੂਮ ਬੱਚਿਆਂ ਨੂੰ ਵੀ ਨਾਲ ਹੀ ਖ਼ਤਮ ਕਰ ਦਿੰਦੇ ਜਾਂ ਰੁਲਣ ਲਈ ਛੱਡ ਜਾਂਦੈ। ਸੋ, ਜ਼ਰਾ ਬਚ ਕੇ ਮੋੜ ਤੋਂ, ਜ਼ਰਾ ਸੰਭਲ਼ ਕੇ ਪਾਸਾ ਵੱਟ ਕੇ, ਲਾਈਟ ਡਿਮ ਕਰ ਕੇ ਅਤੇ ਡਿੱਪਰ ਮਾਰ ਕੇ ਜ਼ਿੰਦਗੀ ਦੇ ਸੋਹਣੇ ਪਲ ਖ਼ੁਸ਼ੀ-ਖ਼ੁਸ਼ੀ ਮਾਣੇ ਜਾਣ। ਇਹ ਮਨੁੱਖਾ ਜਨਮ ਜਿਸ ਬਾਰੇ ਕਿਹਾ ਜਾਂਦੈ, 'ਚੁਰਾਸੀ ਲੱਖ ਜੂਨਾਂ ਬਾਅਦ ਮਿਲਦਾ ਹੈ, ਅਜਾਈ ਨਾ ਗੁਆਇਆ ਜਾਵੇ।' ਇਕ-ਦੂਜੇ ਦੇ ਸਾਹੀਂ ਜਿਊਦਿਆਂ ਲੋਕਗੀਤ ਦੇ ਬੋਲਾਂ ਨੂੰ ਸੱਚ ਕੀਤਾ ਜਾਵੇ। 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾ, ਤੇਰੀ ਮੇਰੀ ਇੱਕ ਜਿੰਦੜੀ।' •

98599-98728

ਪੱਤਰ ਹਰੇ ਕਚੂਰ

ਹਾਲਾਤ 'ਚੋਂ ਉੱਭਰੀ ਕਵਿਤਰੀ

ਨੀਰੂ ਜੱਸਲ਼
94646-06017

ਪੇਸ਼ੇ ਪੱਖੋਂ ਨੀਰੂ ਜੱਸਲ਼ ਕੰਪਿਊਟਰ ਅਧਿਆਪਕਾ ਹੈ। ਕਵਿ-ਰਚਨਾ ਦਾ ਗੁਣ ਉਸ ਨੂੰ ਮਾਂ ਦੇ ਵਿਹੜੇ ਵਿੱਚੋਂ ਮਿਲਿਆ, ਮਨ ਵਿਚ ਆਏ-ਦਿਨ ਉੱਠਦੇ ਵਲਵਲ੍ਹਿਆਂ ਨੇ ਉਸ ਨੂੰ ਲਿਖਣਾ ਸਿਖਾ ਦਿੱਤੈ ਅਤੇ ਗਾਇਕੀ ਦਾ ਗੁਣ ਨੀਰੂ ਦੇ ਇਕਾਂਤ ਵਿਚਲਾ ਹਮਸਫ਼ਰ ਹੈ। ਨੀਰੂ ਨੂੰ ਦੂਰੋਂ ਤੱਕਣ ਵਾਲਾ ਸ਼ਖ਼ਸ ਉਸ ਵਰਗੀ ਹੀ ਜ਼ਿੰਦਗੀ ਜਿਊਣ ਦੀ ਕਲਪਨਾ ਕਰਨ ਲੱਗਦਾ ਹੈ ਪ੍ਰੰਤੂ ਜਦੋਂ ਸਮਾਂ ਪਾ ਕੇ ਜਦ ਦਿਲ ਦੀਆਂ ਪਰਤਾਂ ਖੁੱਲ੍ਹਦੀਆਂ ਹਨ ਤਾਂ ਉਹ ਵੀ ਘਬਰਾਅ ਜਾਂਦਾ ਹੈ। ਪਰ ਨੀਰੂ ਦਾ ਜ਼ਿੰਦਗੀ ਜਿਊਣ ਦਾ ਆਪਣਾ ਹੀ ਅੰਦਾਜ਼ ਹੈ। ਨੀਰੂ ਨੂੰ ਦੂਜਿਆਂ ਦੇ ਮੋਢੇ 'ਤੇ ਸਿਰ ਧਰ ਕੇ ਆਪਣੀ ਜ਼ਿੰਦਗੀ ਦੇ ਰੋਣੇ ਰੋਣਾ ਜ਼ਰਾ ਜਿੰਨਾ ਵੀ ਸਵੀਕਾਰ ਨਹੀਂ। ਉਹ ਕਾਗ਼ਜ਼ਾਂ ਨੂੰ ਮਾਂ ਦੀ ਗੋਦ ਤੇ ਕਾਵਿਕ ਬੋਲਾਂ ਨੂੰ ਹੰਝੂ ਸਵਿਕਾਰਦਿਆਂ ਸਭ ਕੁਝ ਆਪਣੀਆਂ ਕਵਿਤਾਵਾਂ 'ਚ ਪ੍ਰੋਅ ਛੱਡਦੀ ਹੈ। ਗ਼ੁਲਾਮ ਅਲੀ ਅਤੇ ਜਗਜੀਤ ਸਿੰਘ ਨੂੰ ਸੁਣਨਾ, ਸ਼ਿਵ, ਪਾਤਰ ਅਤੇ ਸੁਖਵਿੰਦਰ ਅਮ੍ਰਿਤ ਨੂੰ ਨੂੰ ਪੜ੍ਹਨਾ ਨੀਰੂ ਲਈ ਨਿੱਤ-ਨੇਮ ਹੈ। ਅਮ੍ਰਿਤ ਵਾਂਗ ਨੀਰੂ ਵੀ ਆਪਣੀ ਡਾਇਰੀ ਲੁਕਾ ਕੇ ਰੱਖਦੀ ਹੈ। ਉਸ ਨੂੰ ਡਰ ਹੈ ਕਿ ਉਸ ਦੀਆਂ ਕਵਿਤਾਵਾਂ ਉਸ ਦੇ ਦਰਦਾਂ ਦੇ ਪਾਜ਼ ਨਾ ਉਧੇੜ ਦੇਣ। ਉਹ ਆਪਣੇ ਚਿਹਰੇ 'ਤੇ ਸਜਾਈ ਮੁਸਕਾਨ ਨੂੰ ਹੀ ਆਪਣੀ ਪਛਾਣ ਬਣਾਈ ਰੱਖਣਾ ਚਹੁੰਦੀ ਹੈ। ਸਾਰਾ ਦਿਨ ਗੁਲਾਬ ਵਾਂਗ ਖਿੜੇ ਰਹਿਣਾ ਉਸ ਦਾ ਸੁਭਾਅ ਹੈ। ਆਓ ਸਾਂਝ ਪਾਉਂਦੇ ਹਾਂ ਉਸ ਦੀ ਇਕ ਰਚਨਾ।

• **ਰਾਜ ਹੀਉਂ**
9815461875

ਕਵਿਤਾ

ਮੇਰੇ ਬੁੱਲਾਂ 'ਤੇ ਆਇਆ ਗੀਤ ਵੀ ਅੰਗਾਰ ਬਣ ਜਾਵੇ।
ਉਹ ਕੌੜੇ ਬੋਲ ਵੀ ਬੋਲੇ ਤਾਂ ਉਹ ਫਨਕਾਰ ਬਣ ਜਾਵੇ।

ਮੇਰਾ ਜੇ ਦਿਲ ਵੀ ਰੋਵੇ ਤਾਂ ਜ਼ਮਾਨਾ ਕੋਸਦੈ ਮੈਨੂੰ,
ਉਦ੍ਹੇ ਤਾਂ ਹੰਝੂਆਂ ਤੋਂ ਮੋਤੀਆਂ ਦਾ ਹਾਰ ਬਣ ਜਾਵੇ।

ਜੋ ਮਿੱਠੇ ਬੋਲ ਬੋਲੇ ਪਰ ਕਰੇ ਵਾਅਦੇ ਸਦਾ ਝੂਠੇ,
ਕਿਉਂ ਉਹੀ ਸਦਾ ਜਿੱਤੇ, ਉਦ੍ਹੀ ਸਰਕਾਰ ਬਣ ਜਾਵੇ।

ਉਹ ਮੂਰਤ ਹੈ ਖ਼ੁਦਾ ਦੀ ਜਾਂ ਖ਼ੁਦਾ ਦਾ ਰੂਪ ਹੈ ਦਿਸਦਾ,
ਉਦ੍ਹੀ ਬੁੱਕਲ 'ਚ ਜੋ ਆਵੇ, ਉਹੀ ਅਵਤਾਰ ਬਣ ਜਾਵੇ।

ਉਹ ਕਰਦੈ ਜੇ ਕਤਲ ਵੀ ਤਾਂ, ਇਹ ਉਸ ਦੀ ਅਦਾ ਜਾਪੇ,
ਮੇਰਾ ਮੁੱਖ ਮੋੜਨਾ ਵੀ ਕਿਉਂ ਅਨੋਖਾ ਵਾਰ ਬਣ ਜਾਵੇ।

ਤਲੀ 'ਤੇ ਜਾਨ ਹੈ ਰੱਖਦਾ, ਜੋ ਅਜਨਬੀਆਂ ਦੀ ਖ਼ਾਤਰ,
ਅਹੁ ਬੰਦਾ, ਬੰਦਾ ਨਾ ਹੋ ਕੇ ਪਰਬਤਦਿਗਾਰ ਬਣ ਜਾਵੇ।

ਮੇਰਾ ਦਿਲ ਦੇ ਸਦਾਵਾਂ ਥੱਕਿਆ ਹਰ ਆਪਣੇ ਪਰਾਏ ਨੂੰ,
ਆਖ਼ਰ ਕੋਈ ਤਾਂ ਆ ਕੇ, ਮੇਰਾ ਗ਼ਮਖ਼ਾਰ ਬਣ ਜਾਵੇ।

'ਨੀਰ' ਮੌਕੇ 'ਤੇ ਜੋ ਫੜਿਆ ਉਹ ਲੱਗਦਾ ਚੋਰ ਹੈ ਤੈਨੂੰ,
ਜੋ ਸਾਵ੍ਹੇਂ ਦੇ ਰਿਹਾ ਧੋਖਾ, ਉਹ ਇਜ਼ਤਦਾਰ ਬਣ ਜਾਵੇ।

ਐਸੀ ਰੀਤ

ਕਿਉਂ ਰੀਤ ਤੂੰ ਜਗ 'ਤੇ ਐਸੀ ਚਲਾਈ ਰੱਬਾ,
ਮੂਰਖ ਨੂੰ ਦੇਵੇ ਕਿਉਂ ਸੁਗੜ ਕਰਕੇ ਕਮਾਈ ਰੱਬਾ।
ਉਹ ਐਸ਼ ਅਰਾਮ ਵਿਚ ਨਿੱਤ ਰਹਿੰਦੇ ਨੇ,
ਜਾਂਦਾ ਗ਼ਰੀਬਾਂ ਨੂੰ ਕਿਉਂ ਤਰਸਾਈ ਰੱਬਾ।
ਜੋ ਪਲ-ਪਲ ਕਰਦੇ ਧੱਕੇਸ਼ਾਹੀਆਂ ਨੇ,
ਕਿਉਂ ਜਾਂਦਾ ਉਨ੍ਹਾਂ ਦਾ ਸਾਥ ਨਿਭਾਈ ਰੱਬਾ।
ਉਨ੍ਹਾਂ ਹੈਵਾਨਿਅਤ ਹਰ ਹੱਦ ਕਰ ਲਈ ਪਾਰ,
ਭੁੱਲ ਕੇ ਗਏ ਅੱਜ ਬੰਦੇ ਤੇਰੇ ਖ਼ੁਦਾਈ ਰੱਬਾ।
ਉਹ ਹਰ-ਪਲ ਹੀ ਸੱਚ ਦਾ ਘਾਣ ਕਰਦੇ,
ਜਾਂਦਾ ਕਾਫ਼ਰਾ ਨੂੰ ਰਾਜ 'ਤੇ ਬਠਾਈ ਰੱਬਾ ।
ਉਹ ਲਹੂ ਨਿੱਤ ਉਨ੍ਹਾਂ ਮਜਦੂਰਾਂ ਦਾ ਪੀਂਦੇ ਨੇ,
ਜੋ ਕਰਦੇ ਲਹੂ ਪਸੀਨੇ ਦੀ ਕਮਾਈ ਰੱਬਾ।
ਉਹ ਨਿੱਤ ਨਵੇਂ ਲਾਰਿਆ ਵਿਚ ਰੱਖਦੇ ਨੇ,
ਮਿੱਠਿਆਂ ਜ਼ਬਾਨਾਂ ਨਾਲ ਜਾਂਦੇ ਭਰਮਾਈ ਰੱਬਾ।
ਜਿਨ੍ਹਾਂ ਉਨ੍ਹਾਂ ਮੋਹਰੇ ਆਣ ਜ਼ਬਾਨ ਖੋਲ੍ਹੀ,
ਜਾਨ ਆਪਣੀ ਹੀ ਖ਼ਤਰੇ ਵਿਚ ਪਾਈ ਰੱਬਾ।
ਹਰ ਇੱਛਾ ਉਨ੍ਹਾਂ ਦੀ ਤੂੰ ਕਰ ਪੂਰੀ,
ਜਾਂਦਾ ਨਿਮਾਣਿਆ ਨੂੰ ਕਿਉਂ ਤਰਸਾਈ ਰੱਬਾ।
ਖ਼ੁਦ ਬਣ ਕੇ ਨਵਾਬ ਉਹ ਬਹਿ ਗਏ ਨੇ,
ਲਹੂ ਪੀਂਦੇ ਨਿੱਤ ਬਣ ਉਹ ਕਸਾਈ ਰੱਬਾ।
ਝੋਲੀ ਅੱਡ ਕੇ ਤੇਰੇ ਦਰਬਾਰ ਅੱਗੇ,
ਭਰਾਂ ਲੋੜਵੰਦਾਂ ਦੀ ਮੈਂ ਗਵਾਈ ਰੱਬਾ।
ਦੱਸ ਬੇਕਦਰਾ ਨੂੰ ਹਰ ਖ਼ੁਸ਼ੀ ਦੇ ਕੇ,
ਜਾਂਦਾ ਜਗ ਨੂੰ ਕਿਝ ਚਲਾਈ ਰੱਬਾ।
ਹੱਥ ਜੋੜ ਕੇ ਤੇਰੇ ਅੱਗੇ ਸੁੱਖ ਆਖੇ,
ਹੋਰ ਨਾ ਉਨ੍ਹਾਂ ਹੱਥੋਂ ਹਲਾਲ ਕਰਾਈ ਰੱਬਾ।

• **ਸੁਖਵੰਤ ਕੌਰ**, 87278-46145



ਗ਼ਜ਼ਲ

ਦਿਲ ਦਾ ਦਰਦ ਸੁਣਾਈ ਨਾ।
ਕਿਸੇ ਕੋਲ ਕੁਰਲਾਈ ਨਾ।
ਕੌਣ ਸੁਣਦਾ ਪੀੜ ਪਰਾਈ,
ਫਿਰ ਵੀ ਤੂੰ ਘਬਰਾਈ ਨਾ।
ਅੰਦਰ ਦਾਰੂ ਦਰਦਾਂ ਦੀ ਏ,
ਉਹ ਨੂੰ ਕਦੇ ਗਵਾਈ ਨਾ।
ਲੋਕਾਂ ਦੀਆਂ ਖ਼ੁਸ਼ੀਆਂ ਵੇਖ,
ਕਦੇ ਵੀ ਕੁਮਲਾਈ ਨਾ।
ਦੁੱਖਾਂ ਦੀ ਪੰਡ, ਵੇਖ ਕਿਸੇ ਦੀ,
ਭੁੱਲ ਕੇ ਵੀ ਮੁਸਕਰਾਈ ਨਾ।
ਪਾਕ ਪਵਿੱਤਰ ਰੱਖੀਂ ਨੀਤ,
ਬਦਨੀਤ ਅਖਵਾਈ ਨਾ।
'ਅਟਵਾਲ' ਸੱਚ ਹਮੇਸ਼ਾ ਸੱਚ ਰਹਿਣਾ,
ਝੂਠ ਨੂੰ ਗਲ਼ ਨਾਲ ਲਾਈ ਨਾ।

• **ਕਰਨੈਲ ਅਟਵਾਲ**, 75082-75052

ਸੁਖਵੀਰ ਸਿੰਘ ਕੰਗ

ਪੰਜਾਬੀ ਬੋਲੀ ਵਿਚ ਛੱਲੇ ਦੇ ਦੋ ਰੂਪ ਹਨ। ਪਹਿਲਾ ਹੱਥ ਦੀਆਂ ਉਂਗਲਾਂ ਵਿਚ ਪਹਿਨਿਆ ਜਾਣ ਵਾਲਾ ਬਿਨਾਂ ਨਗ ਤੋਂ ਮੁੰਦਰੀ ਵਰਗਾ ਗਹਿਣਾ ਹੈ ਜੋ ਆਮ ਤੌਰ 'ਤੇ ਚੀਚੀ ਵਿਚ ਪਾਇਆ ਜਾਂਦਾ ਹੈ ਇਹ ਪਿਆਰ ਦੀ ਨਿਸ਼ਾਨੀ ਵਜੋਂ ਵੀ ਜਾਣਿਆ ਜਾਂਦਾ ਹੈ। ਛੱਲੇ ਦਾ ਦੂਸਰਾ ਰੂਪ ਪੰਜਾਬੀ ਗਾਇਕੀ ਦੀ ਇਕ ਸ਼ੈਲੀ ਹੈ ਜਿਸ ਉੱਤੇ ਬਹੁਤ ਸਾਰੇ ਗਾਇਕਾਂ ਨੇ ਗਲ਼ਾ ਅਜਮਾਇਆ। ਕੁਝ ਗਾਇਕ ਛੱਲੇ ਨੂੰ ਗਾ ਕੇ ਅਮਰ ਕਰ ਗਏ ਅਤੇ ਕੁਝ ਇਸ ਨੂੰ ਗਾ ਕੇ ਮਕਬੂਲ ਹੋਏ। ਛੱਲਾ ਅਸਲ ਵਿਚ ਪੁੱਤਰ ਵਿਯੋਗ ਅਤੇ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦਾ ਹੈ। ਛੱਲਾ ਪਿਓ ਨਾਲੋਂ ਜਵਾਨ ਪੁੱਤ ਦੇ ਵਿਛੋੜੇ, ਮਾਂ ਦੀ ਅਣਹੋਂਦ, ਧੀਆਂ ਦੇ ਪਰਾਏ ਹੋਣ, ਮਾਪਿਆਂ ਦੇ ਤੁਰ ਜਾਣ ਅਤੇ ਕਿਤੇ ਮੁਹੱਬਤ ਦੇ ਦੂਰ ਹੋਣ ਦੇ ਦਰਦ ਦੀ ਡੂੰਘੀ ਰਮਜ਼ ਹੈ। ਲੋਕ ਕਥਾ ਅਨੁਸਾਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਗੀਤਾਂ ਦੀ ਇਸ ਗਾਇਨ ਵਿਧਾ ਦਾ ਨਾਇਕ ਛੱਲਾ ਇਕ ਮਲਾਹ ਜਲਾਲਦੀਨ ਉਰਫ਼ ਜੱਲੇ ਦੇ ਘਰ ਪੈਦਾ ਹੋਇਆ ਜਿਸ ਦੀ ਦੋ ਸਾਲਾਂ ਦੀ ਛੋਟੀ ਉਮਰੇ ਹੀ ਮਾਂ ਮਰ ਗਈ ਸੀ। ਜੱਲੇ ਨੇ ਛੱਲੇ ਨੂੰ ਬੜੇ ਲਾਡਾਂ ਨਾਲ ਪਾਲ਼ਿਆ ਅਤੇ ਕਿਸ਼ਤੀ ਠੇਲ੍ਹਣ ਵੇਲੇ ਵੀ ਉਸ ਨੂੰ ਨਾਲ ਹੀ ਲੈ ਜਾਂਦਾ। ਪਿਓ ਦੇ ਪਿਆਰ ਅਤੇ ਚੰਗੀ ਖ਼ੁਰਾਕ ਸਦਕਾ ਛੱਲਾ 12 ਸਾਲ ਦੀ ਉਮਰੇ ਹੀ ਸੋਹਣਾ ਅਤੇ ਭਰ ਜੁਆਨ ਹੋ ਗਿਆ। ਇਕ ਦਿਨ ਕੰਮ 'ਤੇ ਹੀ ਜੱਲੇ ਦੀ ਸਿਹਤ ਖ਼ਰਾਬ ਹੋ ਗਈ ਅਤੇ ਉੱਧਰੋਂ ਸਵਾਰੀਆਂ ਆ ਗਈਆਂ। ਜੱਲੇ ਨੇ ਸਵਾਰੀਆਂ ਨੂੰ ਦਰਿਆ ਪਾਰ ਬੇੜੀ ਲਿਜਾ ਸਕਣ ਤੋਂ ਬੇਬਸੀ ਜ਼ਾਹਰ ਕੀਤੀ ਤਾਂ ਸਵਾਰੀਆਂ ਨੇ ਧੀ ਦੇ ਸ਼ਗਨਾਂ ਦੇ ਕਾਰਜ ਦਾ ਵਾਸਤਾ ਪਾਇਆ ਅਤੇ ਉਸ ਦੇ ਜਵਾਨ ਹੋ ਰਹੇ ਪੁੱਤਰ ਛੱਲੇ ਨੂੰ ਬੇੜੀ ਲੈ ਕੇ ਪਾਰ ਛੱਡ ਆਉਣ ਦੀ ਜਿੱਦ ਕੀਤੀ। ਜੱਲਾ ਮਜਬੂਰੀ ਵੱਸ ਛੱਲੇ ਨੂੰ ਜੋ ਕਿ ਹਾਲੇ ਬੇੜੀ ਦਾ ਮਾਹਰ ਨਹੀਂ ਸੀ, ਬੇੜੀ ਲੈ ਕੇ ਜਾਣ ਦੀ ਇਜਾਜ਼ਤ ਦੇ ਦਿੰਦਾ ਹੈ। ਬੇੜੀ ਲੈ ਕੇ ਗਿਆ ਛੱਲਾ ਵਾਪਸ ਨਾ ਪਰਤਿਆ। ਜੱਲਾ ਦਰਿਆ ਕੰਢੇ ਉਸ ਦੀ ਉਡੀਕ ਕਰਦਾ ਰਿਹਾ, ਦਿਨ ਢਲ ਗਿਆ, ਉਹ ਪਿੰਡ ਵਾਲਿਆਂ ਨੂੰ ਨਾਲ ਲੈ ਕੇ ਵੀ ਭਾਲ ਕਰਦਾ ਰਿਹਾ ਪਰ ਛੱਲਾ ਮੁੜ ਨਾ ਲੱਭਿਆਂ ਤਾਂ ਜੱਲਾ ਪਾਗ਼ਲ ਹੋ ਗਿਆ। ਉਹ ਦਿਨ ਰਾਤ ਦਰਿਆ ਕੰਢੇ ਘੁੰਮਦਾ ਰਹਿੰਦਾ ਅਤੇ ਰੋਂਦਾ ਰਹਿੰਦਾ :

ਛੱਲਾ ਮੁੜਕੇ ਨੀ ਆਇਆ
ਰੋਣਾ ਉਮਰਾਂ ਦਾ ਪਾਇਆ
ਮੱਲਿਆ ਈ ਦੇਸ਼ ਪਰਾਇਆ
ਓ ਗੱਲ ਸੁਣ ਛੱਲਿਆ ਕਾਵਾਂ
ਓ ਮਾਵਾਂ ਠੰਡੀਆਂ ਛਾਵਾਂ...

ਜਿਨ੍ਹਾਂ ਲਫ਼ਜ਼ਾਂ 'ਚ ਪਰੋ ਕੇ ਉਸ ਨੇ ਆਪਣਾ ਦਰਦ ਵਿਅਕਤ ਕੀਤਾ, ਉਹੀ ਅੱਗੇ ਚੱਲ ਕੇ ਪੰਜਾਬੀ ਗੀਤਾਂ ਦੀ ਇਕ ਸ਼ੈਲੀ 'ਛੱਲੇ' ਦੇ ਨਾਂ ਨਾਲ ਪ੍ਰਸਿੱਧ ਹੋਏ :

ਛੱਲਾ ਬੇੜੀ ਪੂਰ ਏ
ਵਤਨ ਮਾਹੀ ਦਾ ਦੂਰ ਏ
ਜਾਣਾ ਪਹਿਲੇ ਪੂਰ ਏ
ਓ ਗੱਲ ਸੁਣ ਛੱਲਿਆ ਕਾਵਾਂ
ਓ ਮਾਵਾਂ ਠੰਡੀਆਂ ਛਾਵਾਂ
ਛੱਲਾ ਨੌਂ ਨੌਂ ਖੇਵੇ
ਪੁੱਤਰ ਮਿਠੜੇ ਮੇਵੇ
ਅੱਲ੍ਹਾ ਸਭ ਨੂੰ ਦੇਵੇ
ਗੱਲ ਸੁਣ ਛੱਲਿਆ...
ਛੱਲਾ ਚੀਚੀ ਪਾਇਆ
ਧੀਆਂ ਧੰਨ ਵੇ ਪਰਾਇਆ
ਮੁੜ ਕੇ ਫੇਰਾ ਨਾ ਪਾਇਆ
ਓ ਗੱਲ ਸੁਣ...
ਛੱਲਾ ਗਲ਼ ਦੇ ਗਹਿਣੇ
ਸਦਾ ਮਾਪੇ ਨੀ ਰਹਿਣੇ
ਦੁੱਖ ਜਿਦੜੀ ਦੇ ਸਹਿਣੇ
ਓ ਗੱਲ ਸੁਣ ਛੱਲਿਆ...

ਛੱਲੇ ਦੀ ਦਾਸਤਾਨ ਦੇ ਵਿਸਥਾਰ ਵਿਚ ਜਾਣ ਤੇ ਪਰਸਪਰ ਦੋ ਕਹਾਣੀਆਂ ਉੱਭਰਦੀਆਂ ਹਨ। ਉਪਰੋਕਤ ਪਹਿਲਾ ਬਿਰਤਾਂਤ ਲੋਕ ਦਾਸਤਾਨ ਗਾਇਕ ਫਜ਼ਲ ਸ਼ਾਹ ਦੇ ਗੋਦ ਲਏ ਪੁੱਤਰ ਆਸ਼ਿਕ ਹੁਸੈਨ ਜੱਟ ਦੁਆਰਾ ਲਿਖਿਆ ਅਤੇ ਗਾਇਆ ਗਿਆ। ਅੱਜ ਇਹ ਉਨ੍ਹਾਂ ਦੀ ਗਾਇਕੀ ਦੇ ਤੀਜੀ ਪੀੜ੍ਹੀ ਦੇ ਵਾਰਿਸ ਫ਼ਜ਼ਲ ਜੱਟ ਦੀ ਜ਼ੁਬਾਨੀ ਸੁਣਿਆ ਜਾ ਸਕਦਾ ਹੈ। ਇਸ ਵਿਚ ਛੋਟੇ ਬੱਚਿਆਂ ਲਈ ਮਾਂ ਦੀ ਛਤਰ-ਛਾਇਆ ਦੀ ਮਹਾਨਤਾ ਦਾ ਵੀ ਜ਼ਿਕਰ ਮਿਲਦਾ ਹੈ। ਜੱਲੇ ਨੇ ਮਨ ਵਿਚ ਇਹ ਦੁੱਖ ਹੈ ਕਿ ਜੇ ਛੱਲੇ ਦੀ ਮਾਂ ਜਿਉਂਦੀ ਹੁੰਦੀ ਤਾਂ ਉਹ ਉਸ ਨੂੰ ਕੰਮ ਤੇ ਨਾਲ ਨਾ ਲਿਆਉਂਦਾ ਅਤੇ ਉਹ ਛੱਲੇ ਨੂੰ ਨਾ ਗੁਆਉਂਦਾ :

ਮਾਂ ਦੀ ਸ਼ਾਨ ਸੁਣਾਵਾਂ
ਚੰਨ ਨੂੰ ਚਿਰਾਗ ਵਿਖਾਵਾਂ
ਹਰ ਵੇਲੇ ਏਹੋ ਗਾਵਾਂ
ਕਿ ਮਾਵਾਂ ਠੰਡੀਆਂ ਛਾਵਾਂ...

ਪਹਿਲਾ ਬਿਰਤਾਂਤ ਇਸ ਘਟਨਾ ਨੂੰ ਸਤਲੁਜ ਦੇ ਹਰੀਕੇ ਪੱਤਣ ਦੀ ਦੱਸਦਾ ਹੈ। ਚੜ੍ਹਦੇ ਪੰਜਾਬ ਦੇ ਨਾਮਵਰ ਗਾਇਕ ਸੁਰਿੰਦਰ ਛਿੰਦੇ ਨੇ ਵੀ ਕਹਾਣੀ ਰੂਪ ਵਿਚ ਇੰਝ ਹੀ ਗਾਇਆ ਹੈ। ਜਦ ਕਿ ਦੂਸਰੇ ਬਿਰਤਾਂਤ ਅਨੁਸਾਰ ਇਹ ਘਟਨਾ ਪਾਕਿਸਤਾਨ ਦੇ ਗੁਜਰਾਤ ਵਿਚ ਵਗਦੇ ਝਨਾਂ ਦਰਿਆ ਕੰਢੇ ਵਾਪਰੀ ਦੱਸੀ ਗਈ ਹੈ ਅਤੇ ਜੱਲੇ ਦਾ ਪਿੰਡ ਮਲਕਵਾਲ ਦੱਸਿਆ ਹੈ ਜੋ ਕਿ ਪੰਜਾਬੀ ਦੇ ਨਾਮਵਰ ਗਾਇਕ ਭਰਾਵਾਂ ਸ਼ੌਕਤ ਅਲੀ ਅਤੇ ਇਨਾਇਤ ਅਲੀ ਦਾ ਵੀ ਪਿੰਡ ਹੈ। ਦੱਸਣਯੋਗ ਹੈ ਕਿ 'ਛੱਲੇ' ਦੀ ਸਭ ਤੋਂ ਪਹਿਲੀ ਰਿਕਾਰਡਿੰਗ ਵੀ ਇਨਾਇਤ ਅਲੀ ਦੀ ਹੀ ਹੈ। ਜੋ 1977 ਵਿਚ ਹੋਈ ਅਤੇ ਅੱਜ ਵੀ ਉਪਲੱਬਧ ਹੈ। ਫਿਰ ਸ਼ੌਕਤ ਅਲੀ ਨੇ ਵੀ ਛੱਲਾ ਗਾਇਆ। ਦੋਵਾਂ ਭਰਾਵਾਂ ਦਾ ਬਹੁਤ ਮਕਬੂਲ ਹੋਇਆ ਛੱਲਾ ਆਪਸ ਵਿਚ ਕਾਫ਼ੀ ਮੇਲ ਖਾਂਦਾ ਹੈ। ਜੋ ਦੂਸਰੇ ਬਿਰਤਾਂਤ ਦੇ ਕਾਫ਼ੀ ਨੇੜੇ ਹੈ। ਇਸ ਦੀ ਬਾਕੀ ਕਹਾਣੀ ਓਹੀ ਹੈ ਪਰ ਇਸ ਅਨੁਸਾਰ ਛੱਲੇ ਦੇ ਇਕੱਲੇ ਬੇੜੀ ਲਿਜਾਣ ਦਾ ਸਬੱਬ ਪਿਓ-ਪੁੱਤਰ ਵਿਚ ਹੋਏ ਝਗੜੇ ਦੀ ਨਰਾਜ਼ਗੀ ਸੀ। ਇਸੇ ਕਰਕੇ ਅਲੀ ਭਰਾਵਾਂ ਦੇ ਛੱਲੇ ਅਰੰਭ ਇੰਝ ਹੁੰਦਾ ਹੈ :

ਜਾਵੋ ਨੀ ਕੋਈ ਮੋੜ ਲਿਆਵੋ
ਮੇਰੇ ਨਾਲ ਗਿਆ ਅੱਜ ਲੜ ਕੇ।
ਅੱਲ੍ਹਾ ਕਰੇ ਆ ਜਾਵੇ ਸੋਹਣਾ
ਦੇਵਾਂ ਜਾਨ ਕਦਮਾਂ ਵਿਚ ਧਰ ਕੇ...
ਇਨਾਇਤ ਅਲੀ ਕਹਿੰਦਾ ਹੈ :
ਅੱਖੀਂ ਵੇਂਹਦਿਆਂ ਕੰਡ ਕਰ ਤੁਰਿਆ
ਹੁਣ ਰੋ-ਰੋ ਦੇਵਾਂ ਦੁਹਾਈ
ਲੋਕਾਂ ਦੀਆਂ ਝੋਕਾਂ ਵਸਦੀਆਂ ਪਈਆਂ
ਕਦੀ ਸਾਡੀ ਵੀ ਵਸਦੀ ਆਹੀ...

ਦੂਸਰੇ ਬਿਰਤਾਂਤ ਅਨੁਸਾਰ ਸਵਾਰੀਆਂ ਦੇ ਵਾਸਤੇ ਤੋਂ ਇਲਾਵਾ ਛੱਲੇ ਦਾ ਆਪਣੇ ਸਨੇਹੀ ਨਾਲ ਕੀਤਾ ਵਾਅਦਾ ਵੀ ਸੀ ਕਿ ਉਹ ਪਿਓ ਦੀ ਗ਼ੈਰ ਮੌਜੂਦਗੀ ਵਿਚ ਬੇੜੀ ਦਰਿਆ ਵਿਚ ਲੈ ਕੇ ਗਿਆ। ਉਸ ਦਾ ਸਨੇਹੀ ਦਰਿਆ ਪਾਰ ਉਸ ਦੀ ਮੁਹੱਬਤ ਨੂੰ ਨਾ ਮਿਲਾਉਣ ਤੇ ਉਸ ਦੇ ਸਿਰ ਚੜ੍ਹ ਮਰਨ ਦੀ ਧਮਕੀ ਦਿੰਦਾ ਹੈ :

ਛੱਲਾ ਕਾਲੀਆਂ ਮਰਚਾਂ
ਮਹੁਰਾ ਪੀ ਕੇ ਮਰਸਾਂ
ਸਿਰੇ ਤੇਰੇ ਚੜ੍ਹ ਸਾਂ
ਗੱਲ ਸੁਣ ਛੱਲਿਆ ਢੋਲਾ
ਸਾੜ ਕੇ ਕੀਤਾ ਈ ਕੋਲਾ...

ਫ਼ਜ਼ਲ ਜੱਟ ਅਤੇ ਅਲੀ ਭਰਾਵਾਂ ਦੇ ਗਾਏ ਕੁਝ ਬੰਦਾਂ ਦੀ ਸ਼ਬਦਾਵਲੀ ਦਾ ਵੀ ਫ਼ਰਕ ਹੈ। ਫਜ਼ਲ ਜੱਟ 'ਛੱਲਾ ਬੇੜੀ ਪੂਰ ਏ' ਕਹਿੰਦਾ ਹੈ ਭਾਵ ਦੁਨਿਆਵੀ ਮੇਲ ਬੇੜੀ ਦੇ ਪੂਰ ਅਤੇ ਤਿੰਝਣ ਦੀਆਂ ਕੁੜੀਆਂ ਵਰਗਾ ਮੇਲ ਹੈ ਅਤੇ ਦੁਬਾਰਾ ਇਕੱਠੇ ਹੋਣ ਦਾ ਸਬੱਬ ਕਦੇ ਨਹੀਂ ਬਣਦਾ। ਇੱਥੇ ਅਲੀ ਭਰਾ 'ਛੱਲਾ ਬੇਰੀਂ ਬੂਰ ਏ' ਗਾਉਂਦੇ ਹਨ ਭਾਵ ਛੱਲੇ ਦੀ ਉਮਰ ਕੱਚੀ ਸੀ ਉਸ ਨੇ ਹਾਲੇ ਫੁੱਲ ਤੋਂ ਫਲ਼ ਬਣਨਾ ਸੀ। ਇਸੇ ਤਰ੍ਹਾਂ ਫ਼ੈਜ਼ਲ ਜੱਟ 'ਛੱਲਾ ਨੌਂ ਨੌਂ ਖੇਵੇ' ਕਹਿੰਦਾ ਹੈ ਜਿਸ ਦਾ ਭਾਵ ਕੀਮਤੀ ਮੇਵਿਆਂ ਦੀ ਲੱਪ ਤੋਂ ਹੈ ਅਤੇ ਅਲੀ ਭਰਾ ਇੱਥੇ 'ਛੱਲਾ ਨੌਂ ਨੌਂ ਥੇਵੇ' ਗਾਉਂਦੇ ਹਨ। ਥੇਵਾ ਮੁੰਦਰੀ ਦਾ ਨਗ ਹੁੰਦਾ ਹੈ ਭਾਵ ਪੁੱਤਰ ਕੀਮਤੀ ਨਗੀਨੇ ਹੁੰਦੇ ਹਨ। ਆਪਸ ਵਿਚ ਕੁਝ ਫ਼ਰਕ ਹੋਣ ਦੇ ਬਾਵਜੂਦ ਆਸ਼ਿਕ ਜੱਟ ਅਤੇ ਅਲੀ ਭਰਾਵਾਂ ਦੇ ਛੱਲੇ ਦੇ ਬਿਰਤਾਂਤ ਘੋਖਣ ਤੋਂ ਬਾਅਦ ਮੰਨਿਆ ਜਾ ਸਕਦਾ ਹੈ ਕਿ ਆਸ਼ਿਕ ਜੱਟ ਨੇ ਇਸ ਦਾਸਤਾਨ ਨੂੰ ਸ਼ਾਬਦਿਕ ਰੂਪ ਦੇ ਕੇ ਅਤੇ ਫਿਰ ਗਾ ਕੇ ਛੱਲੇ ਦਾ ਮੁੱਢ ਬੰਨ੍ਹਿਆ। ਫਿਰ ਇਨਾਇਤ ਅਲੀ ਅਤੇ ਸ਼ੌਕਤ ਅਲੀ ਨੇ ਇਸ ਨੂੰ ਅੱਗੇ ਵਧਾਇਆ। ਹੋ ਸਕਦਾ ਹੈ ਕਿ ਛੱਲੇ ਦੇ ਡੁੱਬ ਜਾਣ ਦੀ ਘਟਨਾ ਸਤਲੁਜ ਦੇ ਹਰੀਕੇ ਪੱਤਣ ਦੀ ਹੋਵੇ ਅਤੇ ਫਿਰ ਝੱਲਾ ਹੋਇਆ ਜੱਲਾ ਦਰਿਆਵਾਂ ਕੰਢੇ ਘੁੰਮਦਾ-ਘੁੰਮਦਾ ਪਾਕਿਸਤਾਨ ਦੇ ਗੁਜਰਾਤ ਵਿਚ ਜਾ ਵੱਸਿਆ ਹੋਵੇ। ਪਰਦੇਸੀ ਸੱਜਣ ਦੀ ਨਿਸ਼ਾਨੀ ਵਜੋਂ 'ਛੱਲਾ ਮੇਰਾ ਜੀ ਢੋਲਾ' ਕਰ ਕੇ ਟੱਪਿਆਂ ਤੇ ਦੋਹਿਆਂ ਵਿਚ ਵੀ ਸੁਣਨ ਨੂੰ ਮਿਲਦਾ ਹੈ ਪ੍ਰੰਤੂ ਅਸਲ ਛੱਲਾ ਪਰਿਵਾਰਕ ਰਿਸ਼ਤਿਆਂ, ਵਿਛੋੜਿਆਂ ਅਤੇ ਦੁਖਾਂਤ ਦੀ ਦਰਦ ਭਰੀ ਕਹਾਣੀ ਹੈ, ਜੋ ਸਾਨੂੰ ਦੁਆਵਾਂ ਮੰਗਣ ਲਈ ਪ੍ਰੇਰਦੀ ਹੈ ਕਿ ਕਦੇ ਕਿਸੇ ਪਿਓ ਤੋਂ ਉਸ ਦਾ ਪੁੱਤ ਨਾ ਵਿਛੜੇ, ਕਦੇ ਬਚਪਨ ਮਾਂ ਤੋਂ ਵਾਂਝਾ ਨਾ ਹੋਵੇ, ਕਦੇ ਕੋਈ ਯਤੀਮ ਨਾ ਹੋਵੇ, ਕਦੇ ਕਿਸੇ ਤੇ ਮਾੜਾ ਵਕਤ ਨਾ ਆਵੇ, ਕਦੇ ਕਿਸੇ ਨੂੰ ਆਪਣੀ ਮੁਹੱਬਤ ਤੋਂ ਦੂਰ ਨਾ ਰਹਿਣਾ ਪਵੇ ਅਤੇ ਰੱਬ ਸਭ ਨੂੰ ਔਲਾਦ ਬਖ਼ਸ਼ੇ। •

85678-72291

ਛੱਲਾ ਪਰਿਵਾਰਕ ਰਿਸ਼ਤਿਆਂ, ਵਿਛੋੜਿਆਂ ਅਤੇ ਦੁਖਾਂਤ ਦੀ ਦਰਦ ਭਰੀ ਕਹਾਣੀ ਹੈ ਜੋ ਸਾਨੂੰ ਦੁਆਵਾਂ ਮੰਗਣ ਲਈ ਪ੍ਰੇਰਦੀ ਹੈ ਕਿ ਕਦੇ ਕਿਸੇ ਪਿਓ ਤੋਂ ਉਸ ਦਾ ਪੁੱਤ ਨਾ ਵਿਛੜੇ, ਕਦੇ ਬਚਪਨ ਮਾਂ ਤੋਂ ਵਾਂਝਾ ਨਾ ਹੋਵੇ ਤੇ ਕਦੇ ਕੋਈ ਯਤੀਮ ਨਾ ਹੋਵੇ...

ਛੱਲਾ ਮੰਗੇ ਦੁਆਵਾਂ...

ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਮੂਹ ਇਸਤਰੀ ਸਤਿਸੰਗ ਸਭਾਵਾਂ ਦਾ ਵਿਸ਼ੇਸ਼ ਗੁਰਮਤਿ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੀ ਸੰਪੂਰਨਤਾ ਨੂੰ ਮੁੱਖ ਰੱਖਦਿਆਂ ਕਰਵਾਇਆ ਗਿਆ ਸਮਾਗਮ

ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਗੁਰਸਿੱਖੀ ਜੀਵਨ ਜਾਚ ਨਾਲ ਨਵੀਂ ਪੀੜ੍ਹੀ ਨੂੰ ਜੋੜਨਾ ਸਾਡਾ ਮੁੱਖ ਉਦੇਸ਼: ਕਾਲਕਾ, ਕਾਹਲੋਂ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 31 ਅਕਤੂਬਰ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੀ ਸੰਪੂਰਨਤਾ ਨੂੰ ਮੁੱਖ ਰੱਖਦਿਆਂ ਦਿੱਲੀ ਦੀਆਂ ਸਮੂਹ ਸਿੰਘ ਸਭਾਵਾਂ ਦੇ ਇਸਤਰੀ ਸਤਿਸੰਗ ਜਥਿਆਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਗੁਰਮਤਿ ਸਮਾਗਮ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸਥਿਤ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਸੰਗਤ ਨੂੰ ਸੰਬੋਧਨ ਕੀਤਾ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਇਤਿਹਾਸ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਧਾਰਮਿਕ ਸਮਾਗਮ ਵਿੱਚ ਦਿੱਲੀ ਦੀਆਂ ਵੱਖ-ਵੱਖ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਇੱਕੋ ਰੰਗ ਦੇ ਸੂਟ ਪਹਿਨ ਕੇ ਸ਼ਮੂਲੀਅਤ ਕੀਤੀ।

ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ

ਨੇ ਕਿਹਾ ਕਿ ਦਿੱਲੀ ਦੀ ਸੰਗਤ ਸੁਭਾਗਸ਼ਾਲੀ ਹੈ ਕਿ ਉਸ ਨੂੰ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਆਸ ਪ੍ਰਗਟਾਈ ਕਿ ਸੰਗਤ ਅੱਗੇ ਵੀ ਸ਼ਹੀਦੀ ਸ਼ਤਾਬਦੀ ਨਾਲ ਜੁੜੇ ਸਮਾਗਮਾਂ ਨੂੰ ਉਸੇ ਸ਼ਰਧਾ ਅਤੇ ਭਾਵਨਾ ਨਾਲ ਮਨਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਪੂਰੇ ਸਾਲ ਦੌਰਾਨ ਦਿੱਲੀ ਦੀ ਸੰਗਤ ਵੱਲੋਂ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਗਏ ਅਤੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ। ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੇਵਲ ਇੱਕ ਧਰਮ ਦੀ ਰੱਖਿਆ ਲਈ ਆਪਣਾ ਸੀਸ ਨਹੀਂ ਦਿੱਤਾ, ਸਗੋਂ ਦੇਸ਼ ਦੀ ਧਾਰਮਿਕ ਆਜ਼ਾਦੀ, ਸੱਭਿਆਚਾਰ, ਵਿਰਾਸਤ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਰੱਖਿਆ ਲਈ ਸਰਬਉੱਚ ਬਲਿਦਾਨ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੇ ਪੂਰੀ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਕਿ ਹਰੇਕ ਵਿਅਕਤੀ ਨੂੰ ਆਪਣੀ ਆਸਥਾ ਅਤੇ ਵਿਸ਼ਵਾਸ ਅਨੁਸਾਰ ਜੀਵਨ ਜਿਊਣ ਦਾ ਅਧਿਕਾਰ ਹੈ। ਭਾਰਤ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਦਾ ਇਤਿਹਾਸਕ ਯੋਗਦਾਨ ਹੈ। ਗੁਰੂ ਸਾਹਿਬ ਨੇ ਅਨਿਆਂ ਅਤੇ ਜ਼ੁਲਮ ਅੱਗੇ ਝੁਕਣ ਦੀ ਬਜਾਏ ਆਪਣੀ ਸ਼ਹਾਦਤ ਦੇ ਕੇ ਮਨੁੱਖਤਾ ਦੇ ਇਤਿਹਾਸ ਵਿੱਚ ਅਜਿਹੀ ਮਿਸਾਲ ਕਾਇਮ ਕੀਤੀ, ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਸਦਾ ਯਾਦ ਰੱਖਣਗੀਆਂ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸਿਰਫ਼ ਧਾਰਮਿਕ ਸਮਾਗਮਾਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਮਹਾਨ ਸ਼ਹਾਦਤ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਸਮੂਹ ਇਸਤਰੀ ਸਤਿਸੰਗ ਸਭਾਵਾਂ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਅਤੇ ਨਵੀਂ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਗੁਰਸਿੱਖੀ ਜੀਵਨ ਜਾਚ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਇਸ ਧਾਰਮਿਕ ਸਮਾਗਮ ਦੇ ਆਯੋਜਨ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਇਸਤਰੀ ਸਤਿਸੰਗ ਸਭਾਵਾਂ ਅਤੇ ਸੇਵਾਦਾਰਾਂ ਦੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਗਿਆ। ਸੰਗਤਾਂ ਨੇ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ, ਗੁਰਬਾਣੀ ਨਾਲ ਜੁੜੇ ਰਹਿਣ ਅਤੇ ਗੁਰਸਿੱਖੀ ਜੀਵਨ ਜਾਚ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੰਕਲਪ ਲਿਆ।

ਨਸ਼ਾ ਵਿਰੋਧੀ ਕਾਰਕੁੰਨਾਂ ਦੀਆਂ ਮੌਤਾਂ ਦੇ ਮਾਮਲੇ 'ਚ ਸਰਕਾਰ ਕਿਸ ਨੂੰ ਬਚਾਉਣਾ ਚਾਹੁੰਦੀ ਹੈ? : ਅਸ਼ਵਨੀ ਸ਼ਰਮਾ

ਚੰਡੀਗੜ੍ਹ 31 ਅਕਤੂਬਰ। ਪੰਜਾਬ ਸਰਕਾਰ ਨਸ਼ਾ ਵਿਰੋਧੀ ਕਾਰਕੁਨਾਂ ਦੀਆਂ ਮੌਤਾਂ ਦੇ ਮਾਮਲਿਆਂ 'ਚ ਕੀ ਛੁਪਾਉਣਾ ਤੇ ਕਿਸ ਨੂੰ ਬਚਾਉਣਾ ਚਾਹੁੰਦੀ ਹੈ? ਇਹ ਸਵਾਲ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਤੇ ਪਠਾਨਕੋਟ ਤੋਂ ਵਿਧਾਇਕ ਅਸ਼ਵਨੀ ਸ਼ਰਮਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪਰਵਿੰਦਰ ਸਿੰਘ ਝੋਟਾ ਮਾਮਲੇ ਦੇ ਨਾਲ-ਨਾਲ ਗੁਲਜ਼ਾਰ ਸਿੰਘ ਤੇ ਬਿਕਰਮਜੀਤ ਸਿੰਘ ਕੇਸ ਨੂੰ ਸੀਬੀਆਈ ਹਵਾਲੇ ਕਰਨ 'ਚ ਪੰਜਾਬ ਮਾਨ ਸਰਕਾਰ ਡਰ ਕਿਉਂ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਪਹਿਲੇ ਦਿਨ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕੀਤੇ ਜਾਣ 'ਤੇ ਤਿੱਖਾ ਇਤਰਾਜ਼ ਪ੍ਰਗਟਾਉਂਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਵੈਸੇ ਤਾਂ ਚਾਰ ਸਾਲ ਤੋਂ ਇਸ ਸਰਕਾਰ ਨੇ ਪੰਜਾਬ ਦਾ ਬੇੜਾਗਰਕ ਕੀਤਾ ਹੋਇਆ ਹੈ। ਪਰ ਪਿਛਲੇ ਇੱਕ ਮਹੀਨੇ ਦੌਰਾਨ ਪਰਵਿੰਦਰ ਸਿੰਘ ਝੋਟਾ (ਮਾਨਸਾ), ਗੁਲਜ਼ਾਰ ਸਿੰਘ (ਸੰਗਰੂਰ) ਅਤੇ ਬਿਕਰਮਜੀਤ ਸਿੰਘ (ਬਟਾਲਾ) ਦੀਆਂ ਮੌਤਾਂ ਦੀਆਂ ਘਟਨਾਵਾਂ ਨੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਰਕਾਰ ਜ਼ਮੀਨ ਉੱਤੇ ਆਮ ਲੋਕਾਂ ਦਾ ਸਾਹਮਣਾ ਕਰਨ ਤੋਂ ਡਰ ਰਹੀ ਹੈ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਸਵਾਲਾਂ ਤੋਂ ਭੱਜ ਗਈ ਹੈ। ਵਿਸ਼ੇਸ਼

ਸੈਸ਼ਨ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰਨਾ ਇਸੇ ਜਵਾਬਦੇਹੀ ਤੋਂ ਭੱਜਣ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਪੂਰਾ ਏਜੰਡਾ ਪਹਿਲਾਂ ਹੀ ਤੈਅ ਸੀ, ਇਸ ਦੇ ਬਾਵਜੂਦ ਸਪੀਕਰ ਦੇ ਸਦਨ ਵਿੱਚ ਆਉਂਦੇ ਹੀ ਸਿਰਫ਼ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਸਦਨ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅੱਜ ਸੂਬੇ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਹੈ ਅਤੇ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਪੁਲਿਸ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਬਜਾਏ ਆਪਣੇ ਥਾਣਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਲੱਗੀ ਹੋਈ ਹੈ। ਅਸ਼ਵਨੀ ਸ਼ਰਮਾ ਨੇ ਮੁਲਾਜ਼ਮਾਂ ਦੇ ਮਸਲਿਆਂ 'ਤੇ ਵੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਵਾਰ-ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਸਰਕਾਰੀ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ (ਡੀਏ) ਦੀ ਪੂਰੀ ਅਦਾਇਗੀ ਨਹੀਂ ਕੀਤੀ ਗਈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਸਮੇਤ ਹੋਰ ਮੰਗਾਂ ਮੰਨੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੁਲਾਜ਼ਮਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਾਰਤੀ ਜਨਤਾ ਪਾਰਟੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਪੂਰਾ ਸਮਰਥਨ ਕਰਦੀ ਹੈ ਅਤੇ ਉਨ੍ਹਾਂ ਦੇ ਸੰਘਰਸ਼ ਵਿੱਚ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਜਨਤਕ ਮੁੱਦਿਆਂ 'ਤੇ ਚਰਚਾ ਤੋਂ ਭੱਜਣ ਦੀ ਬਜਾਏ ਸੱਚਾਈ ਸਾਹਮਣੇ ਲਿਆਵੇ ਅਤੇ ਪੰਜਾਬ ਦੇ ਲੋਕਾਂ ਤੇ ਮੁਲਾਜ਼ਮਾਂ ਪ੍ਰਤੀ ਆਪਣੀ ਜਵਾਬਦੇਹੀ ਨਿਭਾਏ।

ਪੰਜਾਬ 'ਚ ਮਾਰੂ ਹਥਿਆਰਾਂ ਸਮੇਤ ਫੜੇ ਗਏ 3 ਮੁਲਜ਼ਮ!

ਮੋਹਾਲੀ 31 ਅਕਤੂਬਰ। ਮੋਹਾਲੀ ਪੁਲਸ ਵੱਲੋਂ ਇਕ ਵੱਡੀ ਸਫ਼ਲਤਾ ਹਾਸਲ ਕਰਦੇ ਇਕ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਦੌਰਾਨ ਇਕ ਹਰਿਆਣਾ ਆਧਾਰਿਤ ਹਥਿਆਰ ਸਪਲਾਇਰ ਸਮੇਤ ਤਿੰਨ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਅਤੇ ਉਨ੍ਹਾਂ ਕੋਲੋਂ ਇਕ ਗਲੌਕ ਸਮੇਤ 10 ਆਧੁਨਿਕ ਪਿਸਤੌਲ ਅਤੇ ਕਾਰਤੂਸ ਬਰਾਮਦ ਕੀਤੇ ਗਏ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਥਿਤ ਤੌਰ 'ਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚੋਂ ਦੇਸੀ ਹਥਿਆਰਾਂ ਦੀ ਤਸਕਰੀ ਕਰਕੇ ਮੋਟਾ ਮੁਨਾਫ਼ਾ ਕਮਾਉਣ ਲਈ ਕਾਲਜ ਜਾਣ ਵਾਲੇ ਨੌਜਵਾਨਾਂ ਨੂੰ ਵੇਚਦੇ ਸਨ। ਮੁਲਜ਼ਮਾਂ ਖ਼?ਲਾਫ਼ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ। ਇਸ ਸਬੰਧੀ ਐੱਫ਼. ਆਈ. ਆਰ. ਦਰਜ ਕਰ ਲਈ ਗਈ ਹੈ ਅਤੇ ਇਸ ਗ਼ੈਰ-ਕਾਨੂੰਨੀ ਹਥਿਆਰ ਸਪਲਾਈ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਇਸ 'ਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

30 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਪਟਵਾਰੀ ਦਾ ਪ੍ਰਾਈਵੇਟ ਸਹਾਇਕ ਰੰਗੇ ਹੱਥੀਂ ਕਾਬੂ

ਬਠਿੰਡਾ 31 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਹਲਕਾ ਚਾਉਕੇ ਤਹਿਸੀਲ ਮੌੜ ਜ਼ਿਲ੍ਹਾ ਬਠਿੰਡਾ ਦੇ ਪਟਵਾਰੀ ਮਨਿੰਦਰ ਸਿੰਘ ਦੇ ਪ੍ਰਾਈਵੇਟ ਸਹਾਇਕ ਪ੍ਰਿਤਪਾਲ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਠੀਕਰੀਵਾਲਾ ਜ਼ਿਲ੍ਹਾ ਬਰਨਾਲਾ ਦੇ ਇਕ ਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਸ਼ਿਕਾਇਤਕਰਤਾ ਨੇ ਆਪਣੇ ਭਰਾ ਅਤੇ ਭੈਣ ਨਾਲ ਮਿਲ ਕੇ ਸਾਲ 2002 'ਚ ਪਿੰਡ ਚਾਉਕੇ 'ਚ ਜ਼ਮੀਨ ਖਰੀਦੀ ਸੀ। ਹਾਲ ਹੀ 'ਚ, ਸ਼ਿਕਾਇਤਕਰਤਾ ਨੇ ਪਾਇਆ ਕਿ ਮਾਲ ਰਿਕਾਰਡ 'ਚ ਹਾਲੇ ਵੀ ਉਨ੍ਹਾਂ ਦੇ ਨਾਵਾਂ ਦੀ ਬਜਾਏ ਪਿਛਲੇ ਵੇਚਣ ਵਾਲੇ ਦਾ ਨਾਂ ਦਰਜ ਹੈ। ਇਸ ਤਰੁਟੀ ਨੂੰ ਦਰੁਸਤ ਕਰਵਾਉਣ ਲਈ ਸ਼ਿਕਾਇਤਕਰਤਾ ਨੇ ਸਬੰਧਤ

ਪਟਵਾਰੀ, ਮਨਿੰਦਰ ਸਿੰਘ, ਮਾਲ ਹਲਕਾ, ਚਾਉਕੇ ਨਾਲ ਸੰਪਰਕ ਕੀਤਾ। ਉਨ੍ਹਾਂ ਦੱਸਿਆ ਕਿ ਪਟਵਾਰੀ ਨੇ ਉਸਨੂੰ ਆਪਣੇ ਪ੍ਰਾਈਵੇਟ ਸਹਾਇਕ, ਪ੍ਰਿਤਪਾਲ ਸਿੰਘ ਨਾਲ ਰਾਬਤਾ ਕਰਨ ਲਈ ਕਿਹਾ। ਬਾਅਦ 'ਚ ਪ੍ਰਿਤਪਾਲ ਨੇ ਰਿਕਾਰਡ 'ਚ ਉਕਤ ਸੋਧ ਕਰਨ ਲਈ 150000 ਰਿਸ਼ਵਤ ਦੀ ਮੰਗ ਕੀਤੀ। ਬੁਲਾਰੇ ਨੇ ਅੱਗੇ ਕਿਹਾ ਕਿ ਜਦੋਂ ਸ਼ਿਕਾਇਤਕਰਤਾ ਪਟਵਾਰੀ ਦਫਤਰ ਦੁਬਾਰਾ ਗਿਆ ਤਾਂ ਮੁਲਜ਼ਮ ਪ੍ਰਿਤਪਾਲ ਸਿੰਘ ਉਸਨੂੰ ਦਫਤਰ ਦੀ ਇਮਾਰਤ ਦੇ ਪਿੱਛੇ ਲੈ ਗਿਆ ਅਤੇ ਪਟਵਾਰੀ ਮਨਿੰਦਰ ਸਿੰਘ ਨਾਲ ਉਸ ਦੀ ਫੋਨ 'ਤੇ ਗੱਲ ਕਰਵਾਈ ਗਈ। ਇਸ ਗੱਲਬਾਤ ਦੌਰਾਨ ਪਟਵਾਰੀ 1,40,000 ਰਿਸ਼ਵਤ ਲਈ ਮੰਨ ਗਿਆ ਅਤੇ ਮੁਲਜ਼ਮ ਪ੍ਰਿਤਪਾਲ ਸਿੰਘ ਨੇ ਮੌਕੇ 'ਤੇ ਸ਼ਿਕਾਇਤਕਰਤਾ ਤੋਂ 2000 ਦੀ ਰਿਸ਼ਵਤ ਲੈ ਲਈ ਅਤੇ ਸ਼ਿਕਾਇਤਕਰਤਾ ਨੂੰ ਅਗਲੀ ਕਿਸ਼ਤ 22 ਅਕਤੂਬਰ ਨੂੰ ਦੇਣ ਲਈ ਕਿਹਾ। ਗੈਰ-ਕਾਨੂੰਨੀ ਰਿਸ਼ਵਤ ਦੇਣ ਤੋਂ ਇਨਕਾਰ ਕਰਦਿਆਂ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਨਾਲ ਰਾਬਤਾ ਕੀਤਾ। ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਵਿਜੀਲੈਂਸ ਬਿਊਰੋ ਦੀ ਟੀਮ ਨੇ ਪਟਵਾਰੀ ਦੇ ਪ੍ਰਾਇਵੇਟ ਸਹਾਇਕ ਮੁਲਜ਼ਮ ਪ੍ਰਿਤਪਾਲ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਤੋਂ 30000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ।

ਡੋਡਵਾਂ ਤੋਂ 9 ਬੋਤਲਾਂ ਅਵੈਧ ਸ਼ਰਾਬ ਸਮੇਤ ਔਰਤ ਗ੍ਰਿਫ਼ਤਾਰ

ਗੁਰਦਾਸਪੁਰ 31 ਅਕਤੂਬਰ। ਥਾਣਾ ਬਹਿਰਾਮਪੁਰ ਦੀ ਪੁਲਸ ਵੱਲੋਂ ਮਾੜੇ ਅਨਸਰਾਂ ਅਤੇ ਨਸ਼ਾ ਸਮੱਗਲਰਾਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਇੱਕ ਔਰਤ ਨੂੰ ਅਵੈਧ ਸ਼ਰਾਬ ਸਮੇਤ ਗ੍ਰਿਫ਼ਤਾਰ ਕਰਕੇ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਮਲੇ ਦੀ ਜਾਂਚ ਕਰ ਰਹੇ ਏ.ਐੱਸ.ਆਈ. ਜਗੀਰ ਚੰਦ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਮੇਤ ਪਿੰਡ ਡੋਡਵਾਂ ਵਿਖੇ ਗਸ਼ਤ ''ਤੇ ਮੌਜੂਦ ਸਨ। ਇਸ ਦੌਰਾਨ ਸ਼ਾਮ ਲਗਭਗ 7 ਵਜੇ ਸ਼ੱਕ ਦੇ ਆਧਾਰ ''ਤੇ ਜਦੋਂ ਸਰਸਵਤੀ ਉਰਫ਼ ਵੋਟਾ ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ ਵਿੱਚੋਂ 9 ਬੋਤਲਾਂ ਅਵੈਧ (ਨਾਜਾਇਜ਼) ਸ਼ਰਾਬ ਬਰਾਮਦ ਹੋਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਔਰਤ ਵਿਰੁੱਧ ਥਾਣਾ ਬਹਿਰਾਮਪੁਰ ਵਿਖੇ ਆਬਕਾਰੀ ਐਕਟ ਦੀ ਧਾਰਾ 61-1-14 ਤਹਿਤ ਮੁਕੱਦਮਾ ਨੰਬਰ 158 ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਪੰਜਾਬ ਡੀ. ਜੀ. ਪੀ. ਸਖ਼ਤ! ਰਾਜਸਥਾਨ, ਹਿਮਾਚਲ ਸਣੇ ਵੱਖ-ਵੱਖ ਡੀ. ਜੀ. ਪੀ. ਸਾਹਮਣੇ ਚੁੱਕਿਆ ਫਾਰਮਾ ਡਰੱਗਜ਼ ਦਾ ਮਾਮਲਾ

ਕੌਮੀ ਪਤ੍ਰਿਕਾ

ਜਲੰਧਰ 31 ਅਕਤੂਬਰ। ਪੰਜਾਬ ਪੁਲਸ ਨੇ ਫਾਰਮਾ ਡਰੱਗਜ਼ ਦਾ ਮਾਮਲਾ ਹੁਣ ਰਾਜਸਥਾਨ, ਹਿਮਾਚਲ ਪ੍ਰਦੇਸ਼, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਡੀ. ਜੀ. ਪੀਜ਼. ਸਾਹਮਣੇ ਉਠਾਇਆ ਹੈ ਕਿਉਂਕਿ ਇਸ ਸਮੇਂ ਬਾਹਰੀ ਸੂਬਿਆਂ ਤੋਂ ਹੀ ਪੰਜਾਬ 'ਚ ਫਾਰਮਾ ਡਰੱਗਜ਼ ਤੇਜ਼ੀ ਨਾਲ ਪਹੁੰਚ ਰਹੇ ਹਨ, ਜਿਨ੍ਹਾਂ ਦਾ ਸੇਵਨ ਲੋਕਾਂ ਵੱਲੋਂ ਕੀਤਾ ਜਾ ਰਿਹਾ ਹੈ। ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਜਿਨ੍ਹਾਂ ਸੂਬਿਆਂ 'ਚ ਨਸ਼ੀਲੀਆਂ ਦਵਾਈਆਂ ਬਣਦੀਆਂ ਹਨ, ਉਨ੍ਹਾਂ ਕੰਪਨੀਆਂ 'ਤੇ ਸਬੰਧਤ ਸੂਬਿਆਂ ਦੀ ਪੁਲਸ ਅਤੇ ਸਰਕਾਰ ਵੱਲੋਂ ਨਿਗਰਾਨੀ ਰੱਖਣ ਦੀ ਲੋੜ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਕੰਪਨੀਆਂ ਵੱਲੋਂ ਇਹ ਨਸ਼ੀਲੀਆਂ ਦਵਾਈਆਂ ਕਿੰਨੀ ਮਾਤਰਾ 'ਚ ਭੇਜੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਅਸੀਂ ਪਹਿਲਾਂ ਹੀ ਕੇਂਦਰ ਸਰਕਾਰ ਨੂੰ ਕਿਹਾ ਹੋਇਆ ਹੈ ਕਿ ਫਾਰਮਾ ਕੰਪਨੀਆਂ ਦੀ ਚੈਕਿੰਗ ਦੇ ਕੰਮ 'ਚ ਡਰੱਗ ਇੰਸਪੈਕਟਰਾਂ ਦੇ ਨਾਲ-ਨਾਲ ਪੁਲਸ ਨੂੰ ਵੀ ਸ਼ਾਮਲ ਕੀਤਾ ਜਾਵੇ। ਐੱਨ. ਡੀ. ਪੀ. ਐੱਸ. ਐਕਟ 'ਚ

ਸੋਧ ਨੂੰ ਲੈ ਕੇ ਅਸੀਂ ਪਹਿਲਾਂ ਹੀ ਪ੍ਰਸਤਾਵ ਭੇਜ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਮਾਨਸਾ 'ਚ ਕੈਮਿਸਟ ਸ਼ਾਪ ਦੇ ਮਾਲਕ ਅਸ਼ਵਨੀ ਕੁਮਾਰ ਵੱਲੋਂ ਪਰਵਿੰਦਰ ਸਿੰਘ ਝੋਟਾ ਦੀ ਗੋਲ?ੀ ਮਾਰ ਕੇ ਕਤਲ ਕਰਨਾ ਇਕ ਮੰਦਭਾਗੀ ਘਟਨਾ ਸੀ। ਪੰਜਾਬ ਪੁਲਸ ਨੇ ਤੁਰੰਤ ਐੱਫ਼. ਆਈ. ਆਰ. ਦਰਜ ਕਰਕੇ ਮੁੱਖ ਦੋਸ਼ੀ ਸਮੇਤ 4 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਪਰਿਵਾਰ ਦੀ ਮੰਗ 'ਤੇ ਪੰਜਾਬ ਸਰਕਾਰ ਨੇ ਜਾਂਚ ਦੀ ਜ਼ਿੰਮੇਵਾਰੀ ਸੀ. ਬੀ. ਆਈ. ਦੇ ਹਵਾਲੇ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਕ ਹਫ਼ਤੇ ਤੋਂ ਮਾਨਸਾ 'ਚ ਅੰਦੋਲਨ ਕਰ ਰਹੇ ਲੋਕਾਂ ਨਾਲ ਪੰਜਾਬ ਸਰਕਾਰ ਦੀ ਗੱਲਬਾਤ ਜਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਨੇ ਪਿਛਲੇ ਕੁਝ ਸਮੇਂ ਦੌਰਾਨ 1288 ਅਪਰਾਧਿਕ ਮਾਡਿਊਲ ਨਸ਼ਟ ਕੀਤੇ ਹਨ ਅਤੇ 3300 ਤੋਂ ਵੱਧ ਗੈਂਗਸਟਰ ਗ੍ਰਿਫ਼ਤਾਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 16 ਮਾਰਚ 2022 ਤੋਂ ਹੁਣ ਤੱਕ ਐੱਨ. ਡੀ. ਪੀ. ਐੱਸ. ਐਕਟ ਤਹਿਤ 95,000 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ ਅਤੇ 1.27 ਲੱਖ ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਨਸ਼ਾ ਸਮੱਗਲਰਾਂ ਦੀ 902 ਕਰੋੜ ਰੁਪਏ ਦੀ ਜਾਇਦਾਦ ਫ?ਰੀਜ਼ ਕੀਤੀ ਜਾ ਚੁੱਕੀ ਹੈ। ਅਦਾਲਤਾਂ 'ਚ 90 ਫ਼ੀਸਦੀ ਲੋਕਾਂ ਨੂੰ ਦੋਸ਼ੀ ਸਾਬਤ ਹੋਣ 'ਤੇ ਸਜ਼ਾ ਦਿਵਾਉਣ ਵਾਲਾ ਸੂਬਾ ਵੀ ਪੰਜਾਬ ਹੀ ਹੈ। ਉਨ੍ਹਾਂ ਕਿਹਾ ਕਿ ਕੁੜੀਆਂ 'ਚ ਨਸ਼ਿਆਂ ਦੇ ਪਸਾਰ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾ ਰਹੇ ਹਨ। ਪੂਰੇ ਦੇਸ਼ 'ਚ ਹੋਈ ਹੈਰੋਇਨ ਦੀ ਬਰਾਮਦਗੀ 'ਚੋਂ 60 ਫ਼ੀਸਦੀ ਬਰਾਮਦਗੀ ਇਕੱਲੇ ਪੰਜਾਬ 'ਚ ਹੋਈ ਹੈ। ਪਾਕਿਸਤਾਨ 'ਚ ਬੈਠੇ ਅੱਤਵਾਦੀਆਂ ਅਤੇ ਗੈਂਗਸਟਰਾਂ ਨੂੰ ਬੇਨਕਾਬ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਏ. ਐੱਸ. ਆਈ. ਜਸਵੰਤ ਸਿੰਘ ਦੇ ਮਾਮਲੇ 'ਚ ਪੁਲਸ ਨੂੰ ਅਹਿਮ ਸੁਰਾਗ ਮਿਲ ਚੁੱਕੇ ਹਨ ਅਤੇ ਜਲਦ ਹੀ ਮਾਮਲਾ ਹੱਲ ਕਰ ਲਿਆ ਜਾਵੇਗਾ।

90% ਲੋਕ ਨਹੀਂ ਜਾਣਦੇ ਘਰ ਦੇ 'ਬ੍ਰਹਮ ਸਥਾਨ' ਦਾ ਰਾਜ਼, ਇੱਥੇ ਰੱਖੀਆਂ ਇਹ ਚੀਜ਼ਾਂ ਪਰਿਵਾਰ ਦੀ ਖ਼ੁਸ਼ਹਾਲੀ ਨੂੰ ਕਰ ਸਕਦੀਆਂ ਹਨ ਪ੍ਰਭਾਵਿਤ

ਨਵੀਂ ਦਿੱਲੀ 31 ਅਕਤੂਬਰ। ਕੀ ਤੁਸੀਂ ਜਾਣਦੇ ਹੋ ਕਿ ਵਾਸਤੂ ਸ਼ਾਸਤਰ ਅਨੁਸਾਰ ਘਰ ਦਾ ਕਿਹੜਾ ਹਿੱਸਾ ਪੂਰੇ ਘਰ ਦੀ ਊਰਜਾ ਦਾ ਕੇਂਦਰ ਮੰਨਿਆ ਜਾਂਦਾ ਹੈ? ਇਹ ਉਹ ਥਾਂ ਹੈ, ਜਿੱਥੇ ਰੱਖਿਆ ਕੋਈ ਵੀ ਸਾਮਾਨ ਘਰ ਦੀ ਊਰਜਾ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਾਂ ਵਾਸਤੂ ਦੋਸ਼ ਦਾ ਕਾਰਨ ਮੰਨਿਆ ਜਾ ਸਕਦਾ ਹੈ। ਵਾਸਤੂ ਮਾਨਤਾਵਾਂ ਅਨੁਸਾਰ, ਇਸ ਥਾਂ 'ਤੇ ਗ਼ਲਤ ਉਸਾਰੀ ਕਰਨ ਦੇ ਨਾਲ-ਨਾਲ ਹਨੇਰਾ, ਗੰਦਗੀ ਜਾਂ ਭਾਰੀ ਸਾਮਾਨ ਰੱਖਣ ਤੋਂ ਵੀ ਬਚਣਾ ਚਾਹੀਦਾ ਹੈ। ਅਸੀਂ ਗੱਲ ਕਰ ਰਹੇ ਹਾਂ ਘਰ ਦੇ 'ਬ੍ਰਹਮ ਸਥਾਨ' ਦੀ, ਜਿਸ ਨੂੰ ਘਰ ਦਾ ਕੇਂਦਰੀ ਹਿੱਸਾ ਮੰਨਿਆ ਜਾਂਦਾ ਹੈ। ਬ੍ਰਹਮ ਸਥਾਨ ਦਾ ਸਬੰਧ ਆਕਾਸ਼ ਤੱਤ ਨਾਲ ਜੋੜਿਆ ਜਾਂਦਾ ਹੈ ਅਤੇ ਇਸ ਨੂੰ ਘਰ ਵਿੱਚ ਊਰਜਾ ਦੇ ਪ੍ਰਵਾਹ ਦਾ ਮਹੱਤਵਪੂਰਨ ਕੇਂਦਰ ਮੰਨਿਆ ਜਾਂਦਾ ਹੈ। ਆਓ ਜਾਣਦੇ ਹਾਂ ਇਸ ਨਾਲ ਜੁੜੇ ਕੁਝ ਵਾਸਤੂ ਨਿਯਮਾਂ ਬਾਰੇ। ਵਾਸਤੂ ਸ਼ਾਸਤਰ ਅਨੁਸਾਰ, ਘਰ ਦੇ ਬਿਲਕੁਲ ਵਿਚਕਾਰਲੇ ਹਿੱਸੇ ਨੂੰ ਬ੍ਰਹਮ ਸਥਾਨ ਕਿਹਾ ਜਾਂਦਾ ਹੈ। ਧਾਰਮਿਕ ਮਾਨਤਾਵਾਂ ਮੁਤਾਬਕ, ਇਸ ਦਾ ਸਬੰਧ ਬ੍ਰਹਮਾ ਜੀ ਨਾਲ ਹੈ। ਇਸੇ ਕਰਕੇ ਇਸ ਥਾਂ ਨੂੰ ਸਕਾਰਾਤਮਕ ਊਰਜਾ ਅਤੇ ਘਰ ਦੇ ਊਰਜਾ ਸੰਤੁਲਨ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਘਰ ਬਣਵਾਉਂਦੇ ਸਮੇਂ ਲੋਕ ਅਕਸਰ ਦਿਸ਼ਾਵਾਂ, ਮੁੱਖ ਦਰਵਾਜ਼ੇ, ਰਸੋਈ ਅਤੇ ਬੈੱਡਰੂਮ ਦੀ ਸਥਿਤੀ ਵੱਲ ਖ਼ਾਸ ਧਿਆਨ ਦਿੰਦੇ ਹਨ, ਪਰ ਘਰ ਦੇ ਵਿਚਕਾਰਲੇ ਹਿੱਸੇ ਨੂੰ ਅਣਗੌਲਿਆ ਕਰ ਦਿੰਦੇ ਹਨ। ਵਾਸਤੂ ਦੀਆਂ ਮਾਨਤਾਵਾਂ ਅਨੁਸਾਰ, ਬ੍ਰਹਮ ਸਥਾਨ ਨੂੰ ਹਮੇਸ਼ਾ ਖੁੱਲ੍ਹਾ, ਸਾਫ਼-ਸੁਥਰਾ ਅਤੇ ਬੇਲੋੜੇ ਭਾਰੀ ਸਾਮਾਨ ਤੋਂ ਮੁਕਤ ਰੱਖਣਾ ਬਿਹਤਰ ਮੰਨਿਆ ਜਾਂਦਾ ਹੈ, ਤਾਂ ਜੋ ਘਰ ਵਿੱਚ ਊਰਜਾ ਦਾ ਪ੍ਰਵਾਹ ਸੁਚਾਰੂ ਰਹੇ। ਵਾਸਤੂ ਮਾਨਤਾਵਾਂ ਅਨੁਸਾਰ, ਬ੍ਰਹਮ ਸਥਾਨ 'ਤੇ ਭਾਰੀ ਬਕਸੇ ਜਾਂ ਹੋਰ ਵੱਡੀਆਂ ਚੀਜ਼ਾਂ ਨਹੀਂ ਰੱਖਣੀਆਂ ਚਾਹੀਦੀਆਂ। ਇਸ ਥਾਂ 'ਤੇ ਪਿੱਲਰ ਬਣਾਉਣ ਤੋਂ ਵੀ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ, ਕਿਉਂਕਿ ਮਾਨਤਾ ਹੈ ਕਿ ਇਸ ਨਾਲ ਊਰਜਾ ਦਾ ਪ੍ਰਵਾਹ ਪ੍ਰਭਾਵਿਤ ਹੋ ਸਕਦਾ ਹੈ। 2. ਗੈਸ ਚੁੱਲ੍ਹਾ ਅਤੇ ਅੱਗ ਨਾਲ ਜੁੜੀਆਂ ਚੀਜ਼ਾਂ ਘਰ ਦੇ ਬ੍ਰਹਮ ਸਥਾਨ 'ਤੇ ਗੈਸ ਚੁੱਲ੍ਹਾ, ਬਰਨਰ ਜਾਂ ਇੰਡਕਸ਼ਨ ਵਰਗੀਆਂ ਚੀਜ਼ਾਂ ਰੱਖਣ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ। ਵਾਸਤੂ ਸ਼ਾਸਤਰ ਦੀਆਂ ਮਾਨਤਾਵਾਂ ਅਨੁਸਾਰ, ਇਸ ਥਾਂ 'ਤੇ ਰਸੋਈ ਬਣਾਉਣਾ ਵੀ ਉਚਿਤ ਨਹੀਂ ਮੰਨਿਆ ਜਾਂਦਾ। ਘਰ ਦੇ ਬਿਲਕੁਲ ਵਿਚਕਾਰਲੇ ਹਿੱਸੇ ਵਿੱਚ ਪੌੜੀਆਂ ਬਣਾਉਣ ਤੋਂ ਵੀ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ। ਵਾਸਤੂ ਮਾਨਤਾਵਾਂ ਮੁਤਾਬਕ, ਇਸ ਨਾਲ ਸਕਾਰਾਤਮਕ ਊਰਜਾ ਦੇ ਪ੍ਰਵਾਹ ਵਿੱਚ ਰੁਕਾਵਟ ਆ ਸਕਦੀ ਹੈ। ਬ੍ਰਹਮ ਸਥਾਨ 'ਤੇ ਭਾਰੀ ਅਲਮਾਰੀ, ਵੱਡਾ ਸੋਫ਼ਾ ਜਾਂ ਕੂੜਾ-ਕਰਕਟ ਰੱਖਣ ਤੋਂ ਬਚਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਟੁੱਟੀਆਂ-ਭੱਜੀਆਂ ਚੀਜ਼ਾਂ ਨੂੰ ਵੀ ਇਸ ਥਾਂ 'ਤੇ ਰੱਖਣਾ ਠੀਕ ਨਹੀਂ ਮੰਨਿਆ ਜਾਂਦਾ।

ਵਾਸਤੂ ਮਾਨਤਾਵਾਂ ਅਨੁਸਾਰ, ਬ੍ਰਹਮ ਸਥਾਨ 'ਤੇ ਪਾਣੀ ਦਾ ਕੋਈ ਸਰੋਤ, ਜਿਵੇਂ ਸਜਾਵਟੀ ਝਰਨਾ ਜਾਂ ਪਾਣੀ ਨਾਲ ਜੁੜੀ ਹੋਰ ਚੀਜ਼ ਰੱਖਣ ਤੋਂ ਵੀ ਬਚਣਾ ਚਾਹੀਦਾ ਹੈ। ਵਾਸਤੂ ਸ਼ਾਸਤਰ ਵਿੱਚ ਬ੍ਰਹਮ ਸਥਾਨ ਨੂੰ ਘਰ ਦਾ ਕੇਂਦਰੀ ਅਤੇ ਮਹੱਤਵਪੂਰਨ ਹਿੱਸਾ ਮੰਨਿਆ ਜਾਂਦਾ ਹੈ। ਇਸ ਦਾ ਸਬੰਧ ਆਕਾਸ਼ ਤੱਤ ਨਾਲ ਜੋੜਿਆ ਜਾਂਦਾ ਹੈ। ਇਸ ਲਈ ਇਸ ਥਾਂ ਨੂੰ ਜਿੰਨਾ ਸੰਭਵ ਹੋ ਸਕੇ, ਖੁੱਲ੍ਹਾ ਅਤੇ ਸਾਫ਼ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਵਾਸਤੂ ਦੇ ਸਿਧਾਂਤਾਂ ਅਨੁਸਾਰ, ਘਰ ਦੇ ਵਿਚਕਾਰਲੇ ਹਿੱਸੇ ਵਿੱਚ ਬੇਲੋੜੀਆਂ ਰੁਕਾਵਟਾਂ ਅਤੇ ਭਾਰੀ ਸਾਮਾਨ ਰੱਖਣ ਤੋਂ ਬਚਣਾ ਚਾਹੀਦਾ ਹੈ। ਮਾਨਤਾ ਹੈ ਕਿ ਬ੍ਰਹਮ ਸਥਾਨ ਨੂੰ ਵਾਸਤੂ ਦੇ ਅਨੁਕੂਲ ਰੱਖਣ ਨਾਲ ਘਰ ਵਿੱਚ ਰਹਿਣ ਵਾਲਿਆਂ ਦਾ ਮਨ ਸ਼ਾਂਤ ਰਹਿੰਦਾ ਹੈ ਅਤੇ ਸਿਹਤ 'ਤੇ ਵੀ ਚੰਗਾ ਪ੍ਰਭਾਵ ਪੈਂਦਾ ਹੈ। ਜੇਕਰ ਤੁਸੀਂ ਵੀ ਵਾਸਤੂ ਦੀਆਂ ਮਾਨਤਾਵਾਂ ਦੀ ਪਾਲਣਾ ਕਰਦੇ ਹੋ, ਤਾਂ ਘਰ ਦੇ ਵਿਚਕਾਰਲੇ ਹਿੱਸੇ ਨੂੰ ਸਾਫ਼-ਸੁਥਰਾ ਅਤੇ ਬੇਲੋੜੇ ਸਾਮਾਨ ਤੋਂ ਮੁਕਤ ਰੱਖ ਸਕਦੇ ਹੋ। ਇਸ ਲੇਖ ਵਿੱਚ ਦਿੱਤੇ ਗਏ ਉਪਾਅ, ਲਾਭ, ਸਲਾਹ ਅਤੇ ਵਿਚਾਰ ਸਿਰਫ਼ ਆਮ ਜਾਣਕਾਰੀ ਲਈ ਹਨ। ਇਸ ਵਿੱਚ ਦਿੱਤੀ ਜਾਣਕਾਰੀ ਵੱਖ-ਵੱਖ ਸਰੋਤਾਂ, ਜੋਤਸ਼ੀਆਂ, ਪੰਚਾਂਗਾਂ, ਪ੍ਰਵਚਨਾਂ, ਧਾਰਮਿਕ ਮਾਨਤਾਵਾਂ, ਗ੍ਰੰਥਾਂ ਅਤੇ ਲੋਕ-ਕਥਾਵਾਂ ਤੋਂ ਇਕੱਠੀ ਕੀਤੀ ਗਈ ਹੈ। ਪਾਠਕਾਂ ਨੂੰ ਬੇਨਤੀ ਹੈ ਕਿ ਇਸ ਜਾਣਕਾਰੀ ਨੂੰ ਅੰਤਿਮ ਸੱਚ ਜਾਂ ਪੱਕਾ ਦਾਅਵਾ ਨਾ ਮੰਨਣ ਅਤੇ ਆਪਣੇ ਵਿਵੇਕ ਦੀ ਵਰਤੋਂ ਕਰਨ। ਦੈਨਿਕ ਜਾਗਰਣ ਇਸ ਲੇਖ ਵਿੱਚ ਦਿੱਤੀਆਂ ਗੱਲਾਂ ਦਾ ਸਮਰਥਨ ਨਹੀਂ ਕਰਦਾ ਅਤੇ ਅੰਧਵਿਸ਼ਵਾਸ ਦੇ ਵਿਰੁੱਧ ਹੈ।

ਗ੍ਰਹਿ ਮੰਤਰੀ ਨੂੰ ਪੰਜਾਬ ਦੇ ਹਾਲਾਤ ਦੀ ਹੀ ਜਾਣਕਾਰੀ ਨਹੀਂ, ਹਮੇਸ਼ਾ ਪੰਜਾਬ ਵਿਰੋਧੀ ਫ਼ੈਸਲੇ ਲਏ : ਪਰਗਟ ਸਿੰਘ

ਕੌਮੀ ਪਤ੍ਰਿਕਾ

ਚੰਡੀਗੜ੍ਹ 31 ਅਕਤੂਬਰ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਰਦਾਰ ਪਰਗਟ ਸਿੰਘ ਨੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਨੂੰ ਮਹਿਜ਼ 9 ਮਿੰਟ ਵਿੱਚ ਖ਼ਤਮ ਕੀਤੇ ਜਾਣ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਪਰਮਿੰਦਰ ਸਿੰਘ ਝੋਟਾ ਕਤਲ ਕਾਂਡ ਸਮੇਤ ਪੰਜਾਬ ਦੇ ਅਹਿਮ ਮੁੱਦਿਆਂ 'ਤੇ ਜਵਾਬ ਦੇਣ ਦੀ ਬਜਾਏ ਸਰਕਾਰ ਸਦਨ ਵਿੱਚੋਂ ਭੱਜਦੀ ਨਜ਼ਰ ਆਈ। ਉਨ੍ਹਾਂ ਸੂਬੇ ਵਿੱਚ ਵਿਗੜ ਰਹੇ ਪ੍ਰਬੰਧਾਂ ਅਤੇ ਸਰਕਾਰ ਦੀ ਨਾਕਾਮੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ। ਸਰਦਾਰ ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਕਿਤੇ ਵੀ ਨਜ਼ਰ ਨਹੀਂ ਆ ਰਹੀ। ਸਰਕਾਰੀ ਮੁਲਾਜ਼ਮਾਂ, ਕੰਪਿਊਟਰ ਅਧਿਆਪਕਾਂ, 5"" ਅਤੇ ਪੀਆਰਟੀਸੀ ਮੁਲਾਜ਼ਮਾਂ ਸਮੇਤ ਹਰ ਵਰਗ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ, ਪਰ ਸਰਕਾਰ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਉਨ੍ਹਾਂ ਤੋਂ ਬਚਣ ਦੇ ਰਾਹ ਲੱਭ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਰਕਾਰ ਚਲਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ, ਪਰ ਅੱਜ ਸੂਬੇ ਵਿੱਚ ਪ੍ਰਸ਼ਾਸਨਿਕ ਬਦਇੰਤਜ਼ਾਮੀ ਅਤੇ ਜਵਾਬਦੇਹੀ ਦੀ ਘਾਟ ਸਾਫ਼ ਦਿਖਾਈ ਦੇ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਸਰਕਾਰ ਨੂੰ ਦਿੱਲੀ ਤੋਂ ਚਲਾਉਣ ਵਾਲੇ ਲੋਕ ਹੁਣ ਸਿਆਸੀ ਤੌਰ 'ਤੇ ਪਿੱਛੇ ਹਟ ਗਏ ਹਨ, ਪਰ ਉਹ ਪੰਜਾਬ ਨੂੰ ਹੋਏ ਨੁਕਸਾਨ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ। ਸਰਦਾਰ ਪਰਗਟ ਸਿੰਘ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਲੋਕਾਂ ਨਾਲ ਬੇਇਨਸਾਫ਼ੀ ਕਰਨ ਵਾਲਿਆਂ ਦੀ

ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਦੀ ਗਿਣਤੀ ਲਗਭਗ 125 ਤੋਂ 150 ਤੱਕ ਹੋ ਸਕਦੀ ਹੈ ਅਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਸ਼ਰਧਾਂਜਲੀ ਸੂਚੀ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਮਿੰਦਰ ਸਿੰਘ ਝੋਟਾ ਅਤੇ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਮਨਰੇਗਾ ਮਜ਼ਦੂਰਾਂ ਦੇ ਨਾਂ ਸ਼ਾਮਲ ਨਾ ਕੀਤੇ ਜਾਣ 'ਤੇ ਵੀ ਸਰਦਾਰ ਪਰਗਟ ਸਿੰਘ ਨੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤ ਸਮੇਤ ਅੱਠ ਲੋਕਾਂ ਦੇ ਹਾਦਸੇ ਵਿੱਚ ਜ਼ਖ਼ਮੀ ਹੋਣ ਦੇ ਮਾਮਲੇ ਨੂੰ ਵੀ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਸੀ। ਸੰਘਰਸ਼ ਕਰਨ ਵਾਲੇ ਲੋਕਾਂ ਅਤੇ ਦੂਜਿਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨੂੰ ਸ਼ਰਧਾਂਜਲੀ ਸੂਚੀ ਵਿੱਚੋਂ ਬਾਹਰ ਰੱਖਣਾ ਸਰਕਾਰ ਦੀ ਸੰਵੇਦਨਹੀਣਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਸ਼ਰਧਾਂਜਲੀ ਸੂਚੀ ਤਿਆਰ ਕੀਤੀ ਜਾ ਰਹੀ ਸੀ, ਤਾਂ ਵਿਧਾਨ ਸਭਾ ਦੇ ਸਪੀਕਰ ਦੀ ਕੀ ਭੂਮਿਕਾ ਸੀ? ਉਹ ਕਿੱਥੇ ਸਨ, ਕੀ ਉਹ ਸੁੱਤੇ ਪਏ ਸਨ? ਉਨ੍ਹਾਂ ਕਿਹਾ ਕਿ ਅਜਿਹੇ ਗੰਭੀਰ ਮਾਮਲਿਆਂ ਵਿੱਚ ਹੋਈ ਲਾਪਰਵਾਹੀ ਲਈ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ ਅਤੇ ਸੂਚੀ ਵਿੱਚੋਂ ਰਹਿ ਗਏ ਲੋਕਾਂ ਨੂੰ ਬਣਦਾ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਪਰਮਿੰਦਰ ਸਿੰਘ ਝੋਟਾ ਨਾਲ ਜੁੜੇ ਮਾਮਲੇ ਦਾ ਜ਼ਿਕਰ ਕਰਦਿਆਂ ਸਰਦਾਰ ਪਰਗਟ ਸਿੰਘ ਨੇ ਕਿਹਾ ਕਿ ਸਾਲ 2023 ਵਿੱਚ ਸਿਗਨੇਚਰ ਕੈਪਸੂਲਾਂ ਨੂੰ ਫੜਿਆ ਗਿਆ ਸੀ। ਇਸ ਦੇ ਬਾਵਜੂਦ ਪਿਛਲੇ ਪੰਜ ਸਾਲਾਂ ਤੋਂ ਇਨ੍ਹਾਂ ਕੈਪਸੂਲਾਂ ਦੇ ਨਾਂ ਬਦਲ ਕੇ ਵਿਕਰੀ ਕੀਤੇ ਜਾਣ ਦੇ ਦੋਸ਼ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਝੋਟਾ ਦੇ ਕਤਲ ਵਾਲੇ ਦਿਨ ਛੇ ਦੁਕਾਨਾਂ ਵਿਰੁੱਧ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਬੰਦ ਕੀਤਾ ਗਿਆ ਸੀ। ਉਨ੍ਹਾਂ ਇਸ ਮਾਮਲੇ ਲਈ ਸਿਹਤ ਮੰਤਰੀ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਮੁਲਜ਼ਮ ਵਿਰੁੱਧ ਪੰਜ ਗੰਭੀਰ ਅਪਰਾਧਿਕ ਮਾਮਲੇ ਹੋਣ ਦੇ ਬਾਵਜੂਦ ਉਸ ਨੂੰ ਹਥਿਆਰ ਦਾ ਲਾਇਸੈਂਸ ਜਾਰੀ ਕੀਤਾ ਗਿਆ, ਜੋ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਪੁੱਛਿਆ ਕਿ ਐੱਫਆਈਆਰ ਦਰਜ ਹੋਣ ਤੋਂ ਬਾਅਦ ਵੀ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਕਿਵੇਂ ਅੱਗੇ ਵਧੀ ਅਤੇ ਇਸ ਵਿੱਚ ਸਬੰਧਤ ਅਧਿਕਾਰੀਆਂ ਦੀ ਕੀ ਭੂਮਿਕਾ ਰਹੀ। ਪਰਗਟ ਸਿੰਘ ਨੇ ਮੰਗ ਕੀਤੀ ਕਿ ਮਾਮਲੇ ਵਿੱਚ ਸਾਹਮਣੇ ਆਈਆਂ ਕਥਿਤ ਪ੍ਰਸ਼ਾਸਨਿਕ ਬੇਨਿਯਮੀਆਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੰਜਾਬ ਦੌਰੇ 'ਤੇ ਪ੍ਰਤੀਕਿਰਿਆ ਦਿੰਦਿਆਂ ਸਰਦਾਰ ਪਰਗਟ ਸਿੰਘ ਨੇ ਕਿਹਾ ਕਿ ਉਹ ਗ੍ਰਹਿ ਮੰਤਰੀ ਵਜੋਂ ਅਮਿਤ ਸ਼ਾਹ ਦਾ ਸਵਾਗਤ ਕਰਦੇ ਹਨ, ਪਰ ਸਿਰਫ਼ ਪੰਜਾਬ ਦੇ ਦੌਰੇ ਅਤੇ ਸਿਆਸੀ ਬਿਆਨਬਾਜ਼ੀ ਨਾਲ ਸੂਬੇ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋਵੇਗਾ। ਕੇਂਦਰ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ ਅਤੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਹੁਣ ਤੱਕ ਕਿਹੜੇ ਠੋਸ ਕਦਮ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਪਰਮਿੰਦਰ ਸਿੰਘ ਝੋਟਾ ਮਾਮਲੇ ਵਿੱਚ ਸੀਬੀਆਈ ਜਾਂਚ ਦੀ ਮੰਗ ਉੱਠੀ ਹੈ, ਤਾਂ ਕੇਂਦਰ ਸਰਕਾਰ ਨੂੰ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਢੁੱਕਵੀਂ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਭਾਜਪਾ ਦੀਆਂ ਨੀਤੀਆਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਦੇ ਹਿੱਤਾਂ ਨਾਲ ਜੁੜੇ ਮਾਮਲਿਆਂ ਵਿੱਚ ਕੇਂਦਰ ਸਰਕਾਰ ਦੀ ਭੂਮਿਕਾ ਅਤੇ ਜਵਾਬਦੇਹੀ ਸਪੱਸ਼ਟ ਹੋਣੀ ਚਾਹੀਦੀ ਹੈ।